ਸ਼ਨੀਵਾਰ, 11 ਫਰਵਰੀ, 2023
29 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 252

# ਨਵਾਂ ਜ਼ਮਾਨਾ

DAILY NAWAN ZAMANA • SATURDAY, 11 FEBRUARY, 2023 ਜਲੰਧਰ

YouTube nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਭਾਰਤੀ ਸੰਸਥਾਵਾਂ ਦੀ ਡਿਗਦੀ ਸਾਖ ਵੱਲ ਧਿਆਨ ਦੇਣ 'ਤੇ ਜ਼ੋਰ

**ਵਾਸ਼ਿੰਗਟਨ** : ਸੈਨੇਟ ਦੀ ਵਿਦੇਸ਼ੀ ਮਾਮਲਿਆਂ ਨਾਲ ਸੰਬੰਧਤ ਡੈਮੋਕ੍ਰੇਟਿਕ ਪਾਰਟੀ ਦੀ ਕਮੇਟੀ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੂੰ ਰੂਸ ਨਾਲ ਭਾਰਤ ਦੇ ਸੰਬੰਧਾਂ ਅਤੇ ਉਸ ਦੀਆਂ ਜਮਹੂਰੀ ਕਦਰਾਂ-ਕੀਮਤਾਂ ਤੇ ਸੰਸਥਾਵਾਂ ਦੀ ਡਿੱਗ ਰਹੀ ਸਾਖ ਵੱਲ ਧਿਆਨ ਦੇਣ ਦੀ ਲੋੜ ਹੈ, ਖਾਸ ਕਰਕੇ ਜਦੋਂ ਅਮਰੀਕਾ ਇੰਡੋ-ਪੈਸੀਫਿਕ ਅਤੇ ਕਵਾਡ 'ਤੇ ਧਿਆਨ ਕੇਂਦਰਤ ਕਰ ਰਿਹਾ ਹੈ। ਰਿਪੋਰਟ 'ਚ ਮਜ਼ਬੂਤ ਅਤੇ ਲੋਕਤੰਤਰੀ ਭਾਰਤ ਦਾ ਸਮਰਥਨ ਕਰਨ ਦਾ ਸੱਦਾ ਦਿੱਤਾ ਗਿਆ ਹੈ।

## ਪਾਕਿਸਤਾਨੀ ਡਰੋਨ ਵੱਲੋਂ ਸੁੱਟੀ ਹੈਰੋਇਨ ਤੇ ਹਥਿਆਰ ਬਰਾਮਦ

**ਨਵੀਂ ਦਿੱਲੀ** : ਪੰਜਾਬ 'ਚ ਕੌਮਾਂਤਰੀ ਸਰਹੱਦ 'ਤੇ ਬੀ ਐੱਸ ਐੱਫ ਦੇ ਜਵਾਨਾਂ ਨੇ ਵੀਰਵਾਰ-ਸ਼ੁੱਕਰਵਾਰ ਦੀ ਦਰਮਿਆਨੀ ਰਾਤ ਪਾਕਿਸਤਾਨੀ ਡਰੋਨਾਂ ਰਾਹੀਂ ਸੁੱਟੇ ਹਥਿਆਰ ਅਤੇ ਹੈਰੋਇਨ ਬਰਾਮਦ ਕੀਤੀ। ਫਿਰੋਜ਼ਪੁਰ ਸੈਕਟਰ 'ਚ ਸਰਹੱਦੀ ਚੌਕੀ ਐੱਮ ਡਬਲਿਊ ਨਾਰਥ ਦੇ ਖੇਤਰ 'ਚ ਜਵਾਨਾਂ ਨੇ ਡਰੋਨ 'ਤੇ ਗੋਲੀਬਾਰੀ ਕੀਤੀ। ਬਾਅਦ 'ਚ ਇਲਾਕੇ 'ਚ ਤਲਾਸ਼ੀ ਮੁਹਿੰਮ ਦੌਰਾਨ ਕਰੀਬ ਤਿੰਨ ਕਿਲੋ ਹੈਰੋਇਨ, ਚੀਨੀ ਪਿਸਤੌਲ, ਪੰਜ ਕਾਰਤੂਸ ਅਤੇ ਇੱਕ ਮੈਗਜ਼ੀਨ ਬਰਾਮਦ ਕੀਤਾ। ਡਰੋਨ ਨਹੀਂ ਮਿਲਿਆ।

## ਟੈੱਸਟ ਰਿਪੋਰਟ ਦੀ ਸ਼ਰਤ ਖਤਮ

**ਨਵੀਂ ਦਿੱਲੀ** : ਚੀਨ, ਹਾਂਗਕਾਂਗ, ਜਾਪਾਨ, ਦੱਖਣੀ ਕੋਰੀਆ, ਸਿੰਗਾਪੁਰ ਅਤੇ ਥਾਈਲੈਂਡ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਨੂੰ ਹੁਣ 13 ਫਰਵਰੀ ਤੋਂ 'ਏਅਰ ਸੁਵਿਧਾ' ਪੋਰਟਲ 'ਤੇ ਪ੍ਰੀ-ਡਿਪਾਰਚਰ ਕੋਵਿਡ ਟੈੱਸਟ ਰਿਪੋਰਟ ਅਤੇ ਸਵੈ-ਸਿਹਤ ਘੋਸ਼ਣਾ ਪੱਤਰ ਅਪਲੋਡ ਕਰਨ ਦੀ ਲੋੜ ਨਹੀਂ ਹੋਵੇਗੀ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਨੇ ਕਿਹਾ ਕਿ ਸਰਕਾਰ ਨੇ ਇਹ ਫੈਸਲਾ ਇਸ ਕਰਕੇ ਲਿਆ ਹੈ ਕਿ ਇਨ੍ਹਾਂ ਦੇਸ਼ਾਂ 'ਚ ਪਿਛਲੇ ਚਾਰ ਹਫਤਿਆਂ 'ਚ ਕੋਵਿਡ-19 ਦੇ ਮਾਮਲਿਆਂ 'ਚ ਲਗਾਤਾਰ ਕਮੀ ਦੇਖਣ ਨੂੰ ਮਿਲ ਰਹੀ ਹੈ।

## ਯਾਹੂ 1600 ਮੁਲਾਜ਼ਮ ਕੱਢੇਗਾ

**ਸਾਨ ਫਰਾਂਸਿਸਕੋ** : ਯਾਹੂ ਆਪਣੇ 20 ਫੀਸਦੀ (1600) ਮੁਲਾਜ਼ਮਾਂ ਦੀ ਛਾਂਟੀ ਕਰ ਰਿਹਾ ਹੈ। ਯਾਹੂ ਦੇ ਸੀ ਈ ਓ ਜਿਮ ਲੈਨਜ਼ੋਨ ਨੇ ਕਿਹਾ ਕਿ ਸ਼ੁੱਕਰਵਾਰ 12 ਫੀਸਦੀ ਮੁਲਾਜ਼ਮਾਂ (1000) ਨੂੰ ਛਾਂਗ ਦਿੱਤਾ ਜਾਵੇਗਾ। ਅਗਲੇ ਛੇ ਮਹੀਨਿਆਂ 'ਚ ਹੋਰ 8 ਫੀਸਦੀ (600) ਮੁਲਾਜ਼ਮਾਂ ਨੂੰ ਕੱਢ ਦਿਤਾ ਜਾਵੇਗਾ।

## ਚੂਹੇ ਵਿਸਰਾ ਛਕ ਗਏ

**ਇੰਦੌਰ** : ਇੱਥੋਂ ਦੇ ਵਿਜੈ ਨਗਰ ਥਾਣੇ ਦੇ ਮਾਲਖਾਨਾ ਵਿਚ ਚੂਹਿਆਂ ਵੱਲੋਂ ਵਿਸਰਾ ਖਾਣ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਵਿਸਰਾ ਮ੍ਰਿਤਕ ਵਿਅਕਤੀ ਦੇ ਸਰੀਰ ਦੇ ਅੰਦਰੂਨੀ ਹਿੱਸੇ ਹੁੰਦੇ ਹਨ, ਜਿਨ੍ਹਾਂ ਨੂੰ ਪੁਲਸ ਵੱਲੋਂ ਕਤਲ ਜਾਂ ਗੈਰ-ਕੁਦਰਤੀ ਮੌਤ ਦੇ ਮਾਮਲਿਆਂ ਦੀ ਜਾਂਚ ਲਈ ਪੋਸਟ-ਮਾਰਟਮ ਮਗਰੋਂ ਸੁੱਰਖਿਅਤ ਰੱਖਿਆ ਜਾਂਦਾ ਹੈ।

## ਉੱਤਰ ਪ੍ਰਦੇਸ਼ 'ਬਿਮਾਰੂ' ਰਾਜ ਨਹੀਂ ਰਿਹਾ : ਮੋਦੀ

**ਲਖਨਊ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਕਿਹਾ ਕਿ ਉੱਤਰ ਪ੍ਰਦੇਸ਼, ਜੋ ਪਹਿਲਾਂ 'ਬਿਮਾਰੂ' ਰਾਜ ਵਜੋਂ ਜਾਣਿਆ ਜਾਂਦਾ ਸੀ, ਹੁਣ ਚੰਗੇ ਸ਼ਾਸਨ ਲਈ ਜਾਣਿਆ ਜਾਂਦਾ ਹੈ। ਮਾੜੀ ਆਰਥਕ ਕਾਰਗੁਜ਼ਾਰੀ ਵਾਲੇ ਰਾਜਾਂ ਨੂੰ 'ਬਿਮਾਰੂ' ਕਿਹਾ ਜਾਂਦਾ ਹੈ। 'ਬਿਮਾਰੂ' ਸ਼ਬਦ ਚਾਰ ਰਾਜਾਂ ਬਿਹਾਰ, ਮੱਧ ਪ੍ਰਦੇਸ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੇ ਅੰਗਰੇਜ਼ੀ ਦੇ ਪਹਿਲੇ ਅੱਖਰਾਂ ਤੋਂ ਬਣਿਆ ਹੈ। 'ਉੱਤਰ ਪ੍ਰਦੇਸ਼ ਗਲੋਬਲ ਇਨਵੈੱਸਟਰਸ ਸਮਿਟ 2023' ਦਾ ਉਦਘਾਟਨ ਕਰਨ ਤੋਂ ਬਾਅਦ ਮੋਦੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਅੱਜ ਉਮੀਦ ਬਣ ਗਿਆ ਹੈ।

## ਤਿੰਨ ਉਪਗ੍ਰਹਿ ਛੱਡੇ

**ਸ੍ਰੀ ਹਰੀਕੋਟਾ (ਆਂਧਰਾ)** : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਛੋਟੇ ਸੈਟੇਲਾਈਟ ਲਾਂਚ ਵਹੀਕਲ ਐੱਲ ਵੀ ਡੀ-2 ਨੇ ਸ਼ੁੱਕਰਵਾਰ ਇੱਥੋਂ ਉਡਾਣ ਭਰੀ ਤੇ ਈ ਓ ਐੱਸ-07 ਉਪਗ੍ਰਹਿ ਅਤੇ ਦੋ ਹੋਰ ਉਪਗ੍ਰਹਿਆਂ ਨੂੰ ਆਪਣੇ ਪੰਧ 'ਤੇ ਪਾ ਦਿੱਤਾ। ਆਪਣੀ ਦੂਜੀ ਵਿਕਾਸ ਉਡਾਣ 'ਚ ਐੱਲ ਵੀ ਡੀ-2 ਨੇ ਧਰਤੀ ਨਿਰੀਖਣ ਉਪਗ੍ਰਹਿ ਈ ਓ ਐੱਸ-07 ਅਤੇ ਦੋ ਹੋਰ ਉਪਗ੍ਰਹਿ ਅਮਰੀਕਾ ਦੇ ਅੰਟਾਰਿਸ ਵੱਲੋਂ ਤਿਆਰ ਜੈਨੁਸ-1 ਅਤੇ ਚੇਨਈ ਅਧਾਰਤ ਸਪੇਸ ਕਿਡਜ਼ ਇੰਡੀਆ ਵੱਲੋਂ ਅਜ਼ਾਦੀਸੈੱਟ-2 ਨੂੰ ਲਿਜਾਇਆ ਗਿਆ। ਇਹ ਇਸਰੋ ਦਾ ਇਸ ਸਾਲ ਦਾ ਪਹਿਲਾ ਮਿਸ਼ਨ ਹੈ।

## ਪੱਤਰਕਾਰਾਂ ਦੀ ਲੋੜ

'ਨਵਾਂ ਜ਼ਮਾਨਾ' ਨੂੰ ਮੋਗਾ ਜ਼ਿਲ੍ਹੇ ਲਈ ਹੇਠ ਲਿਖੇ ਸਟੇਸ਼ਨਾਂ ਲਈ ਸੂਝਵਾਨ ਤੇ ਤਜਰਬੇਕਾਰ ਪੱਤਰਕਾਰਾਂ ਦੀ ਲੋੜ ਹੈ।

ਨਿਹਾਲ ਸਿੰਘ ਵਾਲਾ, ਫਤਿਹਗੜ੍ਹ ਪੰਜਤੂਰ, ਸਮਰਾਲਾ, ਬੱਧਨੀ ਕਲਾਂ, ਨੱਥੂਵਾਲਾ ਗਰਬੀ, ਢੁੱਡੀ ਕੇ, ਬਿਲਾਸਪੁਰ, ਸਮਾਧਭਾਈ, ਬਰਗਾੜੀ। ਚਾਹਵਾਨ ਸੱਜਣ ਕੰਮ ਵਾਲੇ ਦਿਨ 10.30 ਤੋਂ 5 ਵਜੇ ਤੱਕ 0181-5097300 'ਤੇ ਸੰਪਰਕ ਕਰਨ।

-ਮੈਨੇਜਰ

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ।

-ਮੈਨੇਜਰ

# ਕਿਰਕਿਰੀ ਹੋਣ 'ਤੇ 'ਕਾਓ ਹਗ ਡੇ' ਮਨਾਉਣ ਦੀ ਅਪੀਲ ਵਾਪਸ



**ਨਵੀਂ ਦਿੱਲੀ** : ਐਨੀਮਲ ਵੈੱਲਫੇਅਰ ਬੋਰਡ ਆਫ ਇੰਡੀਆ ਨੇ 14 ਫਰਵਰੀ ਨੂੰ 'ਕਾਓ ਹਗ ਡੇ' ਮਨਾਉਣ ਦਾ ਫੈਸਲਾ ਵਾਪਸ ਲੈ ਲਿਆ ਹੈ। ਹਾਲਾਂਕਿ ਬੋਰਡ ਨੇ ਕਿਹਾ ਹੈ ਕਿ ਗਾਂ ਨੂੰ ਗਲੇ ਲਾਉਣ ਦੇ ਫਾਇਦੇ ਹਨ। ਦਰਅਸਲ 14 ਫਰਵਰੀ ਵੈਲੇਨਟਾਈਨ ਡੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਨੂੰ ਕਾਓ ਹਗ ਡੇ ਐਲਾਨਣ ਦੇ ਬਾਅਦ ਸੋਸ਼ਲ ਮੀਡੀਆ 'ਤੇ ਨਾਰਾਜ਼ਗੀ ਜਤਾਈ ਅਤੇ ਸੈਂਕੜੇ ਮੀਮ ਤੇ ਜੋਕ ਵੀ ਬਣਾਏ।

ਬੋਰਡ ਨੇ 6 ਫਰਵਰੀ ਨੂੰ ਜਾਰੀ ਕੀਤੀ ਅਪੀਲ ਵਿਚ ਕਿਹਾ ਸੀ ਕਿ ਸਭ ਜਾਣਦੇ ਹਨ ਕਿ ਗਾਂ ਭਾਰਤੀ ਸੰਸਕ੍ਰਿਤੀ, ਸਾਡੀ ਜ਼ਿੰਦਗੀ ਤੇ ਪੇਂਡੂ ਅਰਥ ਵਿਵਸਥਾ ਦੀ ਰੀੜ੍ਹ ਹੈ। ਅਸੀਂ ਗਾਂ ਨੂੰ ਮਾਂ ਮੰਨਦਿਆਂ ਕਾਮਧੇਨੂੰ ਤੇ ਗਊਮਾਤਾ ਵੀ ਕਹਿੰਦੇ ਹਾਂ। ਪੱਛਮੀ ਕਲਚਰ ਤੇ ਚਕਾਚੌਂਧ ਕਾਰਨ ਵੈਦਿਕ ਪਰੰਪਰਾਵਾਂ ਲਗਭਗ ਖਤਮ ਹੋਣ ਕੰਢੇ ਹਨ। ਗਾਂ ਦੇ ਫਾਇਦਿਆਂ ਨੂੰ ਦੇਖਦਿਆਂ ਉਸ ਨੂੰ ਗਲੇ ਲਾਉਣ ਨਾਲ ਖੁਸ਼ੀ ਮਿਲੇਗੀ। ਭਾਰਤੀ ਸੰਸਕ੍ਰਿਤੀ ਨੂੰ ਬੜ੍ਹਾਵਾ ਮਿਲੇਗਾ ਤੇ ਜ਼ਿੰਦਗੀ ਵਿਚ ਰਚਨਾਤਮਿਕਤਾ ਆਏਗੀ। ਇਹ ਅਪੀਲ ਪਸ਼ੂ-ਪਾਲਣ ਮੰਤਰਾਲੇ ਦੇ ਨਿਰਦੇਸ਼ 'ਤੇ ਜਾਰੀ ਕੀਤੀ ਗਈ ਸੀ।

ਭਾਰਤੀ ਪਸ਼ੂ ਕਲਿਆਣ ਬੋਰਡ ਭਾਰਤ ਸਰਕਾਰ ਦਾ ਅਦਾਰਾ ਹੈ, ਜਿਸ ਨੂੰ ਪਸ਼ੂਆਂ 'ਤੇ ਜ਼ੁਲਮ ਰੋਕਣ ਦੇ ਕਾਨੂੰਨ ਤਹਿਤ ਕਾਇਮ ਕੀਤਾ ਗਿਆ ਸੀ। ਇਹ ਕੇਂਦਰ ਤੇ ਰਾਜ ਸਰਕਾਰਾਂ ਨੂੰ ਦੱਸਦਾ ਹੈ ਕਿ ਪਸ਼ੂਆਂ ਦਾ ਭਲਾ ਕਿਵੇਂ ਹੋ ਸਕਦਾ ਹੈ।

14 ਫਰਵਰੀ ਨੂੰ ਦੁਨੀਆ-ਭਰ ਵਿਚ ਵੈਲੇਨਟਾਈਨ ਡੇ ਮਨਾਇਆ ਜਾਂਦਾ ਹੈ। ਇਸ ਦਿਨ ਪ੍ਰੇਮੀ ਇਕ-ਦੂਜੇ ਪ੍ਰਤੀ ਪ੍ਰੇਮ ਦਾ ਇਜ਼ਹਾਰ ਕਰਦੇ ਹਨ। ਵੈਲੇਨਟਾਈਨ ਡੇ ਤੋਂ ਪਹਿਲਾਂ ਵੀ ਕਈ ਅਜਿਹੇ ਸਪੈਸ਼ਲ ਡੇ ਆਉਂਦੇ ਹਨ, ਜਿਨ੍ਹਾਂ ਨੂੰ ਲੋਕ ਸੈਲੀਬ੍ਰੇਟ ਕਰਦੇ ਹਨ। ਇਨ੍ਹਾਂ ਸਾਰੇ ਦਿਨਾਂ ਨੂੰ ਮਿਲਾ ਕੇ ਵੈਲੇਨਟਾਈਨ ਡੇ ਵੀਕ ਕਿਹਾ ਜਾਂਦਾ ਹੈ। ਇਹ 7 ਫਰਵਰੀ ਤੋਂ 14 ਫਰਵਰੀ ਤੱਕ ਮਨਾਇਆ ਜਾਂਦਾ ਹੈ।

## ਅਯਾ



ਤੁਰਕੀ-ਸੀਰੀਆ 'ਚ ਆਏ ਭੁਚਾਲ ਕਾਰਨ ਦੋਵਾਂ ਦੇਸ਼ਾਂ 'ਚ ਹਰ ਪਾਸੇ ਦਰਦ, ਮਾਤਮ ਛਾਇਆ ਹੈ। ਦੋਵਾਂ ਦੇਸ਼ਾਂ 'ਚ ਤੇਜ਼ੀ ਨਾਲ ਰਾਹਤ ਅਤੇ ਬਚਾਅ ਕੰਮ ਚੱਲ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਮਰਨ ਵਾਲਿਆਂ ਦਾ ਅੰਕੜਾ ਹੋਰ ਵਧ ਸਕਦਾ ਹੈ।

ਸੀਰੀਆ ਦੇ ਉਤਰ-ਪੱਛਮੀ ਇਲਾਕੇ 'ਚ ਭੁਚਾਲ ਨਾਲ ਡਿੱਗੀ ਇੱਕ ਇਮਾਰਤ ਦੇ ਮਲਬੇ 'ਚ ਜਨਮ ਲੈਣ ਵਾਲੀ ਇੱਕ ਬੱਚੀ ਨੂੰ ਗੋਦ ਲੈਣ ਲਈ ਹਜ਼ਾਰਾਂ ਲੋਕ ਅੱਗੇ ਆਏ। ਜਦ ਇਸ ਬੱਚੀ ਨੂੰ ਮਲਬੇ 'ਚੋਂ ਬਾਹਰ ਕੱਢਿਆ ਗਿਆ ਸੀ, ਉਸ ਸਮੇਂ ਉਹ ਗਰਭ ਨਾੜ (ਨਾੜੂਆ) ਦੇ ਜ਼ਰੀਏ ਆਪਣੀ ਮਾਂ ਦੇ ਨਾਲ ਜੁੜੀ ਹੋਈ ਸੀ। ਮਲਬੇ 'ਚ ਜਨਮ ਲੈਣ ਵਾਲੀ ਇਸ ਬੱਚੀ ਦਾ ਨਾਂਅ ਅਯਾ ਰੱਖਿਆ ਗਿਆ ਹੈ। ਅਰਬੀ ਭਾਸ਼ਾ 'ਚ ਅਯਾ ਸ਼ਬਦ ਦਾ ਮਤਲਬ ਕ੍ਰਿਸ਼ਮਾ ਹੁੰਦਾ ਹੈ। ਭੁਚਾਲ 'ਚ ਅਯਾ ਦੀ ਮਾਂ, ਪਿਤਾ ਅਤੇ ਚਾਰ ਭੈਣ-ਭਰਾ ਮੌਤ ਦੇ ਮੂੰਹ 'ਚ ਚਲੇ ਗਏ। ਅਯਾ ਇਸ ਸਮੇਂ ਹਸਪਤਾਲ 'ਚ ਹੈ।

# ਮਾਨ ਵੱਲੋਂ ਸਿੱਖ ਸੰਗਤ ਨੂੰ ਬਹਿਬਲ ਕਲਾਂ 'ਚ ਜਾਮ ਖੋਲ੍ਹਣ ਦੀ ਅਪੀਲ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਵੱਲੋਂ ਬਹਿਬਲ ਕਲਾਂ ਤੇ ਕੋਟਕਪੂਰਾ ਦੀਆਂ ਘਟਨਾਵਾਂ ਵਿੱਚ ਇਨਸਾਫ਼ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹੋਣ ਦਾ ਦਾਅਵਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਸੰਗਤ ਨੂੰ ਰਾਹਗੀਰਾਂ ਦੀਆਂ ਮੁਸ਼ਕਲਾਂ ਨੂੰ ਦੇਖਦਿਆਂ ਬਹਿਬਲ ਕਲਾਂ ਵਿੱਚ ਸੜਕ ਤੋਂ ਜਾਮ ਹਟਾਉਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਅਤੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਹਰੇਕ ਮਨੁੱਖ ਦੀ ਮਾਨਸਿਕਤਾ ਉਤੇ ਡੂੰਘੇ ਜ਼ਖ਼ਮ ਦਿੱਤੇ ਹਨ। ਉਨ੍ਹਾ ਕਿਹਾ ਕਿ ਦੋਵਾਂ ਘਟਨਾਵਾਂ ਦਾ ਇਨਸਾਫ਼ ਮਿਲੇਗਾ ਅਤੇ ਇਨ੍ਹਾਂ ਘਿਨਾਉਣੇ ਜੁਰਮਾਂ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ ਉਤੇ ਬਖ਼ਸ਼ਿਆ ਨਹੀਂ ਜਾਵੇਗਾ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਇਨਸਾਫ਼ ਦਿਵਾਉਣ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ ਅਤੇ ਇਨ੍ਹਾਂ ਜੁਰਮਾਂ ਵਿੱਚ ਜਿਹੜੇ ਵੀ ਲੋਕ ਸ਼ਾਮਲ ਹਨ, ਉਹ ਜਲਦੀ ਹੀ ਸਲਾਖ਼ਾਂ ਪਿੱਛੇ ਹੋਣਗੇ। ਉਹਨਾ ਕਿਹਾ ਕਿ ਬਹਿਬਲ ਕਲਾਂ ਵਿੱਚ ਨੈਸ਼ਨਲ ਹਾਈਵੇ ਉਤੇ ਜਾਮ ਕਾਰਨ ਆਮ ਲੋਕਾਂ ਨੂੰ ਮੁਸ਼ਕਲ ਹੋ ਰਹੀ ਹੈ। ਲੋਕਾਂ ਨੂੰ ਇਸ ਪ੍ਰੇਸ਼ਾਨੀ ਤੋਂ ਬਚਾਇਆ ਜਾਣਾ ਚਾਹੀਦਾ ਹੈ ਅਤੇ ਇਸ ਲਈ ਉਹ ਸੰਗਤ ਨੂੰ ਵਡੇਰੇ ਲੋਕ ਹਿੱਤ ਵਿੱਚ ਸੜਕ ਤੋਂ ਧਰਨਾ ਹਟਾਉਣ ਦੀ ਅਪੀਲ ਕਰਦੇ ਹਨ। ਅਕਾਲੀਆਂ ਤੇ ਕਾਂਗਰਸੀਆਂ ਉਤੇ ਵਰ੍ਹਦਿਆਂ ਉਹਨਾ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਨੇ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਬਚਾਉਣ ਲਈ ਗੰਢਤੁੱਪ ਕੀਤੀ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬੇਦੋਸ਼ੇ ਧਰਨਾਕਾਰੀਆਂ ਉਤੇ ਗੋਲੀਬਾਰੀ ਦੀਆਂ ਘਟਨਾਵਾਂ ਅਕਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੀਆਂ, ਪਰ ਕਾਂਗਰਸ ਨੇ ਬਰਗਾੜੀ ਬੇਅਦਬੀ ਤੇ ਹੋਰ ਸੰਬੰਧਤ ਘਟਨਾਵਾਂ ਦੀ ਬਾਰੀਕੀ ਨਾਲ ਪੜਤਾਲ ਨਾ ਕਰਵਾ ਕੇ ਦੋਸ਼ੀਆਂ ਨੂੰ ਬਚਾਉਣ ਲਈ ਸਰਗਰਮ ਭੂਮਿਕਾ ਨਿਭਾਈ। ਦੋਸ਼ੀਆਂ ਨੂੰ ਬਚਾਉਣ ਵਾਲਾ ਅਕਾਲੀ-ਕਾਂਗਰਸ ਗਠਜੋੜ ਆਪ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਟੁੱਟਿਆ ਹੈ। ਉਨ੍ਹਾ ਕਿਹਾ ਕਿ ਦੋਸ਼ੀਆਂ ਨੂੰ ਫੜਨ ਲਈ ਪੰਜਾਬ ਸਰਕਾਰ ਸ਼ਿੱਦਤ ਨਾਲ ਕੋਸ਼ਿਸ਼ਾਂ ਕਰ ਰਹੀ ਹੈ। ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਇਨ੍ਹਾਂ ਦੋਵਾਂ ਘਟਨਾਵਾਂ ਵਿੱਚ ਇਨਸਾਫ਼ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

# ਹਰਿਆਣਾ ਦੇ ਹਸਪਤਾਲਾਂ 'ਚ ਭੀੜੇ ਤੇ ਖੁੱਲ੍ਹੇ ਕੱਪੜੇ ਪਾਉਣ 'ਤੇ ਰੋਕ

**ਚੰਡੀਗੜ੍ਹ** : ਹਰਿਆਣਾ ਦੇ ਹਸਪਤਾਲਾਂ ਵਿਚ ਡਾਕਟਰਾਂ ਤੇ ਨਰਸਾਂ ਲਈ ਡਰੈੱਸ ਕੋਡ ਲਾਗੂ ਕਰ ਦਿੱਤਾ ਗਿਆ ਹੈ। ਸਿਹਤ ਵਿਭਾਗ ਨੇ ਇਸ ਵਿਚ ਜੀਂਸ, ਪਲਾਜ਼ੋ, ਬੈਕਲੈੱਸ ਟਾਪ, ਸਕਰਟ ਆਦਿ ਪਹਿਨਣ 'ਤੇ ਰੋਕ ਲਾ ਦਿੱਤੀ ਹੈ। ਮਰਦਾਂ ਦੇ ਵਾਲ ਕਾਲਰ ਤੋਂ ਲੰਮੇ ਨਹੀਂ ਹੋਣਗੇ। ਮਹਿਲਾਵਾਂ ਸਟਾਈਲਿਸ਼ ਡਰੈੱਸ, ਭਾਰੀ ਗਹਿਣਿਆਂ ਤੇ ਮੇਕਅੱਪ ਦੀ ਵਰਤੋਂ ਨਹੀਂ ਕਰ ਸਕਣਗੀਆਂ। ਨਵੇਂ ਕੋਡ ਵਿਚ ਕਿਸੇ ਵੀ ਰੰਗ ਦੀ ਜੀਂਸ, ਡੈਨਿਮ ਸਕਰਟ, ਡੈਨਿਮ ਡਰੈੱਸ, ਸਵੈਟ ਸੂਟ, ਸ਼ਾਰਟਸ, ਸਲੈਕਸ ਡਰੈੱਸ, ਸਕਰਟ, ਪਲਾਜ਼ੋ, ਸਟਰੈਚ ਟੀ-ਸ਼ਰਟ ਤੇ ਪੈਂਟ, ਫਿਟਿੰਗ ਪੈਂਟ, ਕੈਪਰ, ਹਿਪ ਹਗਰ, ਸਵੈਟਪੈਂਟ, ਸਟ੍ਰੈਪਲੈੱਸ ਜਾਂ ਬੈਕਲੈੱਸ ਟਾਪ, ਕ੍ਰਾਪ ਟਾਪ, ਕਮਰ ਲਾਈਨ ਤੋਂ ਛੋਟਾ ਟਾਪ, ਡੀਪ ਨੈੱਕ ਟਾਪ, ਆਫ ਸ਼ੋਲਡਰ ਬਲਾਊਜ਼ ਤੇ ਸਨੀਕਰ-ਸਲੀਪਰ ਨਹੀਂ ਪਾਏ ਜਾਣਗੇ।



ਸੁੱਰਖਿਆ, ਟਰਾਂਸਪੋਰਟ, ਸਫਾਈ ਤੇ ਰਸੋਈ ਵਾਲੇ ਮੁਲਾਜ਼ਮਾਂ ਲਈ ਵਰਦੀ ਵਿਚ ਹੋਣਾ ਲਾਜ਼ਮੀ ਹੋਵੇਗਾ। ਹਸਪਤਾਲ ਸਟਾਫ ਲਈ ਨੇਮ ਪਲੇਟ ਜ਼ਰੂਰੀ ਹੋਵੇਗੀ। ਨਰਸਾਂ ਨੂੰ ਛੱਡ ਕੇ ਹੋਰ ਸਫੈਦ ਸ਼ਰਟ ਤੇ ਕਾਲੀ ਪੈਂਟ ਪਾ ਸਕਦੇ ਹਨ। ਕੱਪੜੇ ਬਹੁਤੇ ਤੰਗ ਜਾਂ ਖੁੱਲ੍ਹੇ ਨਹੀਂ ਹੋਣੇ ਚਾਹੀਦੇ। ਵੱਖਰੀ ਤਰ੍ਹਾਂ ਦਾ ਹੇਅਰ ਸਟਾਈਲ ਜਾਂ ਹੇਅਰ ਕਟਿੰਗ ਵੀ ਨਹੀਂ ਚੱਲੇਗੀ। ਡਰੈੱਸ ਕੋਡ ਲਈ ਰੰਗ ਤੈਅ ਕਰਨ ਦਾ ਅਧਿਕਾਰ ਸਿਵਲ ਸਰਜਨਾਂ ਕੋਲ ਹੋਵੇਗਾ। ਕੋਡ ਤੈਅ ਕਰਨ ਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਮਹਿਲਾ ਸਟਾਫ ਡਰੈੱਸ ਦੀ ਥਾਂ ਪਲਾਜ਼ੋ, ਕਢਾਈ ਵਾਲਾ ਸੂਟ, ਪਜਾਮੀ ਟਾਪ, ਸ਼ਾਰਟ ਕੁੜਤੀ ਤੇ ਤੰਗ ਕੱਪੜੇ ਪਾ ਕੇ ਆ ਰਿਹਾ ਸੀ। ਮਰਦ ਜੀਂਸ, ਟੀ ਸ਼ਰਟ, ਸਪੋਰਟਸ ਤੇ ਲੋਫਰ ਸ਼ੂਜ਼ ਅਤੇ ਸਨੀਕਰ ਪਾ ਕੇ ਆ ਰਹੇ ਸਨ। ਸਿਹਤ ਡਾਇਰੈਕਟਰ ਨੇ ਸਾਰੇ ਹਸਪਤਾਲਾਂ ਨੂੰ ਆਦੇਸ਼ ਭੇਜ ਦਿੱਤੇ ਹਨ।

ਅਧਿਕਾਰੀਆਂ ਦੀ ਦਲੀਲ ਹੈ ਕਿ ਇਸ ਨਾਲ ਮੁਲਾਜ਼ਮਾਂ ਦੇ ਅਹੁਦੇ ਮੁਤਾਬਕ ਪਛਾਣ ਹੋ ਸਕੇਗੀ। ਅਨੁਸ਼ਾਸਨ ਤੇ ਸਮਾਨਤਾ ਨਾਲ ਰਹਿਣ ਨਾਲ ਮਰੀਜ਼ਾਂ ਦੀ ਸੇਵਾ ਬਿਹਤਰ ਢੰਗ ਨਾਲ ਹੋਵੇਗੀ। ਸਿਹਤ ਮੰਤਰੀ ਅਨਿਲ ਵਿੱਜ ਨੇ ਕਿਹਾ ਹੈ ਕਿ ਸਰਕਾਰੀ ਹਸਪਤਾਲਾਂ ਵਿਚ ਪਤਾ ਨਹੀਂ ਲੱਗਦਾ ਕਿ ਕੌਣ ਮਰੀਜ਼ ਹੈ ਤੇ ਕੌਣ ਮੁਲਾਜ਼ਮ।

## ਅਡਾਨੀ ਮੋਦੀ ਲਈ ਪਵਿੱਤਰ ਗਊ : ਸ਼ਿਵ ਸੈਨਾ



**ਮੁੰਬਈ** : ਸ਼ਿਵ ਸੈਨਾ ਦੇ ਊਧਵ ਠਾਕਰੇ ਧੜੇ ਨੇ 14 ਫਰਵਰੀ ਨੂੰ ਵੈਲੇਨਟਾਈਨ ਡੇਅ ਨੂੰ 'ਕਾਓ ਹੱਗ ਡੇਅ' (ਗਾਂ ਨੂੰ ਗਲਵੱਕੜੀ ਦਿਵਸ) ਵਜੋਂ ਮਨਾਉਣ ਦੀ ਪਹਿਲਕਦਮੀ ਦਾ ਮਜ਼ਾਕ ਉਡਾਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਿਅੰਗ ਕੱਸਦਿਆਂ ਦਾਅਵਾ ਕੀਤਾ ਕਿ ਅਰਬਪਤੀ ਉਦਯੋਗਪਤੀ ਗੌਤਮ ਅਡਾਨੀ ਪ੍ਰਧਾਨ ਮੰਤਰੀ ਲਈ ਪਵਿੱਤਰ ਗਾਂ ਹਨ। ਸ਼ਿਵ ਸੈਨਾ ਦੇ ਮੁੱਖ ਪੱਤਰ 'ਸਾਮਨਾ' ਦੀ ਸੰਪਾਦਕੀ 'ਚ ਕਿਹਾ ਗਿਆ ਹੈ ਕਿ ਅਡਾਨੀ ਖਿਲਾਫ ਸੰਸਦ 'ਚ ਵਿਰੋਧ ਪ੍ਰਦਰਸ਼ਨ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਘੁਟਾਲੇ 'ਤੇ ਇਕ ਵੀ ਸ਼ਬਦ ਨਹੀਂ ਬੋਲਿਆ। ਲੋਕ ਅਡਾਨੀ ਘੁਟਾਲੇ 'ਤੇ ਪ੍ਰਧਾਨ ਮੰਤਰੀ ਤੋਂ ਸਪੱਸ਼ਟੀਕਰਨ ਚਾਹੁੰਦੇ ਹਨ, ਪਰ ਮੋਦੀ ਸਰਕਾਰ ਨੇ ਲੋਕਾਂ ਨੂੰ ਚੁੱਪ ਕਰਵਾਉਣ ਲਈ ਇੱਕ ਵਾਰ ਫਿਰ ਧਰਮ ਦੀ ਖੁਰਾਕ ਦਿੱਤੀ ਹੈ। ਮੋਦੀ ਨੇ ਸੰਸਦ ਵਿਚ ਅਡਾਨੀ ਬਾਰੇ ਗੱਲ ਨਹੀਂ ਕੀਤੀ, ਪਰ ਉਨ੍ਹਾ ਦੀ ਸਰਕਾਰ ਨੇ ਗਾਵਾਂ ਦੀ ਗੱਲ ਕੀਤੀ। ਅਡਾਨੀ ਸ਼ੇਅਰ ਬਾਜ਼ਾਰ ਦਾ ਬਿੱਗ ਬੁੱਲ ਹੈ, ਪਰ ਮੋਦੀ ਲਈ ਉਹ 'ਪਵਿੱਤਰ ਗਊ' ਹੈ।

## ਬੀ ਬੀ ਸੀ 'ਤੇ ਮੁਕੰਮਲ ਰੋਕ ਦੀ ਮੰਗ ਖਾਰਜ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਭਾਰਤ 'ਚ ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਬੀ ਬੀ ਸੀ) 'ਤੇ ਪੂਰਨ ਪਾਬੰਦੀ ਲਗਾਉਣ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਜਸਟਿਸ ਸੰਜੀਵ ਖੰਨਾ ਅਤੇ ਐੱਮ ਐੱਮ ਸੁੰਦਰੇਸ਼ 'ਤੇ ਆਧਾਰਤ ਬੈਂਚ ਨੇ ਹਿੰਦੂ ਸੈਨਾ ਦੇ ਪ੍ਰਧਾਨ ਵਿਸ਼ਨੂੰ ਗੁਪਤਾ ਅਤੇ ਕਿਸਾਨ ਬੀਰੇਂਦਰ ਕੁਮਾਰ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਿਹਾ—ਪਟੀਸ਼ਨ ਪੂਰੀ ਤਰ੍ਹਾਂ ਗਲਤ ਧਾਰਨਾ 'ਤੇ ਅਧਾਰਤ ਹੈ। ਇਸ ਕਰਕੇ ਇਸ ਨੂੰ ਖਾਰਜ ਕਰ ਦਿੱਤਾ ਗਿਆ ਹੈ।

ਪਟੀਸ਼ਨ 'ਚ ਬੀ ਬੀ ਸੀ 'ਤੇ ਭਾਰਤ ਅਤੇ ਭਾਰਤ ਸਰਕਾਰ ਵਿਰੁੱਧ ਪੱਖਪਾਤ ਕਰਨ ਦਾ ਦੋਸ਼ ਲਗਾਉਂਦੇ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬੀ ਬੀ ਸੀ ਦੀ ਦਸਤਾਵੇਜ਼ੀ ਫਿਲਮ ਭਾਰਤ ਅਤੇ ਇਸ ਦੇ ਪ੍ਰਧਾਨ ਮੰਤਰੀ ਦੇ ਵਿਸ਼ਵਵਿਆਪੀ ਉਭਾਰ ਵਿਰੁੱਧ ਡੂੰਘੀ ਸਾਜ਼ਿਸ਼ ਦਾ ਨਤੀਜਾ ਹੈ।

## ਸੁਪਰੀਮ ਕੋਰਟ ਨੇ ਨਿਵੇਸ਼ਕਾਂ ਦੀ ਸੁੱਰਖਿਆ ਲਈ ਸੇਬੀ ਤੋਂ ਸੁਝਾਅ ਮੰਗੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਅਡਾਨੀ ਗਰੁੱਪ ਖਿਲਾਫ ਹਿੰਡਨਬਰਗ ਦੀ ਰਿਪੋਰਟ ਨਾਲ ਜੁੜੀਆਂ ਦੋ ਲੋਕ ਹਿੱਤ ਪਟੀਸ਼ਨਾਂ 'ਤੇ ਸੁਣਵਾਈ ਕੀਤੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮ੍ਹਾ ਤੇ ਜੀ ਬੀ ਪਾਰਦੀਵਾਲਾ ਦੀ ਬੈਂਚ ਨੇ ਸਕਿਉਰਟੀ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਨੂੰ ਭਵਿੱਖ ਵਿਚ ਨਿਵੇਸ਼ਕਾਂ ਦੀ ਸੁਰੱਖਿਆ ਲਈ ਕੀ ਉਪਾਅ ਕੀਤੇ ਜਾ ਸਕਦੇ ਹਨ, ਬਾਰੇ ਸੁਝਾਅ ਦੇਣ ਲਈ ਕਿਹਾ। ਸੇਬੀ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਬੈਂਚ ਨੇ ਕਿਹਾ ਕਿ ਉਹ ਸੋਮਵਾਰ ਪੂਰੀ ਜਾਣਕਾਰੀ ਲੈ ਕੇ ਆਉਣ। ਇਹ ਪਟੀਸ਼ਨਾਂ ਐਡਵੋਕੇਟ ਐੱਮ ਐੱਲ ਸ਼ਰਮਾ ਤੇ ਵਿਸ਼ਾਲ ਤਿਵਾੜੀ ਨੇ ਪਾਈਆਂ ਹਨ। ਉਨ੍ਹਾਂ ਅਦਾਲਤ ਦੀ ਨਿਗਰਾਨੀ ਵਿਚ ਜਾਂਚ ਦੇ ਨਾਲ ਹਿੰਡਨਬਰਗ ਵਿਰੁੱਧ ਐੱਫ ਆਈ ਆਰ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਿੰਡਨਬਰਗ ਨੇ ਸ਼ੇਅਰਾਂ ਦੀ ਸ਼ਾਰਟ ਸੇਲ ਕੀਤੀ, ਜਿਸ ਨਾਲ ਨਿਵੇਸ਼ਕਾਂ ਨੂੰ ਭਾਰੀ ਨੁਕਸਾਨ ਹੋਇਆ। ਤਿਵਾੜੀ ਨੇ ਕਿਹਾ ਕਿ ਹਿੰਡਨਬਰਗ ਨੇ ਦੇਸ਼ ਦੇ ਅਕਸ ਨੂੰ ਖਰਾਬ ਕੀਤਾ ਹੈ। ਸ਼ਰਮਾ ਨੇ ਕਿਹਾ ਕਿ ਰਿਪੋਰਟ 'ਤੇ ਮੀਡੀਆ ਦੇ ਪ੍ਰਚਾਰ ਨੇ ਬਾਜ਼ਾਰਾਂ ਨੂੰ ਪ੍ਰਭਾਵਤ ਕੀਤਾ ਅਤੇ ਹਿੰਡਨਬਰਗ ਦੇ ਬਾਨੀ ਨਾਥਨ ਐਂਡਰਸਨ ਵੀ ਭਾਰਤੀ ਨਿਯਾਮਕ ਸੇਬੀ ਨੂੰ ਆਪਣੇ ਦਾਅਵਿਆਂ ਦੇ ਸਬੂਤ ਦੇਣ ਵਿਚ ਨਾਕਾਮ ਰਹੇ। ਹਿੰਡਨਬਰਗ ਰਿਸਰਚ ਨੇ 24 ਜਨਵਰੀ ਨੂੰ ਪ੍ਰਕਾਸ਼ਤ ਕੀਤੀ ਰਿਪੋਰਟ ਵਿਚ ਅਡਾਨੀ ਗਰੁੱਪ 'ਤੇ ਸ਼ੇਅਰ ਚੜ੍ਹਾਉਣ ਲਈ ਚਾਲਬਾਜ਼ੀਆਂ ਦਾ ਦੋਸ਼ ਲਾਇਆ ਸੀ। ਇਸੇ ਦੌਰਾਨ ਅਡਾਨੀ ਗਰੁੱਪ ਨੇ ਹਿੰਡਨਬਰਗ ਦੇ ਦਾਅਵਿਆਂ ਖਿਲਾਫ ਲੜਨ ਲਈ ਅਮਰੀਕਾ ਵਿਚ ਵਾਲ ਸਟਰੀਟ ਦੀਆਂ ਵੱਡੀਆਂ ਲਾਅ ਫਰਮਾਂ ਵਿੱਚੋਂ ਇਕ 'ਵਾਚਟੇਲ' ਨੂੰ ਹਾਇਰ ਕੀਤਾ ਹੈ।

## ਦੋ ਹੋਰ ਜੱਜਾਂ ਦੀ ਨਿਯੁਕਤੀ ਨਾਲ ਸੁਪਰੀਮ ਕੋਰਟ ਦੇ ਜੱਜਾਂ ਦਾ ਕੋਟਾ ਪੂਰਾ

**ਨਵੀਂ ਦਿੱਲੀ** : ਹਾਈ ਕੋਰਟਾਂ ਦੇ ਦੋ ਮੁੱਖ ਜੱਜਾਂ ਨੂੰ ਸ਼ੁੱਕਰਵਾਰ ਸੁਪਰੀਮ ਕੋਰਟ ਵਿਚ ਪਦਉਨਤ ਕੀਤਾ ਗਿਆ। ਉਨ੍ਹਾਂ ਦੇ ਸਹੁੰ ਚੁੱਕਣ ਤੋਂ ਬਾਅਦ ਸੁਪਰੀਮ ਕੋਰਟ 'ਚ ਜੱਜਾਂ ਦੀ ਗਿਣਤੀ ਵਧ ਕੇ 34 ਹੋ ਜਾਵੇਗੀ, ਜੋ ਇਸ ਦੀ ਪ੍ਰਵਾਨਤ ਗਿਣਤੀ ਹੈ।

ਕਾਨੂੰਨ ਮੰਤਰੀ ਕਿਰਨ ਰਿਜੀਜੂ ਨੇ ਟਵੀਟ ਕੀਤਾ—ਭਾਰਤ ਦੇ ਸੰਵਿਧਾਨ ਦੇ ਉਪਬੰਧਾਂ ਤਹਿਤ ਰਾਸ਼ਟਰਪਤੀ ਨੇ ਅਲਾਹਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਰਾਜੇਸ਼ ਬਿੰਦਲ ਅਤੇ ਗੁਜਰਾਤ ਹਾਈ ਕੋਰਟ ਦੇ ਚੀਫ ਜਸਟਿਸ ਅਰਵਿੰਦ ਕੁਮਾਰ ਨੂੰ ਸੁਪਰੀਮ ਕੋਰਟ 'ਚ ਨਿਯੁਕਤ ਕੀਤਾ ਹੈ।

## ਖਾਲਿਸਤਾਨੀ ਕੱਟੜਵਾਦ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ

**ਲੰਡਨ** : ਬਰਤਾਨਵੀ ਸਰਕਾਰ ਦੀ ਅੱਤਵਾਦ ਵਿਰੋਧੀ ਯੋਜਨਾ ਦੀ ਸਮੀਖਿਆ 'ਚ ਕਸ਼ਮੀਰ ਬਾਰੇ ਬਰਤਾਨਵੀ ਮੁਸਲਮਾਨਾਂ ਦੇ ਕੱਟੜਪੰਥੀ ਹੋਣ ਅਤੇ ਖਤਰਨਾਕ ਹੋ ਰਹੇ ਖਾਲਿਸਤਾਨ ਪੱਖੀ ਅੱਤਵਾਦ ਨੂੰ ਵਧਦੀ ਚਿੰਤਾ ਕਰਾਰ ਦਿੱਤਾ ਗਿਆ ਹੈ। ਇਸ 'ਚ ਦੇਸ਼ ਲਈ ਖਤਰੇ ਵਜੋਂ ਇਸਲਾਮੀ ਕੱਟੜਵਾਦ ਨਾਲ ਨਜਿੱਠਣ ਲਈ ਨੀਤੀਆਂ 'ਚ ਸੁਧਾਰ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਸਰਕਾਰ ਦੀ ਅੱਤਵਾਦ ਵਿਰੋਧੀ ਰਣਨੀਤੀ ਦੀ ਇਸ ਹਫਤੇ ਪ੍ਰਕਾਸ਼ਤ ਸਮੀਖਿਆ 'ਚ ਚੇਤਾਵਨੀ ਦਿੱਤੀ ਗਈ ਹੈ ਕਿ ਕਸ਼ਮੀਰ ਬਾਰੇ ਪਾਕਿਸਤਾਨ ਦੀ ਬਿਆਨਬਾਜ਼ੀ ਬਰਤਾਨਵੀ ਮੁਸਲਿਮ ਭਾਈਚਾਰੇ 'ਚ ਭਾਰਤ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ 'ਚ ਘਿਓ ਦਾ ਕੰਮ ਕਰ ਰਹੀ ਹੈ। ਸਮੀਖਿਆ 'ਚ ਬਰਤਾਨੀਆ ਅੰਦਰ ਸਰਗਰਮ ਖਾਲਿਸਤਾਨ ਪੱਖੀ ਸਮੂਹਾਂ ਦੀ ਥੋੜ੍ਹੀ ਜਿਹੀ ਗਿਣਤੀ ਵੱਲੋਂ ਫੈਲਾਏ ਜਾ ਰਹੇ ਕੂੜ ਪ੍ਰਚਾਰ ਵਿਰੁੱਧ ਵੀ ਚੇਤਾਵਨੀ ਦਿੱਤੀ ਗਈ ਹੈ। ਖਾਲਿਸਤਾਨ ਪੱਖੀ ਕੱਟੜਵਾਦ ਦੇ ਮੁੱਦੇ 'ਤੇ ਰਿਪੋਰਟ 'ਚ ਕਿਹਾ ਗਿਆ ਹੈ—ਬਰਤਾਨੀਆ ਦੇ ਸਿੱਖ ਭਾਈਚਾਰੇ 'ਚ ਉੱਭਰ ਰਹੇ ਖਾਲਿਸਤਾਨ ਪੱਖੀ ਕੱਟੜਵਾਦ ਤੋਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ। ਯੂ ਕੇ 'ਚ ਸਰਗਰਮ ਖਾਲਿਸਤਾਨ ਪੱਖੀ ਸਮੂਹਾਂ ਦੀ ਛੋਟੀ ਜਿਹੀ ਗਿਣਤੀ ਵੱਲੋਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਰਕਾਰ ਸਿੱਖਾਂ ਨੂੰ ਤੰਗ ਕਰਨ ਲਈ ਭਾਰਤ ਸਰਕਾਰ ਨਾਲ ਮਿਲੀਭੁਗਤ ਕਰ ਰਹੀ ਹੈ। ਅਜਿਹੇ ਸਮੂਹਾਂ ਦੇ ਪ੍ਰਚਾਰ 'ਚ ਭਾਰਤ 'ਚ ਖਾਲਿਸਤਾਨ ਪੱਖੀ ਅੰਦੋਲਨ ਦੌਰਾਨ ਹੋਈ ਹਿੰਸਾ ਦੀ ਵਡਿਆਈ ਕੀਤੀ ਜਾਂਦੀ ਹੈ।

## ਜੇਲ੍ਹ ਤੋਂ ਬਾਹਰ ਆਉਣ 'ਤੇ ਬੈਂਸ ਸਮਰਥਕਾਂ ਨੇ ਬੈਂਡ ਵਜਾਇਆ

**ਬਰਨਾਲਾ** : ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਦੇ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਸ਼ੁੱਕਰਵਾਰ ਬਰਨਾਲਾ ਜੇਲ੍ਹ ਤੋਂ ਬਾਹਰ ਆਉਣ ਵੇਲੇ ਉਨ੍ਹਾ ਦੇ ਵੱਡੀ ਗਿਣਤੀ ਸਮਰਥਕਾਂ ਨੇ ਬੈਂਡ-ਵਾਜਿਆਂ ਨਾਲ ਸਵਾਗਤ ਕੀਤਾ।

ਵੱਡੇ ਕਾਫ਼ਲੇ ਨਾਲ ਬੈਂਸ ਜੇਲ੍ਹ ਤੋਂ ਲੁਧਿਆਣਾ ਲਈ ਰਵਾਨਾ ਹੋ ਗਏ। ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾ ਕਿਹਾ ਕਿ ਸਾਰੇ ਮੁਕੱਦਮੇ ਸਿਆਸੀ ਰੰਜਿਸ਼ ਤਹਿਤ ਦਰਜ ਕੀਤੇ ਗਏ ਹਨ। ਹਾਈ ਕੋਰਟ ਨੇ ਸੱਚਾਈ ਨੂੰ ਦੇਖਦਿਆਂ ਜ਼ਮਾਨਤ ਦਿੱਤੀ ਹੈ। ਉਹ ਆਖਰੀ ਸਾਹ ਤੱਕ ਭ੍ਰਿਸ਼ਟਾਚਾਰ ਦੇ ਖਿਲਾਫ ਅਤੇ ਪੰਜਾਬ ਦੇ ਹੱਕਾਂ ਲਈ ਲੜਨਗੇ।

## ਰਾਜਸਥਾਨ 'ਚ ਉਜਵਲਾ ਗੈਸ ਸਿਲੰਡਰ 500 ਰੁਪਏ ਦਾ

**ਜੈਪੁਰ** : ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸ਼ੁੱਕਰਵਾਰ ਵਿਧਾਨ ਸਭਾ 'ਚ ਵਿੱਤੀ ਸਾਲ 2023-24 ਦਾ ਬਜਟ ਪੇਸ਼ ਕਰਦਿਆਂ ਐਲਾਨ ਕੀਤਾ ਕਿ ਉਜਵਲਾ ਯੋਜਨਾ ਦੇ 76 ਲੱਖ ਖਪਤਕਾਰਾਂ ਨੂੰ ਰਸੋਈ ਗੈਸ ਸਿਲੰਡਰ 500 ਰੁਪਏ 'ਚ ਮਿਲੇਗਾ ਤੇ ਘਰੇਲੂ ਖਪਤਕਾਰਾਂ ਨੂੰ ਹੁਣ 100 ਯੂਨਿਟ ਪ੍ਰਤੀ ਮਹੀਨਾ ਬਿਜਲੀ ਮੁਫਤ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਇਹ 50 ਯੂਨਿਟ ਸੀ। ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਇੱਕ ਵਾਰ ਰਜਿਸਟ੍ਰੇਸ਼ਨ ਕਰਵਾਉਣੀ ਹੋਵੇਗੀ ਤੇ ਇੱਕ ਤੋਂ ਵੱਧ ਫੀਸ ਨਹੀਂ ਲਈ ਜਾਵੇਗੀ। ਚਿਰੰਜੀਵੀ ਸਿਹਤ ਬੀਮਾ ਯੋਜਨਾ ਤਹਿਤ ਪ੍ਰਤੀ ਪਰਵਾਰ ਬੀਮਾ ਕਵਰ 10 ਲੱਖ ਰੁਪਏ ਤੋਂ ਵਧਾ ਕੇ 25 ਲੱਖ ਰੁਪਏ ਕਰ ਦਿੱਤਾ ਗਿਆ ਹੈ। ਗਹਿਲੋਤ ਵੱਲੋਂ ਬਜਟ ਪੜ੍ਹਦਿਆਂ ਕੁਝ ਹਿੱਸੇ ਪਿਛਲੇ ਸਾਲ ਦੇ ਬਜਟ ਦੇ ਪੜ੍ਹ ਦੇਣ 'ਤੇ ਭਾਜਪਾ ਮੈਂਬਰਾਂ ਨੇ ਬਜਟ ਲੀਕ ਹੋਣ ਦਾ ਦੋਸ਼ ਲਾ ਕੇ ਕਾਫੀ ਹੰਗਾਮਾ ਕੀਤਾ, ਜਿਸ ਕਰਕੇ ਕਾਰਵਾਈ ਦੋ ਵਾਰ ਮੁਅੱਤਲ ਕਰਨੀ ਪਈ। ਮੁੱਖ ਮੰਤਰੀ ਨੇ ਮਾਫੀ ਵੀ ਮੰਗੀ, ਪਰ ਭਾਜਪਾਈ ਹੰਗਾਮਾ ਕਰਦੇ ਰਹੇ। ਸ਼ਾਇਦ ਪਹਿਲੀ ਵਾਰ ਹੈ ਕਿ ਕਿਸੇ ਮੁੱਖ ਮੰਤਰੀ ਨੇ ਪਿਛਲੇ ਸਾਲ ਦਾ ਬਜਟ ਪੜ੍ਹ ਦਿੱਤਾ ਹੋਵੇ। ਬਾਅਦ ਵਿਚ ਮੁੱਖ ਮੰਤਰੀ ਨੇ ਸਫਾਈ ਦਿੰਦਿਆਂ ਕਿਹਾ ਕਿ ਇਕ ਵਰਕਾ ਪਿਛਲੇ ਸਾਲ ਦਾ ਜੁੜ ਗਿਆ ਸੀ।



## ਅੱਜ-ਨਾਮਾ

ਕਿਸਾਨੀ ਹਿੱਤਾਂ ਦਾ ਮੋਰਚਾ ਜਦੋਂ ਲਾਇਆ,
ਹਰ ਕੋਈ ਖੜ੍ਹਾ ਸੀ ਉਨ੍ਹਾਂ ਦੇ ਨਾਲ ਮੀਆਂ।
ਕਹਿਰ ਦੀ ਧੁੱਪ, ਪਰ ਲੋਕ ਨਾ ਹਟੇ ਪਿੱਛੇ,
ਝੱਲਿਆ ਸਿਰਾਂ 'ਤੇ ਕੱਕਰ ਸਿਆਲ ਮੀਆਂ।
ਜਿੱਤ ਲਿਆ ਮੋਰਚਾ, ਲੋਕ ਪ੍ਰਸੰਨ ਹੋ ਗਏ,
ਖਾ ਗਈ ਚੋਣਾਂ ਵਿੱਚ ਬੱਕਰੀ ਮਾਲ ਮੀਆਂ।
ਰਹਿੰਦੜੀ ਕਸਰ ਆ ਕੱਢ ਰਹੀ ਧੜੇਬੰਦੀ,
ਉੱਠ ਰਹੇ ਭੱਦੇ ਹਨ ਕਈ ਸਵਾਲ ਮੀਆਂ।
ਕੁੱਕੜ-ਖੇਹ ਉਡਾਉਣ ਦਾ ਹਾਲ ਦਿੱਸਦਾ,
ਦਿੱਸਦਾ ਊਣਾ ਨਾ ਕਿਸੇ ਤੋਂ ਕੋਈ ਮੀਆਂ।
ਲੱਗੇ ਲੀਡਰ ਕਈ ਇੰਜ ਬਿਆਨ ਦਾਗਣ,
ਜਿੱਦਾਂ ਲਾਹੀ ਆ ਸ਼ਰਮ ਦੀ ਲੋਈ ਮੀਆਂ।

-ਤੀਸ ਮਾਰ ਖਾਂ

# 20 ਮਾਰਚ ਨੂੰ ਸੰਸਦ ਵੱਲ ਕਿਸਾਨ ਮਾਰਚ

## 31 ਮੈਂਬਰੀ ਰਾਸ਼ਟਰੀ ਤਾਲਮੇਲ ਕਮੇਟੀ ਬਣਾਉਣ ਦਾ ਫੈਸਲਾ



**ਚੰਡੀਗੜ੍ਹ** : ਸੰਯੁਕਤ ਕਿਸਾਨ ਮੋਰਚਾ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਦੀ ਸ਼ੁੱਕਰਵਾਰ ਕੁਰੂਕਸ਼ੇਤਰ ਦੀ ਜਾਟ ਧਰਮਸ਼ਾਲਾ ਵਿੱਚ ਮੀਟਿੰਗ 3 ਮੈਂਬਰੀ ਪ੍ਰਧਾਨਗੀ ਮੰਡਲ ਯੁੱਧਵੀਰ ਸਿੰਘ, ਰਾਜਾ ਰਾਮ ਸਿੰਘ ਅਤੇ ਡਾ: ਸੁਨੀਲਮ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 20 ਮਾਰਚ ਨੂੰ ਪਾਰਲੀਮੈਂਟ ਵਿੱਚ ਕਿਸਾਨ ਮਹਾਂਪੰਚਾਇਤ ਦਾ ਆਯੋਜਨ ਕਰਕੇ ਸਾਰੇ ਖੇਤੀ ਉਤਪਾਦਾਂ ਨੂੰ ਸਮਰਥਨ ਮੁੱਲ (ਸੀ 2+50%) (ਐੱਮ ਐੱਸ ਪੀ) 'ਤੇ ਖਰੀਦਣ ਦੀ ਕਾਨੂੰਨੀ ਗਾਰੰਟੀ, ਮੁਕੰਮਲ ਕਰਜ਼ਾ ਮੁਆਫੀ, ਬਿਜਲੀ ਸੋਧ ਬਿੱਲ 2022 ਵਾਪਸ ਲੈਣ, ਲਖੀਮਪੁਰ ਖੀਰੀ ਵਿੱਚ ਕਿਸਾਨਾਂ ਅਤੇ ਪੱਤਰਕਾਰ ਦੇ ਕਤਲੇਆਮ ਦੇ ਮੁਲਜ਼ਮ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਬਰਖਾਸਤਗੀ ਅਤੇ ਕੁਦਰਤੀ ਆਫਤਾਂ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਦੇ ਤੁਰੰਤ ਮੁਆਵਜ਼ੇ ਲਈ ਵਿਆਪਕ ਅਤੇ ਪ੍ਰਭਾਵਸ਼ਾਲੀ ਫਸਲ ਬੀਮਾ ਯੋਜਨਾ, ਸਾਰੇ ਦਰਮਿਆਨੇ, ਛੋਟੇ, ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਪ੍ਰਤੀ ਮਹੀਨਾ ਕਿਸਾਨਾਂ ਦੀ ਪੈਨਸ਼ਨ 5000 ਰੁਪਏ, ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਦਰਜ ਸਾਰੇ ਝੂਠੇ ਕੇਸ ਵਾਪਸ ਲਏ ਜਾਣ, ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਸਾਰੇ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦੇਣ, ਵਾਹੀਯੋਗ ਜ਼ਮੀਨ ਐਕਵਾਇਰ ਕਰਨ 'ਤੇ ਰੋਕ ਲਗਾਏ ਜਾਣ ਦੀ ਮੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਦੀ 9 ਨੁਕਾਤੀ ਗਾਈਡਲਾਈਨਜ਼ ਨੂੰ ਅੰਤਮ ਰੂਪ ਦਿੱਤਾ ਗਿਆ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਸੰਚਾਲਨ ਲਈ 31 ਮੈਂਬਰੀ ਕੌਮੀ ਤਾਲਮੇਲ ਕਮੇਟੀ ਦਾ ਗਠਨ ਕਰਨ ਦੀ ਵਿਵਸਥਾ ਵੀ ਸ਼ਾਮਲ ਹੈ। ਮੀਟਿੰਗ ਵਿੱਚ ਮਹਿਲਾ ਕੋਚ ਵੱਲੋਂ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿੱਚ ਘਿਰੇ ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਨੂੰ ਕੈਬਨਿਟ ਵਿੱਚੋਂ ਬਰਖਾਸਤ ਕਰਨ ਦੀ ਮੰਗ ਵਾਲਾ ਮਤਾ ਪਾਸ ਕੀਤਾ ਗਿਆ। ਹਰਿਆਣਾ ਸੰਯੁਕਤ ਕਿਸਾਨ ਮੋਰਚਾ ਦੇ ਫੈਸਲੇ ਅਨੁਸਾਰ ਪੀੜਤ ਔਰਤ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਤੇਜ਼ ਕਰਨ ਦਾ ਵੀ ਫੈਸਲਾ ਕੀਤਾ ਗਿਆ।

## ਪਹਿਲੀ ਵਾਰ ਲਿਥੀਅਮ ਦਾ ਭੰਡਾਰ ਮਿਲਿਆ

**ਨਵੀਂ ਦਿੱਲੀ** : ਦੇਸ਼ ਵਿਚ ਪਹਿਲੀ ਵਾਰ ਲਿਥੀਅਮ ਦਾ ਭੰਡਾਰ ਮਿਲਿਆ ਹੈ। ਇਸ ਦੀ ਸਮਰੱਥਾ 59 ਲੱਖ ਟਨ ਹੈ। ਲਿਥੀਅਮ (ਜੀ 3) ਦੀ ਖੋਜ ਜਿਓਲੋਜੀਕਲ ਸਰਵੇ ਆਫ ਇੰਡੀਆ ਨੇ ਜੰਮੂ-ਕਸ਼ਮੀਰ ਦੇ ਰਿਆਸੀ ਵਿਚ ਕੀਤੀ ਹੈ। ਇਹ ਅਲੋਹ ਧਾਤ ਮੋਬਾਇਲ, ਲੈਪਟਾਪ, ਇਲੈਕਟ੍ਰੀਕਲ ਵਹੀਕਲ ਤੇ ਚਾਰਜੇਬਲ ਬੈਟਰੀਆਂ ਬਣਾਉਣ ਵਿਚ ਵਰਤੀ ਜਾਂਦੀ ਹੈ। ਹੁਣ ਤੱਕ ਭਾਰਤ ਇਸ ਲਈ ਵਿਦੇਸ਼ਾਂ 'ਤੇ ਨਿਰਭਰ ਹੈ। ਭਾਰਤ 2020 ਵਿਚ ਲਿਥੀਅਮ ਦਰਾਮਦ ਕਰਨ ਵਾਲੇ ਦੇਸ਼ਾਂ ਵਿਚ ਚੌਥੇ ਨੰਬਰ 'ਤੇ ਸੀ।

ਇਹ ਲਿਥੀਅਮ-ਆਇਨ ਬੈਟਰੀਆਂ ਦਾ ਕਰੀਬ 80 ਫੀਸਦੀ ਹਿੱਸਾ ਚੀਨ ਤੋਂ ਦਰਾਮਦ ਕਰਦਾ ਹੈ। ਉਹ ਆਤਮ-ਨਿਰਭਰ ਬਣਨ ਲਈ ਅਰਜਨਟੀਨਾ, ਚਿੱਲੀ, ਆਸਟਰੇਲੀਆ ਤੇ ਬੋਲੀਵੀਆ ਵਰਗੇ ਧਨੀ ਲਿਥੀਅਮ ਦੇਸ਼ਾਂ ਦੀਆਂ ਖਾਣਾਂ 'ਚ ਹਿੱਸੇਦਾਰੀ ਖਰੀਦਣ ਦੇ ਜਤਨ ਕਰ ਰਿਹਾ ਹੈ। ਲਿਥੀਅਮ ਦੇ ਨਾਲ-ਨਾਲ ਰਿਆਸੀ 'ਚ ਸੋਨੇ ਦੇ ਪੰਜ ਬਲਾਕ ਵੀ ਲੱਭੇ ਹਨ।

## ਪ੍ਰਭ ਆਸਰਾ ਫੇਰੂਰਾਈਂ ਵਿਖੇ ਨਿਰਮਲ ਸਿੰਘ ਗਿੱਲ ਅਖਾੜਾ ਅਮਰੀਕਾ ਨੇ ਕੀਤੀ ਧਨ ਰਾਸ਼ੀ ਦੀ ਸੇਵਾ



**ਜਗਰਾਉਂ (ਸੰਜੀਵ ਅਰੋੜਾ)**-ਪ੍ਰਭ ਆਸਰਾ ਨਿਆਸਰਿਆਂ ਦੇ ਘਰ ਪਿੰਡ ਫੇਰੂਰਾਈਂ ਜ਼ਿਲ੍ਹਾ ਲੁਧਿਆਣਾ, ਜਿੱਥੇ ਮੰਦਬੁੱਧੀ ਬੱਚਿਆਂ ਤੇ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਤੇ ਸੰਭਾਲ ਕੀਤੀ ਜਾਂਦੀ ਹੈ, ਵਿਖੇ ਨਿਰਮਲ ਸਿੰਘ ਗਿੱਲ ਅਖਾੜਾ ਅਮਰੀਕਾ ਨਿਵਾਸੀ ਨੇ ਰਹਿ ਰਹੇ ਬਜ਼ੁਰਗਾਂ ਦਾ ਅਸ਼ੀਰਵਾਦ ਲਿਆ ਤੇ ਉਨ੍ਹਾਂ ਲਈ ਧਨ ਰਾਸ਼ੀ ਦੀ ਸਹਾਇਤਾ ਵੀ ਦਿੱਤੀ ਗਈ। ਨਿਰਮਲ ਸਿੰਘ ਗਿੱਲ ਅਖਾੜਾ ਨੇ ਦੱਸਿਆ ਪ੍ਰਭ ਆਸਰਾ ਫੇਰੂਰਾਈਂ ਵਿਖੇ ਬਜ਼ੁਰਗਾਂ ਨਾਲ ਸਮਾਂ ਬਤੀਤ ਕਰਕੇ ਬਹੁਤ ਹੀ ਵਧੀਆ ਲੱਗ ਰਿਹਾ ਹੈ ਤੇ ਉਹ ਹਰੇਕ ਸਾਲ ਹੀ ਪ੍ਰਭ ਆਸਰਾ ਫੇਰੂਰਾਈਂ ਵਿਖੇ ਆਉਂਦੇ ਹਨ। ਉਨ੍ਹਾ ਨੇ ਹੋਰਨਾਂ ਸਮਾਜ ਦਰਦੀਆਂ ਨੂੰ ਵੀ ਇਕ ਸਨੇਹਾ ਦਿੱਤਾ ਕਿ ਬੇਸਹਾਰਾ ਬਜ਼ੁਰਗਾਂ ਨਾਲ ਪ੍ਰਭ ਆਸਰਾ ਫੇਰੂਰਾਈਂ ਵਿਖੇ ਆ ਕੇ ਆਪਣੀਆਂ ਖੁਸ਼ੀਆਂ ਸਾਂਝੀਆਂ ਕਰੋ ਤੇ ਸਮਾਜ ਪ੍ਰਤੀ ਆਪਣਾ ਬਣਦਾ ਯੋਗਦਾਨ ਪਾਉ ਤਾਂ ਜੋ ਇਨ੍ਹਾਂ ਬਜ਼ੁਰਗਾਂ ਦੀ ਸੇਵਾ ਹੋਰ ਵੀ ਵਧੀਆ ਹੋ ਸਕੇ। ਅਸਲ ਵਿੱਚ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਉੱਤਮ ਸੇਵਾ ਹੈ। ਪ੍ਰਭ ਆਸਰਾ ਫੇਰੂਰਾਈਂ ਚਲਾ ਰਹੇ ਹਰਜੀਤ ਸਿੰਘ ਰਾਏ ਕੈਨੇਡਾ ਨੇ ਦੱਸਿਆ ਪ੍ਰਭ ਆਸਰਾ ਦੀ ਮੇਨ ਬ੍ਰਾਂਚ ਕੁਰਾਲੀ ਵਿਖੇ ਹੈ, ਇਸ ਸਮੇਂ 825 ਦੇ ਕਰੀਬ ਮੰਦਬੁੱਧੀ ਬੱਚੇ, ਬਜ਼ੁਰਗਾਂ ਤੇ ਬੀਬੀਆਂ ਦੀ ਸੇਵਾ ਤੇ ਸੰਭਾਲ ਸੰਸਥਾ ਦੇ ਮੁਖੀ ਸ਼ਮਸ਼ੇਰ ਸਿੰਘ ਤੇ ਰਾਜਿੰਦਰ ਕੌਰ ਵੱਲੋਂ ਕੀਤੀ ਜਾ ਰਹੀ ਹੈ। ਪ੍ਰਭ ਆਸਰਾ ਸੰਸਥਾ ਦੇ ਮੈਂਬਰ ਗੋਰਾ ਫੇਰੂਰਾਈ ਕੈਨੇਡਾ ਵੱਲੋਂ ਨਿਰਮਲ ਸਿੰਘ ਗਿੱਲ ਅਮਰੀਕਾ ਨਿਵਾਸੀ ਦਾ ਬਜ਼ੁਰਗਾਂ ਲਈ ਕੀਤੀ ਸੇਵਾ ਲਈ ਧੰਨਵਾਦ ਕੀਤਾ ਗਿਆ। ਇਸ ਸਮੇਂ ਵਨੀਤ ਕੁਮਾਰ ਗੁਪਤਾ, ਸੂਬੇਦਾਰ ਜਗਸੀਰ ਸਿੰਘ ਤੇ ਹਰਦੀਪ ਸਿੰਘ ਬਿੰਜਲ ਆਦਿ ਹਾਜ਼ਰ ਸਨ।

## ਲੁੱਟਾਂ-ਖੋਹਾਂ ਕਰਨ ਤੇ ਫਿਰੌਤੀਆਂ ਮੰਗਣ ਦੇ ਦੋਸ਼ 'ਚ ਲੰਡਾ ਗੈਂਗ ਦੇ 4 ਗੁਰਗੇ ਅਸਲੇ ਸਮੇਤ ਕਾਬੂ



**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਅਲਬਰਟ)**-ਸਥਾਨਕ ਦਿਹਾਤੀ ਪੁਲਸ ਦੇ ਥਾਣਾ ਕਰਤਾਰਪੁਰ ਅਤੇ ਸੀ.ਆਈ.ਏ. ਸਟਾਫ ਦੀ ਪੁਲਸ ਵੱਲੋ ਸਾਂਝੀ ਕਾਰਵਾਈ ਕਰਦੇ ਹੋਏ ਲੁੱਟਾਂ-ਖੋਹਾਂ ਕਰਨ ਅਤੇ ਫਿਰੌਤੀਆਂ ਮੰਗਣ ਵਾਲੇ ਬਾਹਰਲੇ ਮੁਲਕ ਵਿੱਚ ਬੈਠੇ ਲਖਵੀਰ ਸਿੰਘ ਲੰਡਾ ਦੇ ਗੈਂਗ ਦੇ 4 ਗੁਰਗਿਆਂ ਨੂੰ ਸਮੇਤ ਅਸਲਾ ਗ੍ਰਿਫਤਾਰ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸਵਰਨਦੀਪ ਸਿੰਘ ਪੀ.ਪੀ.ਐਸ ਸੀਨੀਅਰ ਪੁਲਸ ਕਪਤਾਨ, ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਮਾੜੇ ਅਨਸਰਾਂ/ਨਸ਼ਾ ਤਸਕਰਾਂ/ ਲੁੱਟਾਂ ਖੋਹਾਂ ਕਰਨ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ ਪੁਲਸ ਕਪਤਾਨ, ਤਫਤੀਸ਼, ਸੁਰਿੰਦਰਪਾਲ ਧੋਗੜੀ ਪੀ.ਪੀ.ਐਸ ਉੱਪ ਪੁਲਸ ਕਪਤਾਨ, ਸਬ ਡਵੀਜਨ ਕਰਤਾਰਪੁਰ ਜਲੰਧਰ ਦਿਹਾਤੀ ਦੀ ਰਹਿਨੁਮਾਈ ਹੇਠ ਇੰਸਪੈਕਟਰ ਰਮਨਦੀਪ ਸਿੰਘ ਮੁੱਖ ਅਫਸਰ ਥਾਣਾ ਕਰਤਾਰਪੁਰ ਅਤੇ ਇੰਸਪੈਕਟਰ ਸੁਖਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਜਲੰਧਰ ਦਿਹਾਤੀ ਅਤੇ ਇੰਚਾਰਜ ਚੌਕੀ ਕਿਸ਼ਨਗੜ੍ਹ ਦੀ ਪੁਲਸ ਵੱਲੋਂ ਸਾਂਝੀ ਕਾਰਵਾਈ ਕਰਦੇ ਹੋਏ ਲੁੱਟਾਂ ਖੋਹਾਂ ਕਰਨ ਅਤੇ ਫਿਰੌਤੀਆਂ ਮੰਗਣ ਵਾਲੇ ਖਤਰਨਾਕ ਗਿਰੋਹ ਦੇ 04 ਲੁਟੇਰਿਆਂ ਨੂੰ 2 ਦੇਸੀ ਪਿਸਟਲ 32 ਬੋਰ, ਰੌਂਦ 10, 2 ਮੈਗਜੀਨ, 1 ਦੇਸੀ ਪਿਸਟਲ 9, 02 ਰੌਂਦ , 1 ਕੱਟਾ 12 ਬੋਰ,11 ਰੌਂਦ ਅਤੇ 2 ਮੋਟਰਸਾਇਕਲ ਨੰਬਰੀ - 08—9414 ਮਾਰਕਾ ਰੰਗ ਕਾਲਾ ਅਤੇ ਦੂਸਰਾ ਮੋਟਰ ਸਾਇਕਲ ਬਿਨਾਂ ਨੰਬਰੀ ਮਾਰਕਾ -15 ਰੰਗ ਕਾਲਾ ਅਸਲਾ ਸਮੇਤ ਗ੍ਰਿਫਤਾਰ ਕੀਤਾ ਹੈ। ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਨੇ ਦੱਸਿਆ ਕਿ ਮਿਤੀ 08-12-2023 ਨੂੰ ਇੰਚਾਰਜ ਚੌਂਕੀ ਕਿਸ਼ਨਗੜ੍ਹ ਬਲਵੀਰ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਪਾਸ ਦੌਰਾਨੇ ਨਾਕਾਬੰਦੀ ਇਕ ਸਮਾਜ ਸੇਵਕ ਨੇ ਹਾਜਰ ਆ ਕੇ ਇਤਲਾਹ ਦਿੱਤੀ ਕਿ ਵਿਜੈ ਕੁਮਾਰ ਪੁੱਤਰ ਦਲਵੀਰ ਸਿੰਘ ਵਾਸੀ ਭੀਖਾ ਨੰਗਲ ਥਾਣਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਰਾਹੁਲ ਪੁੱਤਰ ਰਜਿੰਦਰ ਕੁਮਾਰ ਵਾਸੀ 1034 ਬਸਤੀ ਮਿੱਠੂ, ਥਾਣਾ ਬਸਤੀ ਬਾਵਾ ਖੇਲ ਜ਼ਿਲ੍ਹਾ ਜਲੰਧਰ,ਅਮਰਦੀਪ ਸਿੰਘ ਉਰਫ ਪਟਵਾਰੀ ਪੁੱਤਰ ਹਰਜੀਤ ਸਿੰਘ ਵਾਸੀ ਢੰਡੋਰ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ ਅਤੇ ਸੂਰਜ ਸਿੰਘ ਪੁੱਤਰ ਕਮਲਜੀਤ ਸਿੰਘ ਵਾਸੀ 05, ਗਲੀ ਨੰਬਰ 03, ਬਸਤੀ ਪੀਰ ਦਾਸ ਥਾਣਾ ਬਸਤੀ ਬਾਵਾ ਖੇਲ ਜ਼ਿਲ੍ਹਾ ਜਲੰਧਰ ਮੋਟਰਸਾਇਕਲਾਂ ਪਰ ਸਵਾਰ ਹੋ ਕੇ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਲਈ ਇਲਾਕੇ ਵਿਚ ਘੁੰਮ ਰਹੇ ਹਨ। ਪਾਸ ਨਜਾਇਜ਼ ਅਸਲਾ ਹੈ ਜੋ ਉਕਤ ਸਾਰੇ ਵਿਅਕਤੀ ਲੋਕਾਂ ਨੂੰ ਨਜਾਇਜ ਅਸਲਾ ਦਿਖਾ ਕੇ ਡਰਾ ਧਮਕਾ ਕੇ ਸੋਟਾ ਮਾਰ ਕੇ ਲੁੱਟਾਂ-ਖੋਹਾਂ ਕਰਦੇ ਅਤੇ ਫਿਰੌਤੀਆਂ ਮੰਗਦੇ ਹਨ। ਬਲਵੀਰ ਸਿੰਘ ਨੇ ਮੁੱਕਦਮਾ ਨੰਬਰ 16 ਮਿਤੀ 08-02-2023 ਅਧ 379-386, 392, 506, 25 54 59 ਅਸਲਾ ਐਕਟ ਥਾਣਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਦਿਹਾਤੀ ਦਰਜ ਕਰਕੇ ਸਮੇਤ ਸਾਥੀ ਕਰਮਚਾਰੀਆਂ ਦੇ ਮੁਖਬਰ ਖਾਸ ਵੱਲੋਂ ਦੱਸੀ ਹੋਈ ਜਗ੍ਹਾ ਡਰੇਨ ਪੋਲੀ ਦੁੱਗਰੀ ਵਿਖੇ ਨਾਕਾਬੰਦੀ ਕੀਤੀ ਤਾਂ 2 ਮੋਟਰਸਾਇਕਲਾਂ ਪਰ ਸਵਾਰ ਵਿਅਕਤੀ ਜੋ ਪਿੰਡ ਰਸੂਲਪੁਰ ਦੀ ਤਰਫੋਂ ਆ ਰਹੇ ਸਨ ਜਿਹਨਾਂ ਨੂੰ ਬਲਵੀਰ ਸਿੰਘ ਨੇ ਰੁਕਣ ਦਾ ਇਸ਼ਾਰਾ ਕੀਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਪਿਛੇ ਮੁੜਨ ਲੱਗੇ ਜਿਸ ਤੇ ਬਲਵੀਰ ਸਿੰਘ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਮੋਟਰਸਾਇਕਲਾਂ ਪਰ ਸਵਾਰ ਵਿਅਕਤੀਆਂ ਵਿਜੈ ਕੁਮਾਰ, ਰਾਹੁਲ, ਅਮਰਦੀਪ ਸਿੰਘ ਉਰਫ ਪਟਵਾਰੀ ਅਤੇ ਸੂਰਜ ਸਿੰਘ ਕਾਬੂ ਕਰਕੇ ਉਹਨਾਂ ਪਾਸੋਂ ਉਪਰੋਕਤ ਅਸਲਾ ਬ੍ਰਾਮਦ ਕੀਤਾ। ਵਿਜੈ ਕੁਮਾਰ ਅਤੇ ਅਮਰਦੀਪ ਸਿੰਘ ਉਰਫ ਪਟਵਾਰੀ ਨੇ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਜ਼ਿਲ੍ਹਾ ਕਪੂਰਥਲਾ ਦੇ ਥਾਣਾ ਢਿੱਲਵਾਂ ਦੇ ਪਿੰਡ ਗਾਜੀ ਗਡਾਣਾ ਦੇ ਵਿਅਕਤੀ ਲਖਵਿੰਦਰ ਸਿੰਘ ਪੁੱਤਰ ਸਰਦਾਰਾ ਸਿੰਘ ਨੂੰ ਅਗਵਾ ਕਰਕੇ 3 ਕਰੋੜ ਰੁਪਏ ਦੀ ਫਿਰੌਤ ਮੰਗੀ ਸੀ ਜਿਸ 'ਤੇ ਮੁੱਕਦਮਾ ਨੰਬਰ 62 ਮਿਤੀ (03-1-2023) ਅਧ 364-343, 212, 148, 149, 120-ਥਾਣਾ ਢਿੱਲਵਾ ਜ਼ਿਲ੍ਹਾ ਕਪੂਰਥਲਾ ਦਰਜ ਹੈ, ਜਿਸ ਵਿਚੋਂ ਇਹ ਵਿਅਕਤੀ ਭਗੌੜੇ ਹਨ।

ਗ੍ਰਿਫਤਾਰ ਕੀਤੇ ਗਏ ਲੁਟੇਰਿਆਂ ਪਰ ਹੋਰ ਵੀ ਵੱਖ ਵੱਖ ਜ਼ਿਲ੍ਹਿਆਂ ਵਿਚ ਅਪਰਾਧਿਕ ਮੁੱਕਦਮੇ ਦਰਜ ਹਨ ਅਤੇ ਜਿਹਨਾਂ ਵਿਚ ਇਹ ਵਿਅਕਤੀ ਲੋੜੀਂਦੇ ਹਨ। ਗ੍ਰਿਫਤਾਰ ਕੀਤੇ ਲੁਟੇਰਿਆਂ ਨੂੰ ਮਿਤੀ 09-12-20123 ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਗਿਆ ਹੈ ਅਤੇ ਫੜੇ ਗਏ ਲੁਟੇਰਿਆਂ ਪਾਸੋਂ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਭਾਖੜਾ ਨਹਿਰ 'ਚ ਕਾਰ ਡਿੱਗਣ ਨਾਲ ਪਰਵਾਰ ਦੇ ਤਿੰਨ ਜੀਆਂ ਦੀ ਮੌਤ



ਤਿੰਨੇ ਮ੍ਰਿਤਕ ਅਕਸ਼ੇ ਕੁਮਾਰ ਤੇ ਉਸਦੀ ਪਤਨੀ ਸੁਮਨ ਤੇ ਸਰੋਜ ਰਾਣੀ ਦੀ ਤਸਵੀਰ।

**ਨੰਗਲ (ਸੁਰਜੀਤ ਢੇਰ)**

ਬੀ ਬੀ ਐਮ ਬੀ ਹਾਈਡਲ ਨੰਗਲ ਭਾਖੜਾ ਨਹਿਰ ਵਿੱਚ ਐਮ ਪੀ ਕੋਠੀ ਕੋਲ ਇੱਕ ਆਈ-20 ਗੱਡੀ ਡਿੱਗਣ ਕਰਕੇ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਤੇ ਇੱਕ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਹਾਦਸਾ ਦੁਪਹਿਰ ਸਵਾ ਤਿੰਨ ਵਜੇ ਦੇ ਕਰੀਬ ਵਾਪਰਿਆ ਤੇ ਕੁਝ ਦੇਰ ਬਾਅਦ ਮੋਹਨ ਲਾਲ ਨੂੰ ਨਹਿਰ 'ਚੋਂ ਲੋਕਾਂ ਦੀ ਮਦਦ ਨਾਲ ਬਾਹਰ ਕੱਢ ਲਿਆ ਗਿਆ। ਨਹਿਰ 'ਚ ਡਿੱਗੀ ਗੱਡੀ 2 ਘੰਟੇ ਤੱਕ ਘਟਨਾ ਵਾਲੀ ਥਾਂ ਤੋਂ ਕੁਝ ਦੂਰ ਪਾਣੀ ਵਿੱਚ ਹੀ ਰਹੀ। ਇਲਾਕੇ ਦੇ ਮਸ਼ਹੂਰ ਗੋਤਾਖੋਰ ਕਮਲਪ੍ਰੀਤ ਸੈਣੀ ਦੀ ਟੀਮ ਨੇ ਗੱਡੀ ਸਣੇ ਮ੍ਰਿਤਕ ਦੇਹਾਂ ਨੂੰ ਨਹਿਰ 'ਚੋਂ ਲੋਕਾਂ ਦੀ ਮਦਦ ਨਾਲ ਬਾਹਰ ਕੱਢਿਆ। ਪੱਤਰਕਾਰਾਂ ਨਾਲ ਗੱਲ ਕਰਦਿਆਂ ਮੌਕੇ ਤੇ ਮੌਜੂਦ ਪੁਲਸ ਅਧਿਕਾਰੀ ਪ੍ਰੀਤਮ ਸਿੰਘ ਨੇ ਕਿਹਾ ਕਿ ਜਿਸ ਵਿਅਕਤੀ ਨੂੰ ਲੋਕਾਂ ਦੀ ਮਦਦ ਨਾਲ ਪਹਿਲਾਂ ਹੀ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ, ਉਸਦਾ ਨਾਮ ਮੋਹਨ ਸਿੰਘ (65) ਤੇ ਉਹ ਜਵਾਹਰ ਮਾਰਕੀਟ ਦਾ ਰਹਿਣ ਵਾਲਾ ਹੈ। ਮੋਹਨ ਸਿੰਘ ਦੀ ਪਤਨੀ ਸਰੋਜ (58), ਉਸਦਾ ਜੀਜਾ ਅਕਸ਼ੇ ਕੁਮਾਰ (60) ਤੇ ਭੈਣ ਸੁਮਨ (55) ਵਾਸੀ ਸ਼ਿਵਾਲਿਕ ਐਵਨਿਊ, ਮੱਥਾ ਟੇਕਣ ਲਈ ਘਰ ਤੋਂ ਕੁਝ ਦੂਰ ਹੀ ਨਹਿਰ ਕੰਢੇ ਗਊਸ਼ਾਲਾ ਨਾਲ ਬਣੇ ਧੂਣਾ ਮੰਦਰ ਵਿਖੇ ਗਏ ਸਨ। ਵਾਪਸ ਪਰਤਣ ਸਮੇਂ ਚਾਲਕ ਅਕਸ਼ੇ ਕੁਮਾਰ ਕੋਲੋ ਚਾਣਚੱਕ ਗੱਡੀ ਬੇਕਾਬੂ ਹੋ ਕੇ ਨਹਿਰ ਵਿੱਚ ਜਾ ਡਿੱਗੀ। ਗੋਤਾਖੋਰਾਂ ਦੀ ਮਦਦ ਨਾਲ ਮ੍ਰਿਤਕ ਦੇਹਾਂ ਨੂੰ ਗੱਡੀ ਸਣੇ ਬਾਹਰ ਕੱਢਿਆ ਜਾ ਚੁੱਕਾ ਹੈ। ਮ੍ਰਿਤਕ ਦੇਹਾਂ ਦਾ ਪੋਸਟਮਾਰਟਮ ਕਰਵਾ ਕੇ ਲਾਸ਼ਾਂ ਪਰਵਾਰਕ ਮੈਂਬਰਾਂ ਸਪੁਰਦ ਕਰ ਦਿੱਤੀਆਂ ਜਾਣਗੀਆਂ। ਇਸ ਮੌਕੇ ਬੀ ਬੀ ਐਮ ਬੀ ਡਿਪਟੀ ਚੀਫ ਹੁਸਨ ਲਾਲ ਕੰਬੋਜ, ਥਾਣਾ ਮੁਖੀ ਦਾਨਿਸ਼ਵੀਰ ਸਿੰਘ, ਕੌਂਸਲਰ ਬਲਵਿੰਦਰ ਬਾਲੀ, ਸਮਾਜ ਸੇਵੀ ਰਾਜੂ ਅਰੋੜਾ ਤੇ ਸੈਂਕੜੇ ਲੋਕ ਮੌਜੂਦ ਸਨ।

## ਐੱਸ ਐੱਫ ਸੀ ਸਕੂਲ 'ਚ ਲਗਾਈ ਵਿਗਿਆਨ ਪ੍ਰਦਰਸ਼ਨੀ



**ਮੋਗਾ (ਅਮਰਜੀਤ ਬੱਬਰੀ)**-ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਐੱਸ ਐੱਫ ਸੀ ਪਬਲਿਕ ਸਕੂਲ ਜਲਾਲਾਬਾਦ ਮੋਗਾ ਵਿਖੇ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ 9ਵੀਂ ਤੇ 10ਵੀਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਨੇ ਵਿਗਿਆਨ ਨਾਲ ਸੰਬਧਤ ਵੱਖ ਵੱਖ ਮਾਡਲ ਬਣਾਏ ਤੇ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨੀ ਵਿੱਚ ਪਾਚਨ ਕਿਰਿਆ, ਦਿਲ ਦੀ ਗਤੀ ਤੇ ਊਰਜਾ ਸੁਰੱਖਿਆ ਸੰਬੰਧੀ ਮਾਡਲ ਤਿਆਰ ਕੀਤੇ ਗਏ ਅਤੇ ਵਿਦਿਆਰਥੀਆਂ ਨੇ ਖੁਦ ਇਨ੍ਹਾਂ ਦੀ ਕਿਰਿਆਸ਼ੀਲਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਅਧਿਆਪਕਾਂ ਵੱਲੋਂ ਪ੍ਰਦਰਸ਼ਨੀ ਵਿੱਚ ਤਿਆਰ ਮਾਡਲਾਂ ਬਾਰੇ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛੇ ਗਏ, ਜਿਨ੍ਹਾਂ ਦੇ ਜਵਾਬ ਵਿਦਿਆਰਥੀਆਂ ਨੇ ਬਾਖੂਬੀ ਦਿੱਤੇ। ਇਸ ਮੌਕੇ ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਨੇ ਕਿਹਾ ਕਿ ਬੱਚਿਆਂ ਵਿੱਚ ਵਿਗਿਆਨਕ ਰੁਚੀ ਪੈਦਾ ਕਰਨ ਲਈ ਅਜਿਹੀਆਂ ਵਿਗਿਆਨ ਪ੍ਰਦਰਸ਼ਨੀਆਂ ਕਾਰਗਰ ਸਿੱਧ ਹੁੰਦੀਆਂ ਹਨ ਤੇ ਬੱਚਿਆਂ ਦੀ ਪ੍ਰਤਿਭਾ ਵਿੱਚ ਨਿਖਾਰ ਆਉਂਦਾ ਹੈ। ਵਿਦਿਆਰਥੀਆਂ ਨੇ ਆਪਣੇ ਮਾਡਲਾਂ ਰਹੀਂ ਸਾਰਿਆਂ ਨੂੰ ਪ੍ਰਭਾਵਿਤ ਕੀਤਾ। ਸਕੂਲ ਪ੍ਰਿੰ. ਸ੍ਰੀਮਤੀ ਸ਼ੀਨਮ ਜਿੰਦਲ ਨੇ ਆਸ ਪ੍ਰਗਟ ਕੀਤੀ ਕਿ ਅਜਿਹੇ ਪ੍ਰਤਿਭਾਵਾਨ ਬੱਚੇ ਭਵਿੱਖ ਵਿੱਚ ਵਧੀਆ ਸੋਚ ਨਾਲ ਅੱਗੇ ਵਧਣਗੇ ਤੇ ਦੇਸ਼ ਨੂੰ ਉਚਾਈਆਂ ਤੱਕ ਲੈ ਕੇ ਜਾਣਗੇ।

## ਆਲ ਇੰਡੀਆ ਹਿਊਮਨ ਰਾਈਟਸ ਵੱਲੋਂ ਪੈਨਸ਼ਨ ਵੰਡ ਸਮਾਰੋਹ



**ਜਗਰਾਉਂ (ਅਮਿਤ ਖੰਨਾ)**-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ 155ਵੇਂ ਪੈਨਸ਼ਨ ਵੰਡ ਸਮਾਰੋਹ 'ਤੇ 25 ਬਜ਼ੁਰਗਾਂ ਨੂੰ ਪੈਨਸ਼ਨ ਵੰਡੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਲਖਵਿੰਦਰ ਸਿੰਘ ਔਲਖ (ਕੈਨੇਡੀਅਨ) ਤੇ ਉਨ੍ਹਾ ਦਾ ਪਰਿਵਾਰ ਸੀ। ਜਨਵਰੀ ਤੇ ਫਰਵਰੀ ਦੀ ਪੈਨਸ਼ਨ ਭਾਈ ਲਖਵਿੰਦਰ ਸਿੰਘ ਔਲਖ (ਕੈਨੇਡੀਅਨ) ਤੇ ਬਲਬੀਰ ਸਿੰਘ ਕਲੇਰ (ਕੈਨੇਡੀਅਨ) ਨੇ ਇੱਕ ਮਹੀਨੇ ਦੀ ਪੈਨਸ਼ਨ ਵੰਡੀ। ਲਖਵਿੰਦਰ ਸਿੰਘ ਤੇ ਬਲਵੀਰ ਸਿੰਘ ਨੇ ਕਿਹਾ ਕਿ ਉਹ ਹਮੇਸ਼ਾ ਹੀ ਇਸ ਸੰਸਥਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਤੇ ਖੜੇ ਰਹਿਣਗੇ। ਸਟੇਜ ਦੀ ਭੂਮਿਕਾ ਦਮਨਦੀਪ ਤੇ ਰਾਜਨ ਜੈਨ ਨੇ ਬਾਖੂਬੀ ਨਾਲ ਨਿਭਾਈ। ਫਾਇਨਾਂਸ ਸੈਕਟਰੀ ਰਾਜਨ ਬਾਂਸਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸ਼ਿਵਾਲਿਕ ਸਕੂਲ ਦੇ ਡੀ ਕੇ ਸ਼ਰਮਾ ਤੇ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਵੱਲੋਂ ਆਏ ਹੋਏ ਮਹਿਮਾਨਾਂ ਦੇ ਸਵਾਗਤ ਲਈ ਚਾਹ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ ਦੇ ਸਵਰਗੀ ਪਿਤਾ ਜੋਗਿੰਦਰ ਸਿੰਘ ਰਿਟਾਇਰ ਐਕਸੀਅਨ ਦੇ ਅਕਾਲ ਚਲਾਣੇ 'ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਦੋ ਮਿੰਟ ਦਾ ਮੌਨ ਵੀ ਧਾਰਿਆ ਗਿਆ। ਕੁਲਵੰਤ ਸਿੰਘ ਰਿਟਾਇਰਡ ਵੱਲੋਂ ਹਰੇਕ ਬਜ਼ੁਰਗ ਲਈ ਕੰਬਲ ਤੇ ਸੈਕਟਰੀ ਰਾਕੇਸ਼ ਮੈਨੀ ਵੱਲੋਂ ਗਰਮ ਸੂਟ ਵੰਡੇ ਗਏ। ਇਸ ਮੌਕੇ ਸੰਸਥਾ ਦੇ ਪੈਟਰਨ ਵਿਨੋਦ ਬਾਂਸਲ ਪੈਟਰਨ ਬਲਦੇਵ ਕ੍ਰਿਸ਼ਨ ਗੋਇਲ ਐਡਵੋਕੇਟ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ ਸੈਕਟਰੀ ਰਾਕੇਸ਼ ਮੈਨੀ, ਫਾਇਨਾਂਸ ਸੈਕਟਰੀ ਰਾਜਨ ਬਾਂਸਲ ਵਿਖੇ ਔਲਖ ਤੇ ਮਨਪ੍ਰੀਤ ਕੌਰ ਜਸਪਾਲ ਸਿੰਘ, ਗੁਰਪ੍ਰੀਤ ਸਿੰਘ, ਰਜਨੀਸ਼ ਪਾਲ ਸਿੰਘ, ਜਗਰੂਪ ਸਿੰਘ ਆਦਿ ਹਾਜ਼ਰ ਸਨ।

## ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਸਾਲਾਨਾ ਸ਼ਹੀਦੀ ਸਮਾਗਮ ਸਮਾਪਤ




**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ)**

ਸੂਰਬੀਰ ਯੋਧਿਆਂ ਵੱਲੋਂ ਕੀਤੀਆਂ ਵੱਡੀਆਂ ਕੁਰਬਾਨੀਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਹੋਂਦ 'ਚ ਆਇਆ ਹੈ। ਇਸ ਲਈ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਸ਼ਹੀਦਾਂ ਦੁਆਰਾ ਪਾਏ ਪੂਰਨਿਆਂ 'ਤੇ ਚੱਲੀਏ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਕੁਤਬਾ (ਬਰਨਾਲਾ) ਵਿਖੇ ਸਾਲਾਨਾ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਗੁਰਸਿੱਖੀ ਨਾਲ ਜੋੜਨ ਦੀ ਅਹਿਮ ਲੋੜ ਹੈ, ਇਸ ਲਈ ਸਮੂਹ ਸਿੱਖ ਸੰਗਤ ਆਪੋ ਆਪਣੇ ਘਰਾਂ 'ਚ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਰਹਿਤ ਮਰਿਆਦਾ ਜ਼ਰੂਰ ਪੜ੍ਹਨ। ਆਪਣੇ ਬੱਚਿਆਂ ਨੂੰ ਨਿੱਕੀ ਉਮਰ ਤੋਂ ਹੀ ਗੁਰਮਤਿ ਨਾਲ ਜੋੜਨ। ਇਸ ਮੌਕੇ ਉਨ੍ਹਾਂ ਸ਼ਹੀਦੀ ਯਾਦਗਾਰ ਲਈ ਆਰਥਿਕ ਮਦਦ ਭੇਜਣ ਦਾ ਭਰੋਸਾ ਦਿੰਦਿਆਂ ਕਿ ਕੌਮ ਦੇ ਸ਼ਹੀਦ ਸਾਡੇ ਕੋਲੋਂ ਸਤਿਕਾਰ ਮੰਗਦੇ ਹਨ, ਉਨ੍ਹਾਂ ਦੀ ਤੁਲਨਾ ਪੈਸੇ ਨਾਲ ਨਹੀਂ ਕੀਤੀ ਜਾ ਸਕਦੀ।

ਅੰਤ੍ਰਿੰਗ ਕਮੇਟੀ ਮੈਂਬਰ ਭਾਈ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਘੱਲੂਘਾਰੇ ਦੇ ਮਹਾਨ ਸ਼ਹੀਦ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਦੀ ਕੁਰਬਾਨੀ ਦਾ ਸਿੱਖ ਇਤਿਹਾਸ 'ਚ ਸਤਿਕਾਰਤ ਸਥਾਨ ਹੈ। ਏਨੀ ਵੱਡੀ ਕੁਰਬਾਨੀ ਦੀ ਮਿਸਾਲ ਦੁਨੀਆ ਦੇ ਕਿਸੇ ਹੋਰ ਇਤਿਹਾਸ 'ਚ ਨਹੀਂ ਮਿਲਦੀ। ਕੌਮੀ ਜਥੇਬੰਦਕ ਸਕੱਤਰ ਰਿੰਕਾ ਕੁਤਬਾ ਬਾਹਮਣੀਆਂ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਸਾਬਕਾ ਚੇਅਰਮੈਨ ਅਜੀਤ ਸਿੰਘ ਕੁਤਬਾ ਨੇ ਸ਼ਹੀਦੀ ਯਾਦਗਾਰ ਦੀ ਉਸਾਰੀ ਵਾਸਤੇ ਸ਼੍ਰੋਮਣੀ ਕਮੇਟੀ ਪਾਸੋਂ ਆਰਥਿਕ ਮੱਦਦ ਦੀ ਮੰਗ ਕੀਤੀ। ਦੂਸਰੇ ਪਾਸੇ ਕਾਂਗਰਸ ਪਾਰਟੀ ਵੱਲੋਂ ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ, ਗੁਰਮੇਲ ਸਿੰਘ ਮੌੜ ਤੋਂ ਇਲਾਵਾ ਨੌਜਵਾਨ ਆਗੂ ਲੱਖਾ ਸਿਧਾਣਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮੁਕੰਦ ਸਿੰਘ ਕੁਤਬਾ ਦੀ ਅਗਵਾਈ ਹੇਠ ਵੱਖ-ਵੱਖ ਆਗੂਆਂ, ਦਾਨੀ ਸੱਜਣਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਰਾਜਿੰਦਰ ਸਿੰਘ ਛੀਨੀਵਾਲ, ਗੁਰਮੇਲ ਸਿੰਘ ਛੀਨੀਵਾਲ, ਗੁਰਦੀਪ ਸਿੰਘ ਟਿਵਾਣਾ, ਭੁਪਿੰਦਰ ਸਿੰਘ ਕੁਤਬਾ, ਸੁਖਵਿੰਦਰ ਸਿੰਘ ਸੁੱਖਾ, ਢਾਡੀ ਨਾਥ ਸਿੰਘ ਹਮੀਦੀ ਤੇ ਗੁਰਦੀਪ ਸਿੰਘ ਛਾਪਾ ਆਦਿ ਹਾਜ਼ਰ ਸਨ।

## ਦੇਵ ਮਾਨ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਾਸੀਆਂ ਦੀ ਹਰ ਮੁਸ਼ਕਲ ਦਾ ਹੱਲ ਕੀਤਾ ਜਾਵੇਗਾ। ਕਿਸੇ ਨੂੰ ਵੀ ਕੋਈ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਕੋ-ਇਕ ਸੁਪਨਾ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ ਹੈ ਅਤੇ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਗੁਰਦੇਵ ਸਿੰਘ ਦੇਵ ਮਾਨ ਵਿਧਾਇਕ ਨੇ ਕਨੇਡਾ ਤੋਂ ਨਾਭਾ ਪਹੁੰਚਣ 'ਤੇ ਆਪਣੇ ਦਫ਼ਤਰ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਉਨ੍ਹਾਂ ਵੱਲੋਂ ਬਿਨਾਂ ਪੱਖਪਾਤ ਤੋਂ ਹਲਕੇ ਦਾ ਵਿਕਾਸ ਯੋਜਨਾਬੱਧ ਢੰਗ ਨਾਲ ਕੀਤਾ ਜਾ ਰਿਹਾ ਹੈ। ਦੇਵ ਮਾਨ ਨੇ ਕਿਹਾ ਕਿ ਹਲਕੇ ਵਿਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਾਏ ਜਾਣਗੇ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਸਫ਼ਾਈ ਦਾ ਬਹੁਤ ਵਧੀਆ ਢੰਗ ਨਾਲ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਘਰ ਦਾ ਕੂੜਾ ਕਰਕਟ ਸੜਕ 'ਤੇ ਨਾ ਸੁੱਟਣ। ਇਸ ਨਾਲ ਨਾਲੀਆਂ ਵਿਚ ਪਲਾਸਟਿਕ ਦੇ ਲਿਫ਼ਾਫ਼ੇ ਫਸ ਜਾਂਦੇ ਹਨ ਅਤੇ ਖੜੇ ਪਾਣੀ ਦੀ ਨਿਕਾਸੀ ਲਈ ਹੁੰਦੀ। ਉਨ੍ਹਾਂ ਸਹਿਰ ਵਾਸੀਆਂ ਨੂੰ ਕਿਹਾ ਕਿ ਉਹ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਹਿਯੋਗ ਦੇਣ।

## ਫਸਲਾਂ ਦੇ ਮੁਆਵਜ਼ੇ ਲਈ ਭਾਕਿਯੂ ਵੱਲੋਂ ਡੀ ਸੀ ਦਫਤਰ ਦਾ ਘਿਰਾਓ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਮਰੀਆਂ ਫਸਲਾਂ ਦੇ ਮੁਆਵਜ਼ੇ, ਲੰਪੀ ਸਕਿੰਨ ਨਾਲ ਮਰੇ ਪਸ਼ੂਆਂ ਦੀ ਵਿੱਤੀ ਸਹਾਇਤਾ, ਵੈਟਰਨਰੀ ਫਾਰਮਾਸਿਸਟਾਂ ਦੀ ਤਨਖਾਹ ਵਿੱਚ ਵਾਧੇ, ਛੋਟੀ ਕਿਸਾਨੀ ਲਈ ਮੋਟਰ ਕੁਨੈਕਸ਼ਨ ਆਦਿ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮਾਨਸਾ ਦਾ ਘਿਰਾਓ ਕੀਤਾ ਗਿਆ। ਇਸ ਸਮੇਂ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਭਾਵੇਂ ਸੂਬਾ ਸਰਕਾਰ ਨੇ ਬਿਆਨ ਜਾਰੀ ਕਰਦਿਆਂ ਲੋਕਾਂ ਦੀਆਂ ਮੰਗਾਂ ਮੰਨ ਲੈਣ ਦਾ ਵਾਅਦਾ ਕੀਤਾ ਸੀ, ਪਰ ਉਸ ਦਾ ਹਾਲੇ ਤੱਕ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ, ਸਗੋਂ ਨਰਮੇ ਤੇ ਪਸ਼ੂਆਂ ਦੇ ਗਲਤ ਅੰਕੜੇ ਦੇ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਕਾਰਪੋਰੇਟਾਂ ਦੇ ਮਾਰੂ ਹੱਲੇ ਨੂੰ ਮੋੜਾ ਦੇਣ ਲਈ ਪੀੜਤ ਕਿਸਾਨੀ ਨੂੰ ਸੰਘਰਸ਼ ਵਿੱਚ ਕੁੱਦਣਾ ਸਮੇਂ ਦੀ ਲੋੜ ਹੈ। ਜ਼ਿਲ੍ਹਾ ਜਨਰਲ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ ਵਿੱਚ, ਜੋ ਕਿਸਾਨ ਅਜੇ ਤੱਕ ਮੋਟਰ ਕੁਨੈਕਸ਼ਨਾਂ ਤੋਂ ਵਾਂਝੇ ਹਨ, ਉਨ੍ਹਾਂ ਨੂੰ ਸਰਕਾਰ ਫੌਰੀ ਤੌਰ 'ਤੇ ਕੁਨੈਕਸ਼ਨ ਜਾਰੀ ਕਰੇ, ਕਿਉਂਕਿ ਛੋਟੀ ਕਿਸਾਨੀ ਤੇਲ ਕੀਮਤਾਂ ਦੇ ਵਾਧੇ ਕਾਰਨ ਖੇਤੀ ਕਰਨ ਤੋਂ ਅਸਮਰੱਥ ਹੋ ਗਈ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨੀ ਘੋਲ ਦੇ ਸ਼ਹੀਦ ਕਿਸਾਨਾਂ ਦੇ ਜੋ ਪਰਿਵਾਰ ਅਜੇ ਤੱਕ ਨੌਕਰੀ ਤੋਂ ਵਾਂਝੇ ਹਨ, ਉਨ੍ਹਾਂ ਨੂੰ ਨੌਕਰੀਆਂ ਵੀ ਦਿੱਤੀਆਂ ਜਾਣ। ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਦੇਵ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਸੂਬਾ ਸਰਕਾਰ ਪੱਕਾ ਰੁਜ਼ਗਾਰ ਦੇਣ ਦੀ ਬਜਾਏ ਆਮ ਆਦਮੀ ਕਲੀਨਿਕਾਂ ਦੇ ਨਾਂਅ ਉੱਤੇ ਸਿਹਤ ਸਹੂਲਤਾਂ ਨੂੰ ਨੂੰ ਨਿੱਜੀ ਹੱਥਾਂ 'ਚ ਦੇਣਾ ਚਾਹੁੰਦੀ ਹੈ, ਪਰ ਜਥੇਬੰਦੀ ਵੱਲੋਂ ਸਰਕਾਰ ਦੇ ਮਨਸੂਬਿਆਂ ਨੂੰ ਬੂਰ ਨਹੀਂ ਪੈਣ ਦਿੱਤਾ ਜਾਵੇਗਾ। ਇਸ ਮੌਕੇ ਜਗਦੇਵ ਸਿੰਘ ਕੋਟਲੀ, ਹਰਮੀਤ ਸਿੰਘ ਝੰਡਾ ਕਲਾਂ, ਰੂਪ ਸਿੰਘ ਖਿਆਲਾ, ਬਲਵੀਰ ਸਿੰਘ ਝੰਡੂਕੇ, ਜੁਗਰਾਜ ਸਿੰਘ ਹੀਰੇ, ਬਲਜੀਤ ਸਿੰਘ ਭੈਣੀ, ਰਣਜੀਤ ਸਿੰਘ ਬੁਰਜ, ਅਜੈਬ ਸਿੰਘ ਰਾਏਪੁਰ, ਦੀਦਾਰ ਸਿੰਘ, ਰੂਪ ਸ਼ਰਮਾ, ਡਾ. ਦਿਲਬਾਗ ਸਿੰਘ ਆਹਲੂਪੁਰ, ਬਿੰਦਰ ਸਿੰਘ ਭੰਮੇ ਖੁਰਦ, ਬਿੰਦਰ ਸਿੰਘ ਪੇਰੋਂ, ਰਾਣੀ ਕੌਰ, ਗੁਰਵਿੰਦਰ ਕੌਰ ਆਦਿ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।

## ਪੰਜਾਬੀ ਸਾਹਿਤ ਸਭਾ ਵੱਲੋਂ ਜਗਦੇਵ ਸ਼ਰਮਾ ਤੇ ਕਿਰਪਾਲ ਸਿੰਘ ਜਵੰਧਾ ਦਾ ਸਨਮਾਨ



**ਧੂਰੀ (ਸੁਖਦੇਵ ਧੂਰੀ)**-ਪੰਜਾਬੀ ਸਾਹਿਤ ਸਭਾ ਨਾਲ ਜੁੜੇ ਸਾਹਿਤਕਾਰਾਂ ਦੀ ਇੱਕ ਇਕੱਤਰਤਾ ਮੌਕੇ ਰੂਬਰੂ ਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਹ ਇਕੱਤਰਤਾ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਸ਼ੁਰੂਆਤੀ ਦੌਰ ਵਿੱਚ ਸਭਾ ਨਾਲ ਜੁੜੇ ਡਾ. ਧਰਮ ਚੰਦ ਵਾਤਿਸ਼ ਦੀ ਜੀਵਨ ਸਾਥਣ ਕਾਂਤਾ ਵਾਤਿਸ਼ ਤੇ ਪ੍ਰਿੰਸੀਪਲ ਸੰਤ ਸਿੰਘ ਸਿੱਧੂ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਦੂਜੇ ਦੌਰ ਵਿੱਚ ਲੇਖਕ ਜਗਦੇਵ ਸ਼ਰਮਾ ਬੁਗਰਾ ਤੇ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਨੂੰ ਹਾਜ਼ਰ ਮੈਂਬਰਾਂ ਵੱਲੋਂ ਸਾਲਾਨਾ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੇਵਾਮੁਕਤ ਬੈਂਕ ਮੈਨੇਜਰ ਜਗਦੇਵ ਸ਼ਰਮਾ ਨੇ ਆਪਣੇ ਜੀਵਨ, ਸਾਹਿਤਕ ਸਫ਼ਰ ਅਤੇ ਵਿਸ਼ੇਸ਼ ਪ੍ਰਾਪਤੀਆਂ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ। ਅੰਤ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖੂਬ ਵਾਹ-ਵਾਹ ਖੱਟੀ। ਇਨ੍ਹਾਂ ਕਵੀਆਂ ਤੇ ਗ਼ਜ਼ਲਗੋ ਵਿੱਚ ਕਰਮ ਸਿੰਘ ਜ਼ਖ਼ਮੀ, ਮੀਤ ਸਕਰੌਦੀ, ਸੇਵਾ ਸਿੰਘ ਧਾਲੀਵਾਲ, ਮਹਿੰਦਰ ਜੀਤ ਧੂਰੀ, ਜਗਸੀਰ ਮੂਲੋਵਾਲ਼, ਸਤਨਾਮ ਸਿੰਘ ਪੰਧੇਰ, ਲਵਪ੍ਰੀਤ ਸਿੰਘ, ਪੰਕਜ ਸ਼ਰਮਾ, ਜਸਮੀਤ ਸਿੰਘ ਕੰਗਣਵਾਲ, ਕੁਲਦੀਪ ਸਿੰਘ ਹਰੀ, ਸੁੱਖੀ ਮੂਲੋਵਾਲ਼, ਅਮਰਜੀਤ ਅਮਨ, ਪੇਂਟਰ ਸੁਖਦੇਵ ਸਿੰਘ, ਚਰਨਜੀਤ ਮੀਮਸਾ, ਪਰਮਜੀਤ ਦਰਦੀ, ਸੁਖਦੇਵ ਸ਼ਰਮਾ, ਗੁਰਦਿਆਲ ਨਿਰਮਾਣ ਅਤੇ ਸੁਖਵਿੰਦਰ ਸਿੰਘ ਲੋਟੇ ਆਦਿ ਨੇ ਵਿਸ਼ੇਸ਼ ਹਾਜ਼ਰੀ ਦਰਜ ਕਰਾਈ।

## ਕਿਰਤੀ ਕਾਮਿਆਂ ਦੀ ਕਿਰਤ ਮੰਤਰੀ ਨਾਲ ਬੈਠਕ 13 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਅਤੇ ਜ਼ਿਲ੍ਹਾ ਲੇਬਰ ਕਮੇਟੀ ਦੇ ਮੈਂਬਰ ਦਲਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਉਸਾਰੀ ਕਿਰਤੀਆਂ ਦੀਆਂ ਮੰਗਾਂ-ਮਸਲੇ ਅਤੇ ਸਮੱਸਿਆਵਾਂ ਸੰਬੰਧੀ ਗੱਲਬਾਤ ਕਰਨ ਲਈ ਕਿਰਤ ਭਵਨ ਮੁਹਾਲੀ ਵਿਖੇ 13 ਫਰਵਰੀ ਨੂੰ ਕਿਰਤੀ ਮੰਤਰੀ ਅਨਮੋਲ ਗਗਨ ਮਾਨ ਦੀ ਅਗਵਾਈ ਹੇਠ ਇੱਕ ਬੈਠਕ ਰੱਖੀ ਗਈ ਹੈ, ਜਿਸ ਵਿੱਚ ਪੰਜਾਬ ਭਰ ਦੇ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਅਹੁਦੇਦਾਰ ਅਤੇ ਲੇਬਰ ਕਮੇਟੀਆਂ ਦੇ ਮੈਂਬਰ ਸ਼ਾਮਲ ਹੋਣਗੇ। ਵਿਰਦੀ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਤੋਂ ਰਾਜ ਸਿੰਘ ਸੂਬਾ ਸਕੱਤਰ, ਕੁਲਵਿੰਦਰ ਸਿੰਘ ਸੂਬਾ ਪ੍ਰਧਾਨ, ਨਿਰਮਲ ਸਿੰਘ ਜ਼ਿਲਾ ਖਜ਼ਾਨਚੀ, ਰਜਿੰਦਰ ਸਿੰਘ ਸੋਹਨੇਵਾਲਾ, ਨਿਸ਼ਾਨ ਸਿੰਘ, ਸਤਵਿੰਦਰ ਸਿੰਘ, ਬੇਅੰਤ ਸਿੰਘ ਅਤੇ ਜਸਵੀਰ ਸਿੰਘ ਸ਼ਾਮਲ ਹੋਣਗੇ।

## ਪੁਰਾਣੀ ਪੈਨਸ਼ਨ ਬਹਾਲੀ ਲਈ ਕਾਮਿਆਂ ਵੱਲੋਂ ਡੀ ਸੀ ਦਫ਼ਤਰ ਵਿਖੇ ਗੇਟ ਰੈਲੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਪੁਰਾਣੀ ਪੈਨਸ਼ਨ ਨੂੰ ਜ਼ਮੀਨੀ ਪੱਧਰ 'ਤੇ ਪੂਰਨ ਤਰ ਤੇ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ਼ ਯੂਨੀਅਨ, ਡੀ ਸੀ ਦਫ਼ਤਰ ਕਰਮਚਾਰੀ ਯੂਨੀਅਨ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਗੇਟ ਰੈਲੀ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਸਰਕਾਰੀ ਕਰਮਚਾਰੀਆਂ ਨੇ ਭਾਗ ਲਿਆ ਅਤੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸੀ ਪੀ ਐਫ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਦੀਵਾਲੀ ਦੇ ਤੋਹਫੇ ਦੇ ਨਾਂਅ 'ਤੇ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਪੱਤਰ ਤਾਂ ਜਾਰੀ ਕਰ ਦਿੱਤਾ ਗਿਆ ਪ੍ਰੰਤੂ ਏਨਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਐਨ ਪੀ ਐਸ ਮੁਲਾਜ਼ਮਾਂ ਦੀ ਜੀ ਪੀ ਐਫ ਕਟੌਤੀ ਸ਼ੁਰੂ ਨਹੀਂ ਹੋਈ ਅਤੇ ਨਾ ਹੀ ਇਸ ਸੰਬੰਧੀ ਮੁਕੰਮਲ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਜਿਸ ਕਾਰਨ ਸੂਬੇ ਦੇ ਲੱਖਾਂ ਮੁਲਾਜ਼ਮਾਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਮੁਲਾਜ਼ਮ ਵਿਰੋਧੀ ਰਵੱਈਏ ਕਾਰਨ ਮੁਲਾਜ਼ਮਾਂ ਵੱਲੋਂ ਦੁਬਾਰਾ ਸੰਘਰਸ਼ਾਂ ਦਾ ਰਾਹ ਚੁਣਿਆ ਗਿਆ ਹੈ ਅਤੇ ਆਉਣ ਵਾਲੇ ਸਮੇਂ 'ਚ ਸਰਕਾਰ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੌਕੇ ਪੰਜਾਬ ਰਾਜ ਮਨਿਸਟਰੀਅਲ ਸਰਵਿਸਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ ਅਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਰਕਾਰ ਵੱਲੋਂ ਚੋਣਾਂ ਸਮੇਂ ਮੁਲਾਜ਼ਮਾਂ ਨਾਲ ਪੁਰਾਣੀ ਪੈਨਸ਼ਨ ਸਕੀਮ ਦਾ ਵਾਅਦਾ ਕੀਤਾ ਗਿਆ ਸੀ, ਜਿਸ ਦੇ ਚਲਦਿਆਂ ਹੀ ਮੁਲਾਜ਼ਮਾਂ ਨੇ ਵੱਡੇ ਪੱਧਰ 'ਤੇ ਆਮ ਆਦਮੀ ਪਾਰਟੀ ਦੇ ਹੱਕ 'ਚ ਫ਼ਤਵਾ ਦੇ ਕੇ ਜਿਤਾਇਆ ਸੀ ਪ੍ਰੰਤੂ ਸਰਕਾਰ ਆਪਣੇ ਵਾਅਦੇ ਨੂੰ ਜ਼ਮੀਨੀ ਪੱਧਰ 'ਤੇ ਪੂਰਨ ਤੌਰ 'ਤੇ ਲਾਗੂ ਕਰਨ ਵਿੱਚ ਟਾਲਮਟੋਲ ਕਰ ਰਹੀ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਮੌਕੇ ਡੀ ਸੀ ਦਫ਼ਤਰ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸਟੇਟ ਬਾਡੀ ਵੱਲੋਂ ਦਿੱਤੇ ਗਏ ਐਕਸ਼ਨ ਪ੍ਰੋਗਰਾਮ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ ਅਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀ ਐਂਡ ਆਰ ਵਿਭਾਗ ਦੇ ਸ਼ਮਿੰਦਰ ਸਿੰਘ, ਜਲ ਸਪਲਾਈ ਵਿਭਾਗ ਦੇ ਤਲਵਿੰਦਰ ਸਿੰਘ ਨਿੱਝਰ, ਡਰੇਨ ਵਿਭਾਗ ਦੇ ਵੀਰ ਸਿੰਘ, ਖਜ਼ਾਨਾ ਦਫ਼ਤਰ ਤੋਂ ਸਾਹਿਬ ਸਿੰਘ, ਰੋਡਵੇਜ਼ ਤੋਂ ਪਵਨ ਕੁਮਾਰ, ਸਿੱਖਿਆ ਵਿਭਾਗ ਤੋਂ ਰੁਪਿੰਦਰ ਸਿੰਘ, ਸਿਹਤ ਵਿਭਾਗ ਤੋਂ ਮਨਦੀਪ ਸਿੰਘ, ਡੀ ਸੀ ਦਫ਼ਤਰ ਤੋਂ ਭੁਪਿੰਦਰ ਸਿੰਘ ਸੁਪਰਡੈਂਟ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਜਗਤਾਰ ਸਿੰਘ, ਗੁਰਪ੍ਰੀਤ ਸਿੰਘ, ਦਲਜੀਤ ਸਿੰਘ, ਗੁਰਪ੍ਰੀਤ ਸਿੰਘ, ਰਾਜੇਸ਼ ਕਪੂਰ, ਕੁਲਵਿੰਦਰ ਕੌਰ, ਰਜਨੀ ਬਾਲਾ, ਨਵਨੀਤ ਕੌਰ, ਅਮੀਸ਼ਾ ਆਦਿ ਵੱਡੀ ਗਿਣਤੀ ਵਿੱਚ ਕਰਮਚਾਰੀ ਹਾਜ਼ਰ ਸਨ।


ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਉੱਤਰ ਰੇਲਵੇ**

G20

**ਈ-ਟੈਂਡਰ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਕੰਮ ਕਰਨ ਵਾਲੇ Sr.DEN-III/FZR ਹੇਠਾ ਦਿਤੀ ਗਈ ਟੈਂਡਰਾ ਦੇ ਲਈ ਖੁਲੀ ਟੈਂਡਰਾ (ਈ-ਟੈਂਡਰਾ) ਮੰਗ ਕਰਦੇ ਹਨ ਅਤੇ www.ireps.gov.in ਉਤੇ ਉਪਲਬਧ ਹੈ, ਜਿਸਦੀ ਆਖਰੀ ਮਿਤੀ 03.03.2023 ਤਕ ਹੈ। 15:00 ਵਜੇ। ਬੋਲੀ ਕਰਤਾ ਅਪਣੀ ਮੂਲ/ਸੰਸ਼ੋਧਿਤ ਬੋਲੀਆਂ ਆਖਰੀ ਮਿਤੀ ਅਤੇ ਸਮੇਂ ਤਕ ਹੀ ਜਮਾਂ ਕਰ ਸਕਣਗੇ। ਇਸ ਟੈਂਡਰ ਦੇ ਲਈ ਮੈਨੂੰਅਲ ਪ੍ਰਸਤਾਵਾਂ ਦੀ ਅਨੁਮਤੀ ਨਹੀਂ ਹੈ ਅਤੇ ਪ੍ਰਾਪਤ ਐਸੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਨੰਜਰਅੰਦਾਜ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਭੁਗਤਾਨ ਮੋਡ ਜਿਸਤਰ੍ਹਾਂ ਨੈਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਵਾਰਾ ਤੋਂ ਟੈਂਡਰ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਟੈਂਡਰ ਦੇ ਖਿਲਾਫ ਭੁਗਤਾਨ ਕਰਨ ਦੀ ਅਨੁਮਤੀ ਹੈ। ਡਿਮਾਂਡ ਡਰਾਫਟ, ਬੈਂਕਰਸ ਚੈਕ ਦੇ ਦੁਵਾਰਾ ਤੋਂ ਮੈਨੂੰਅਲ ਭੁਗਤਾਨ ਜਮਾਂ ਰਸੀਦਾਂ, ਐਫਡੀਆਰ ਆਦਿ ਦੀ ਅਨੁਮਤੀ ਨਹੀਂ ਹੈ। ਜ਼ਿਆਦਾ ਜਾਣਕਾਰੀ ਦੇ ਲਈ www.ireps.gov.in ਉਤੇ ਲਾਗਆਨ ਕਰੋ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ/ਸਮਾਂ |
| 09.02.23 | 17.02.23 | 03.03.2023/ 15:00 ਵਜੇ |

| ਲੜੀ ਨੰਬਰ | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | | |
|---|---|---|---|---|---|
| 1. | 430-2022-23-ASR-II-ASR | 166 nos. ਦਾ ਟੀਟੀਆਰ । 17 nos. ਦੇ ਪ੍ਰਤੀਸਥਾਪਨ ਦੇ ਲਈ FZR ਡਵੀਜ਼ਨ । 12 ਵਿਚ ਤੋਂ 1 ਟਰਨਆਉਟ ਅਤੇ 23 nos. ਅੰਮ੍ਰਿਤਸਰ, ਮਨਨਵਾਲਾ, ਜੰਡਿਯਾਲਾ ਅਤੇ ਟਾਂਗਰਾ ਸਟੇਸ਼ਨਾਂ ਉਤੇ 8.5 ਵਿਚ 1 ਟਰਨਆਉਟ (ਕੁਲ = 40 ਨੰਬਰ) ਅਤੇ FZR ਮੰਡਲ ਉਤੇ 242.339 ਕਿਮੀ ਦੇ ਸੀ/ਡਬਲਯੂ ਟੀਬੀਆਰ ਵਿਚ ਏਡੀਈਐਨ-II / ਏਐਸਆਰ ਦੇ ਅਧਿਕਾਰ ਖੇਤਰ ਵਿਚ ਵੱਖ-ਵੱਖ ਸਟੇਸ਼ਨਾਂ ਉਤੇ ਵੱਖ-ਵੱਖ ਯਾਰਡ ਲਾਇਨਾਂ ਦੀ ਗਹਿਰੀ ਸਕਰੀਨਿੰਗ | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 4,28,01,800.52/- | 3,64,000.00/- | 60 ਦਿਨ | 12 ਮਹੀਨੇ |
| | | ਕੰਮ ਦੀ ਸਮਾਨ ਪ੍ਰਕ੍ਰਿਤੀ – "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਸਹਿਤ ਟ੍ਰੈਕ ਦਾ ਉਠਨਾ / ਟ੍ਰੈਕ ਦੀ ਸਕਰੀਨਿੰਗ ਡਿਸਟ੍ਰੈਸਿੰਗ / ਟ੍ਰੈਕ ਮੈਂਟੇਨੈਂਸ ਮਸ਼ੀਨ ਜਿਸਤਰ੍ਹਾਂ ਟੈਮਪਿੰਗ ਮਸ਼ੀਨ / ਬੈਲਾਸਟ ਸਕਰੀਨਿੰਗ / ਰੇਗੁਲੇਟਿੰਗ ਮਸ਼ੀਨ ਅਤੇ ਟੀ-28 ਦੁਵਾਰਾ ਟੀਟੀਆਰ ਦੇ ਲਈ ਪਹਿਲਾ ਅਤੇ ਬਾਦ ਦੇ ਕੰਮ।" | | | |
| 2. | 401-22-23-ADEN-ASR-II | ਬੱਚੇ ਹੋਏ ਕੰਮਾਂ ਦਾ ਨਿਰਮਾਣ ਅਰਥਾਤ ਛੱਤ, ਰਿਟੇਨਿੰਗ ਵਾਲ, ਏਪ੍ਰੋਚ ਰੋਡ, ਰੀਚਾਰਜ ਵੇਲ, ਹਾਇਟ ਗੇਜ ਅਤੇ ਹੋਰ ਸਬੰਧਤ ਕੰਮ ਸਮਪਾਰ ਨੰਬਰ C-60, C-61 ਅਤੇ C-16 (VKA-DBNK ਅਨੁਭਾਗ) ਉਤੇ ਐਲਐਚਐਸ ਕੰਮਾਂ ਤੋਂ ਸਬੰਧਿਤ ਹੈ। | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 88,90,113.53 | 1,77,800.00 | 60 ਦਿਨ | 06 ਮਹੀਨੇ |
| | | ਕੰਮ ਦੀ ਸਮਾਨ ਪ੍ਰਕ੍ਰਿਤੀ – "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |

ਨੋਟ:- ਬੋਲੀ ਲਗਾਨ ਤੋਂ ਪਹਿਲਾ, ਬੋਲੀਦਾਤਾਵਾਂ ਨੂੰ ਟੈਂਡਰ ਦੇ ਖਿਲਾਫ ਜਾਰੀ ਕੀਤੇ ਗਏ ਕਿਸੀ ਸ਼ੁੱਧੀਪੱਤਰ ਦੀ ਜਾਂਚ ਕਰਨੀ ਚਾਹੀਦੀ।

ਨੰ: 770-W/169/WA/FZR/2022-23 ਮਿਤੀ: 10.02.2023 430/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਪੈਰਾਡਾਈਜ਼ ਸਕੂਲ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾ ਤੇ ਉੱਜਲੇ ਭਵਿੱਖ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਫੇਅਰਵੈਲ ਪਾਰਟੀ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਇਆ ਗਿਆ। ਬੱਚਿਆਂ ਦੇ ਸੁਨਹਿਰੇ ਭਵਿੱਖ ਤੇ ਉਨ੍ਹਾਂ ਦੀਆਂ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਸਫ਼ਲਤਾ ਲਈ ਅਰਦਾਸ ਕੀਤੀ ਗਈ। ਉਸ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਹੋਇਆ, ਜਿਸ ਵਿੱਚ ਬੱਚਿਆਂ ਨੇ ਸਕੂਲ ਨਾਲ ਜੁੜੀਆਂ ਆਪਣੀਆਂ ਯਾਦਾਂ, ਭਾਸ਼ਣ ਤੇ ਕਵਿਤਾਵਾਂ ਰਾਹੀਂ ਪ੍ਰਗਟ ਕੀਤੀਆਂ। ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਆਪਣੇ ਹੱਥੀਂ ਬਣਾਏ ਹੋਏ ਧੰਨਵਾਦ ਕਾਰਡ ਵੀ ਭੇਟ ਕੀਤੇ। ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਈ ਫਨ ਗੇਮਜ਼ ਅਤੇ ਰੈਂਪ ਵਾਕ ਦਾ ਆਯੋਜਨ ਵੀ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਸਕੂਲ ਤੇ ਅਧਿਆਪਕਾਂ ਦੇ ਸਤਿਕਾਰ ਅਤੇ ਧੰਨਵਾਦ ਵਿੱਚ ਪੇਸ਼ ਕੀਤੀ ਭਾਵ ਭਿੰਨੀ ਕੋਰੀਉਗ੍ਰਾਫ਼ੀ ਅਮਿੱਟ ਛਾਪ ਛੱਡ ਗਈ। ਬੱਚਿਆਂ ਨੂੰ ਬਹੁਤ ਸਾਰੇ ਖਿਤਾਬਾਂ ਨਾਲ ਨਿਵਾਜਿਆ ਗਿਆ। ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਅਨਮੋਲ ਕੌਰ, ਗੁੰਜਨ ਅਤੇ ਪ੍ਰਿੰਅੰਕਾ ਨੂੰ ਮਿਸ ਪੈਰਾਡਾਈਜ਼ ਦਾ ਤਾਜ ਪਹਿਨਾਇਆ ਗਿਆ। ਚਿਤੇਸ਼ ਬਾਰ੍ਹਵੀਂ (ਸਾਇੰਸ) ਨੂੰ ਮਿਸਟਰ ਪੈਰਾਡਾਈਜ਼ ਦੇ ਖਿਤਾਬ ਨਾਲ ਨਿਵਾਜਿਆ ਗਿਆ। ਇਹ ਦਿਨ ਬੱਚਿਆਂ ਤੇ ਅਧਿਆਪਕਾਂ ਲਈ ਖੁਸ਼ੀਆਂ ਅਤੇ ਗ਼ਮ ਦੀਆਂ ਮਿਲੀਆਂ ਯਾਦਾਂ ਬਣ ਕੇ ਸਮਾਪਤ ਹੋਇਆ।

## ਪਬਲਿਕ ਸਕੂਲ ਸਮਾਣਾ ਵਿਖੇ ਵਿਦਾਇਗੀ ਸਮਾਗਮ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਵਿਖੇ 11ਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਗਮ ਕਰਵਾਇਆ ਗਿਆ। ਸਕੂਲ ਦੇ ਪ੍ਰਧਾਨ ਜੀਵਨ ਗਰਗ ਤੇ ਸਮੂਹ ਕਮੇਟੀ ਮੈਂਬਰ ਦਾ ਸਕੂਲ ਪਹੁੰਚਣ 'ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਚੰਦਨ ਤਿਲਕ ਲਾ ਕੇ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ, ਲੜਕੀਆਂ ਤੇ ਲੜਕਿਆਂ ਵੱਲੋਂ ਗਰੁੱਪ ਡਾਂਸ, ਗੀਤ ਗਾਇਨ, ਮੁੰਡਿਆਂ ਵੱਲੋਂ ਭੰਗੜੇ ਨਾਲ ਕੀਤੀ ਗਈ। 12ਵੀਂ ਜਮਾਤ ਦੇ ਹਰੇਕ ਵਿਦਿਆਰਥੀ ਨੇ ਮਿਸਟਰ/ਸ੍ਰੀਮਤੀ ਦੇ ਖਿਤਾਬ ਲਈ ਰੈਂਪ ਵਾਕ ਕੀਤਾ। ਅੰਤ ਵਿੱਚ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੁਝ ਖਿਤਾਬ ਦਿੱਤੇ ਗਏ। ਜੇਤੂ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਵੱਲੋਂ ਸਿਰੋਪਾਓ ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ। ਸ੍ਰੀ ਜੀਵਨ ਗਰਗ, ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ਮੈਡਮ ਤੇ ਸਕੂਲ ਦੇ ਸਮੂਹ ਸਟਾਫ ਨੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

## ਕਲੱਬ ਸੈਕਟਰੀ ਨੇ ਮਾਤਾ-ਪਿਤਾ ਦੀ ਯਾਦ 'ਚ ਬੱਚਿਆਂ ਨੂੰ ਵੰਡੇ ਟੂਥ ਬਰੱਸ਼



**ਕੋਟਕਪੂਰਾ (ਰਛਪਾਲ ਭੁੱਲਰ)**

ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਗੋਦ ਲਏ ਗਏ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਾਰਡ ਨੰਬਰ 9 ਹਰੀਨੌਂ ਰੋਡ ਕੋਟਕਪੂਰਾ ਵਿੱਚ ਵਿਸ਼ਵ ਸਮਾਜਕ ਨਿਆਂ ਦਿਵਸ ਮੌਕੇ ਇੰਜੀ. ਭੁਪਿੰਦਰ ਸਿੰਘ ਕਮੋਅ ਵੱਲੋਂ ਆਪਣੇ ਸਵ: ਮਾਤਾ ਗੁਰਚਰਨ ਕੌਰ ਅਤੇ ਸਵ: ਪਿਤਾ ਬਲਬੀਰ ਸਿੰਘ ਕਮੋਅ ਮੋਗੇ ਵਾਲੇ (ਮਾਡਰਨ ਟੇਲਰਜ਼) ਦੀ ਮਿੱਠੀ ਯਾਦ 'ਚ ਵਾਤਾਵਰਣ ਨੂੰ ਸ਼ੁੱਧ ਰੱਖਣ, ਸਰੀਰਕ ਸਾਫ ਸਫਾਈ ਲਈ ਬੱਚਿਆਂ ਨੂੰ ਟੂਥ ਬਰੱਸ਼ ਅਤੇ ਪੇਸਟ ਮੁਹੱਈਆ ਕਰਵਾਉਣ ਦੇ ਨਾਲ ਨਾਲ ਦੁੱਧ ਅਤੇ ਬਿਸਕੁਟ ਵੀ ਵੰਡੇ ਗਏ। ਮੁੱਖ ਵਕਤਾ ਵਜੋਂ ਪੁੱਜੇ ਮੁੱਖ ਮਹਿਮਾਨ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਸਮਾਜਕ ਨਿਆਂ ਦਿਵਸ ਦੀ ਮਹੱਤਤਾ ਬਾਰੇ ਲੋਕਾਂ ਨੂੰ ਆਪਣੇ ਹੱਕਾਂ, ਫਰਜ਼ਾਂ, ਅਧਿਕਾਰਾਂ ਆਦਿ ਤੋਂ ਜਾਣੂ ਕਰਵਾਉਂਦਿਆਂ ਸਰਕਾਰ ਅਤੇ ਜੁਡੀਸ਼ਰੀ ਤੋਂ ਨਿਆਂ ਲੈਣ ਲਈ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਮਾਤਾ ਗੁਰਚਰਨ ਅਤੇ ਬਲਬੀਰ ਸਿੰਘ ਦੀ ਜੀਵਨੀ ਬਾਰੇ ਵੀ ਸੰਖੇਪ 'ਚ ਚਾਨਣਾ ਪਾਇਆ। ਸੁਰਜੀਤ ਸਿੰਘ ਘੁਲਿਆਣੀ ਅਤੇ ਮਨਜੀਤ ਸਿੰਘ ਲਵਲੀ ਨੇ ਦੱਸਿਆ ਕਿ ਬਲਬੀਰ ਸਿੰਘ ਕਮੋਅ ਇਕ ਅਜਿਹੇ ਇਨਸਾਨ ਸਨ, ਜਿਨ੍ਹਾ ਦੇ ਕਿੱਤੇ 'ਤੇ ਸਿਆਸੀ ਵਿਅਕਤੀਆਂ ਨੂੰ ਵੀ ਬਹੁਤ ਮਾਣ ਸੀ, ਕਿਉਂਕਿ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਣ ਤੱਕ ਆਪਣੇ ਕੱਪੜੇ ਆਪਣੇ ਜਿਗਰੀ ਦੋਸਤ ਬਲਬੀਰ ਸਿੰਘ ਤੋਂ ਹੀ ਸਿਲਾਈ ਕਰਵਾਉਂਦੇ ਰਹੇ। ਕਲੱਬ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਸਮੇਤ ਇੰਸ. ਨਛੱਤਰ ਸਿੰਘ, ਬੀਰਇੰਦਰਪਾਲ ਸ਼ਰਮਾ ਤੋਂ ਇਲਾਵਾ ਸੀਨੀਅਰ ਪੱਤਰਕਾਰ ਹਰਪ੍ਰੀਤ ਸਿੰਘ ਚਾਨਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਕੂਲ ਮੁਖੀ ਮਨਜੀਤ ਸਿੰਘ ਨੇ ਕਲੱਬ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਸਾਰਿਆਂ ਨੂੰ ਜੀ ਆਇਆਂ ਆਖ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਬਲਬੀਰ ਸਿੰਘ ਕਮੋਅ ਦੇ ਹੋਰ ਵੀ ਪਰਵਾਰਕ ਮੈਂਬਰਾਂ ਸਮੇਤ ਸਕੂਲ ਅਧਿਆਪਕ ਅਤੇ ਸਮੁੱਚਾ ਸਟਾਫ ਵੀ ਹਾਜ਼ਰ ਸੀ।


**ਪਬਲਿਕ ਨੋਟਿਸ**

ICICI Bank
ICICI Bank Limited

Registered office: Landmark, Race Course Circle, Vadodara 390 007.
Corporate office: ICICI Bank Towers, Bandra-Kurla Complex, Mumbai 400 051.

**ਸੋਨਾ ਨਿਲਾਮੀ ਕਮ ਸੌਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 21 ਫਰਵਰੀ 2023 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਮ |
|---|---|
| ਬਰਾਂਚ ਦਾ ਨਾਂਮ : ਅਬੋਹਰ | |
| 189405003749 | ਬਨਵਾਰੀ ਲਾਲ |
| 189405003747 | ਰਾਜੇਸ਼ ਕੁਮਾਰ |
| 189405003748 | ਰਾਜੇਸ਼ ਕੁਮਾਰ |
| 189405003741 | ਬਲਜੀਤ ਕੌਰ |
| ਬਰਾਂਚ ਦਾ ਨਾਂਮ : ਅਹਿਮਦਗੜ੍ਹ | |
| 096805004144 | ਸਜਦਾ ਨਸੀਮ |
| ਬਰਾਂਚ ਦਾ ਨਾਂਮ : ਅੰਮ੍ਰਿਤਸਰ-ਈਸਟ ਮੋਹਨ ਨਗਰ | |
| 189305001240 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਮ : ਅੰਮ੍ਰਿਤਸਰ-ਖਾਲਸਾ ਕਾਲਜ | |
| 055405001318 | ਹਰਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਮ : ਬਰਨਾਲਾ | |
| 051805002479 | ਧਰਮ ਸਿੰਘ |
| ਬਰਾਂਚ ਦਾ ਨਾਂਮ : ਬੱਸੀ ਪਠਾਣਾ | |
| 383405001506 | ਜਤਿੰਦਰ ਸਿੰਘ |
| ਬਰਾਂਚ ਦਾ ਨਾਂਮ : ਬਟਾਲਾ-ਅਰਬਨ ਅਸਟੇਟ | |
| 241505000641 | ਗੁਰਮੀਤ ਸਿੰਘ |
| ਬਰਾਂਚ ਦਾ ਨਾਂਮ : ਭਿੱਖੀਪਿੰਡ-ਪੰਜਾਬ | |
| 361005001894 | ਰਣਜੀਤ ਸਿੰਘ |
| 361005002748 | ਗੁਰਭੇਜ ਸਿੰਘ |
| ਬਰਾਂਚ ਦਾ ਨਾਂਮ : ਚੰਡੀਗੜ੍ਹ-ਸੈਕਟਰ-17 | |
| 134305000531 | ਅੰਕੁਸ਼ ਦੂਬੇ |
| ਬਰਾਂਚ ਦਾ ਨਾਂਮ : ਚੰਡੀਗੜ੍ਹ-ਸੈਕਟਰ-34 ਏ | |
| 134105001168 | ਸ਼ਿਵਮ ਕੁਮਾਰ ਪਾਠਕ |
| ਬਰਾਂਚ ਦਾ ਨਾਂਮ : ਚੁਗਾਂਵਾ | |
| 380205002302 | ਲਵਪ੍ਰੀਤ ਸਿੰਘ |
| ਬਰਾਂਚ ਦਾ ਨਾਂਮ : ਦਸੂਹਾ-ਪੰਜਾਬ | |
| 357505000991 | ਜਗਦੀਪ ਸਿੰਘ |
| ਬਰਾਂਚ ਦਾ ਨਾਂਮ : ਡੇਰਾ ਬੱਸੀ | |
| 096705002559 | ਮੋਹਿਤ ਸੇਠ |
| 096705002604 | ਮੋਹਿਤ ਸੇਠ |
| 096705002771 | ਜਗਦੀਪ ਸਿੰਘ |

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਮ |
|---|---|
| ਬਰਾਂਚ ਦਾ ਨਾਂਮ : ਢੇਲਵਾਂ | |
| 767105000079 | ਰਾਜ ਕੌਰ |
| ਬਰਾਂਚ ਦਾ ਨਾਂਮ : ਦੀਨਾਨਗਰ, ਪੰਜਾਬ | |
| 355905001474 | ਸੰਦੀਪ ਪ੍ਰਕਾਸ਼ ਸ਼ਰਮਲ |
| 355905001935 | ਲਵਪ੍ਰੀਤ ਸਿੰਘ |
| ਬਰਾਂਚ ਦਾ ਨਾਂਮ : ਫਾਜ਼ਿਲਕਾ | |
| 078505002055 | ਪ੍ਰੇਮ ਚੰਦ |
| ਬਰਾਂਚ ਦਾ ਨਾਂਮ : ਗਿੱਦੜਬਾਹਾ | |
| 199905002149 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਮ : ਗੁਰਦਾਸਪੁਰ | |
| 050105001334 | ਜੋਗਿੰਦਰ ਪਾਲ |
| ਬਰਾਂਚ ਦਾ ਨਾਂਮ : ਹੰਬੜਾਂ | |
| 393905000133 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਮ : ਜਲੰਧਰ-ਮਾਡਲ ਟਾਊਨ | |
| 151005000699 | ਸੰਜੇ ਸ਼ਰਮਾ |
| ਬਰਾਂਚ ਦਾ ਨਾਂਮ : ਕਪੂਰਥਲਾ | |
| 044905001448 | ਰਮਨਦੀਪ ਸਿੰਘ |
| 044905002556 | ਰੇਨੂ ਬਾਲਾ |
| ਬਰਾਂਚ ਦਾ ਨਾਂਮ : ਖੁਮਾਣੋਂ | |
| 199405001880 | ਜਗਜੀਤ ਸਿੰਘ |
| ਬਰਾਂਚ ਦਾ ਨਾਂਮ : ਲੋਹੀਆ ਖਾਸ | |
| 374805000287 | ਮਨਜਿੰਦਰ ਕੌਰ |
| ਬਰਾਂਚ ਦਾ ਨਾਂਮ : ਲੁਧਿਆਣਾ-ਸਿਵਲ ਲਾਈਨਜ਼ | |
| 237705000817 | ਗੀਤਕਾ ਕਪੂਰ |
| ਬਰਾਂਚ ਦਾ ਨਾਂਮ : ਲੁਧਿਆਣਾ-ਭੰਡਾਰੀ ਕਲਾਂ | |
| 366305000478 | ਰਾਜੂ ਐਂਥਨੀ |
| 366305000480 | ਪਰਮਜੀਤ ਕੌਰ |
| ਬਰਾਂਚ ਦਾ ਨਾਂਮ : ਲੁਧਿਆਣਾ-ਪੱਖੋਵਾਲ ਰੋਡ | |
| 337105000321 | ਦਵਿੰਦਰ ਥਾਪਰ |
| ਬਰਾਂਚ ਦਾ ਨਾਂਮ : ਮੱਖੂ | |
| 377605000537 | ਰਘੁਵੀਰ ਸਿੰਘ |
| ਬਰਾਂਚ ਦਾ ਨਾਂਮ : ਮਾਲੇਰਕੋਟਲਾ | |
| 249605001740 | ਸੁਖਦੀਪ ਸਿੰਘ |
| ਬਰਾਂਚ ਦਾ ਨਾਂਮ : ਮੋਹਾਲੀ-ਸੈਕਟਰ-67 | |
| 366905000675 | ਅਮਰਿੰਦਰ ਕੌਰ |

| ਕਰਜ਼ਾ ਖਾਤਾ ਨੰ: | ਗਾਹਕ ਦਾ ਨਾਂਮ |
|---|---|
| ਬਰਾਂਚ ਦਾ ਨਾਂਮ : ਮੁਕਤਸਰ | |
| 078805005524 | ਸਤਨਾਮ ਸਿੰਘ |
| 078805005525 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਮ : ਮੁਕਤਸਰ ਮੰਡੀ, ਪੰਜਾਬ | |
| 355705000759 | ਗੁਰਤੇਜ ਸਿੰਘ |
| ਬਰਾਂਚ ਦਾ ਨਾਂਮ : ਨਾਭਾ | |
| 078905003496 | ਆਰਤੀ ਦੇਵੀ |
| 152305001876 | ਲਖਵੀਰ ਸਿੰਘ |
| ਬਰਾਂਚ ਦਾ ਨਾਂਮ : ਨਵਾਂਸ਼ਹਿਰ | |
| 008105002777 | ਸੰਦੀਪ ਕੁਮਾਰ |
| ਬਰਾਂਚ ਦਾ ਨਾਂਮ : ਪਟਿਆਲਾ-ਲੋਵਰ ਮਾਲ ਰੋਡ | |
| 660305601535 | ਅਮਿਤ ਕੁਮਾਰ |
| 660305601539 | ਰਮਨਦੀਪ ਕੌਰ |
| ਬਰਾਂਚ ਦਾ ਨਾਂਮ : ਪਟਿਆਲਾ-ਅਰਬਨ ਸਟੇਟ | |
| 079005001334 | ਸਤਪਾਲ ਸਿੰਘ |
| ਬਰਾਂਚ ਦਾ ਨਾਂਮ : ਪੱਟੀ | |
| 150505007036 | ਰਣਜੀਤ ਸਿੰਘ |
| ਬਰਾਂਚ ਦਾ ਨਾਂਮ : ਫਿਲੌਰ | |
| 078605001854 | ਪ੍ਰੀਤੀ |
| ਬਰਾਂਚ ਦਾ ਨਾਂਮ : ਰਾਏਕੋਟ | |
| 201705002436 | ਪਰਮਿੰਦਰ ਕੌਰ |
| ਬਰਾਂਚ ਦਾ ਨਾਂਮ : ਸਾਦਿਕ, ਪੰਜਾਬ | |
| 357105005476 | ਹਰਸਨਗੀਤ ਸਿੰਘ |
| ਬਰਾਂਚ ਦਾ ਨਾਂਮ : ਸਮਾਣਾ | |
| 152105001809 | ਅੰਮ੍ਰਿਤ ਸਿੰਘ |
| 152105005627 | ਨਰਿੰਦਰ ਸਿੰਘ |
| 152105005634 | ਜੋਗਿੰਦਰ ਕੌਰ |
| ਬਰਾਂਚ ਦਾ ਨਾਂਮ : ਸੰਗਰੂਰ | |
| 029305003000 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਮ : ਸਿੱਧਵਾਂ ਬੇਟ | |
| 398005000012 | ਬਲਦੇਵ ਸਿੰਘ |
| ਬਰਾਂਚ ਦਾ ਨਾਂਮ : ਸੁਲਤਾਨਪੁਰ ਲੋਧੀ | |
| 272405001104 | ਪੂਜਾ ਪੂਜਾ |
| ਬਰਾਂਚ ਦਾ ਨਾਂਮ : ਟਾਂਡਾ ਉੜਮੁੜ | |
| 087805002516 | ਪ੍ਰਵੀਨ ਲਤਾ |
| ਬਰਾਂਚ ਦਾ ਨਾਂਮ : ਤਪਾ | |
| 417405001635 | ਰਣਜੀਤ ਕੌਰ |

ਮਿਤੀ : 11.02.2023
ਸਥਾਨ : ਚੰਡੀਗੜ੍ਹ, ਜਲੰਧਰ, ਮੁਕਤਸਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਰੂਪਨਗਰ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਗੁਰਦਾਸਪੁਰ, ਤਰਨ ਤਾਰਨ, ਬਰਨਾਲਾ, ਮਾਲੇਰਕੋਟਲਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ

ਸਹੀ/-
ਅਧਿਕਾਰਤ ਅਫ਼ਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ

**ਬਟਾਲਾ (ਤਰਲੋਕ ਬੱਗਾ)**

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਨੂੰ ਲੈ ਕੇ ਸ਼ਹੀਦ ਸੁੱਖਾ ਸਿੰਘ, ਸ਼ਹੀਦ ਮਹਿਤਾਬ ਸਿੰਘ ਪਾਰਕ ਬਟਾਲਾ ਵਿਖੇ ਰੋਸ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮਾਰਚ ਕਰਕੇ ਐੱਸਡੀਐਮ ਬਟਾਲਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ ਜਿਸ ਦੀ ਅਗਵਾਈ ਬਲਬੀਰ ਸਿੰਘ ਮੱਲੀ, ਸੁਖਵੰਤ ਸਿੰਘ ਸੰਦਲਪੁਰ, ਬਲਵਿੰਦਰ ਕੋਰ ਕਾਲੇ ਨੰਗਲ, ਮੇਜਰ ਸਿੰਘ ਕੋਟ ਟੋਡਰ ਮੱਲ ਨੇ ਸਾਂਝੇ ਤੌਰ 'ਤੇ ਕੀਤੀ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਵਲੋਂ ਬਲਬੀਰ ਸਿੰਘ ਮੱਲ੍ਹੀ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਹੰਸਾ ਸਿੰਘ, ਦਿਹਾਤੀ ਮਜ਼ਦੂਰ ਸਭਾ ਵਲੋਂ ਸ਼ਿੰਦਾ ਛਿੱਥ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਮਜ਼ਦੂਰ ਮੁਕਤੀ ਮੋਰਚਾ ਵਲੋਂ ਗੁਲਜ਼ਾਰ ਸਿੰਘ ਭੁੰਬਲੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਰਾਜ ਕੁਮਾਰ ਪੰਡੋਰੀ ਨੇ ਕਿਹਾ ਕਿ ਪੇਂਡੂ ਤੇ ਖੇਤ ਮਜ਼ਦੂਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਮਨਰੇਗਾ ਕਾਨੂੰਨ ਤਹਿਤ ਹਰ ਬਾਲਗ ਮਜ਼ਦੂਰ ਮਰਦ/ਔਰਤ ਨੂੰ ਸਾਲ ਭਰ ਕੰਮ ਦਿੱਤਾ ਜਾਵੇ। ਮਨਰੇਗਾ ਕਾਨੂੰਨ ਤਹਿਤ ਮਿਲਦੀ ਮਜ਼ਦੂਰੀ ਸਮੇਤ ਹਰ ਤਰ੍ਹਾਂ ਦੀ ਮਜ਼ਦੂਰੀ ਦੀ ਦਰ 700 ਰੁਪਏ ਪ੍ਰਤੀ ਦਿਨ ਤੈਅ ਕੀਤੀ ਜਾਵੇ। ਮਨਰੇਗਾ ਸਕੀਮ ਦੇ ਕੰਮਾਂ ਵਿੱਚ ਕੀਤੀ ਜਾਂਦੀ ਸਿਆਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਪੰਚਾਇਤੀ ਜ਼ਮੀਨ ਵਿਚੋਂ ਤੀਸਰਾ ਹਿੱਸਾ ਸਮੁੱਚੇ ਐੱਸ. ਸੀ. ਭਾਈਚਾਰੇ ਨੂੰ ਘੱਟ ਰੇਟ 'ਤੇ ਠੇਕੇ ਉੱਤੇ ਦੇਣਾ ਯਕੀਨੀ ਬਣਾਇਆ ਜਾਵੇ, ਲੋੜਵੰਦ ਮਜਦੂਰਾਂ ਨੂੰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਅਤੇ ਮਕਾਨ ਉਸਾਰੀ ਵਾਸਤੇ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ, ਲਾਲ ਲਕੀਰ ਅੰਦਰਲੇ ਪਰਿਵਾਰਾਂ ਨੂੰ ਮਾਲਕੀ



ਹੱਕ ਦੇਣ ਸਬੰਧੀ ਸ਼ੁਰੂ ਕੀਤੀ ਮੁਹਿੰਮ ਸਾਲ 2022 ਦੇ ਅੰਤ ਤੱਕ ਹਰ ਪੱਖ ਤੋਂ ਮੁਕੰਮਲ ਕਰਕੇ ਇਥੇ ਵਸਦੇ ਮਜ਼ਦੂਰਾਂ ਤੇ ਹੋਰ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ, ਮਜ਼ਦੂਰਾਂ ਨੂੰ ਸਰਕਾਰੀ ਬੈਂਕਾਂ ਤੋਂ ਬਿਨਾਂ ਵਿਆਜ ਲੰਮੀ ਮਿਆਦ ਦੇ ਕਰਜ਼ੇ ਦੇਣ ਦਾ ਪ੍ਰਬੰਧ ਕੀਤਾ ਜਾਵੇ, ਕਰਜ਼ੇ ਅਤੇ ਗਰੀਬੀ ਕਾਰਨ ਖੁਦਕੁਸ਼ੀਆਂ ਕਰ ਗਏ ਮਜ਼ਦੂਰਾਂ-ਕਿਸਾਨਾਂ ਦੇ ਆਸ਼ਰਿਤਾਂ ਨੂੰ 10 ਲੱਖ ਰੁਪਏ ਮੁਆਵਜ਼ਾ ਅਤੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਮਜ਼ਦੂਰਾਂ ਤੇ ਹੋਰ ਗਰੀਬ ਲੋਕਾਂ ਦੇ ਬਿਜਲੀ ਦੇ ਮੀਟਰ ਪੁੱਟੇ ਹਨ ਉਹ ਤੁਰੰਤ ਲਾਏ ਜਾਣ, ਜੂਨ 2022 ਤੱਕ ਦੇ ਸਾਰੇ ਬਿਜਲੀ ਬਕਾਏ ਅਤੇ ਕੀਤੇ ਗਏ ਜੁਰਮਾਨੇ ਮੁਆਫ ਕੀਤੇ ਜਾਣ, ਚੜ੍ਹੀ ਮਹਿੰਗਾਈ ਨੂੰ ਤੁਰੰਤ ਕੰਟਰੋਲ ਕੀਤੇ ਜਾਣ ਤੋਂ ਇਲਾਵਾ ਹੋਰ ਵੀ ਮੰਗਾਂ ਰੱਖੀਆਂ ਗਈਆਂ। ਸਰਵਜਨਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਕੇ ਮਜਦੂਰਾਂ ਤੇ ਹੋਰ ਗਰੀਬ ਲੋਕਾਂ ਨੂੰ ਰਸੋਈ ਦੀ ਵਰਤੋਂ ਦੀਆਂ ਸਾਰੀਆਂ ਘਰੇਲੂ ਵਸਤਾਂ ਸਸਤੇ ਭਾਅ 'ਤੇ ਸਰਕਾਰੀ ਡੀਪੂਆਂ ਰਾਹੀਂ ਦਿੱਤੀਆਂ ਜਾਣ। ਰਾਸ਼ਨ ਦੀ ਵੰਡ ਸਮੇਂ ਹੁੰਦੀ ਪੇਂਡੂ ਧਨਾਢਾਂ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਰਹਿੰਦੇ ਲੋੜਵੰਦ ਪਰਿਵਾਰਾਂ ਦੇ ਨੀਲੇ ਕਾਰਡ ਬਣਾਏ ਜਾਣ ਤੇ ਕੱਟੇ ਕਾਰਡ ਮੁੜ ਚਾਲੂ ਕੀਤੇ ਜਾਣ,ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਮਜ਼ਦੂਰਾਂ ਸਮੇਤ ਸਭਨਾਂ ਲੋਕਾਂ ਨੂੰ ਮੁਫਤ ਮਹੱਈਆ ਕਰਾਈਆਂ ਜਾਣ। ਆਯੂਸ਼ਮਾਨ ਸਕੀਮ ਚਾਲੂ ਕੀਤੀ ਜਾਵੇ ਅਤੇ ਗਰੀਬ ਵਿਦਿਆਰਥੀਆਂ ਦੇ ਵਜ਼ੀਫੇ ਦੀ ਬਕਾਇਆ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ,ਵਿਧਵਾ, ਬੁਢਾਪਾ ਤੇ ਅੰਗਹੀਣਾਂ ਨੂੰ 5000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ। ਇਸ ਮੌਕੇ ਜਗੀਰ ਸਿੰਘ ਕਿਲਾ ਲਾਲ ਸਿੰਘ, ਸੁਖਵਿੰਦਰ ਸਿੰਘ ਸੰਦਲਪੁਰ, ਬੰਟੀ ਮਸੀਹ ਪਿੰਡਾਂ ਰੋੜੀ,ਸੁਖਵਿੰਦਰ ਕੌਰ, ਮਦਨ ਲਾਲ, ਸੱਜਣ ਸਿੰਘ ਰਾਊਵਾਲ, ਬਚਨ ਸਿੰਘ ਮਸਾਣੀਆਂ,ਜਰਨੈਲ ਸਿੰਘ ਪਨਿਆੜ, ਰੋਸ਼ਨ ਮਸੀਹ, ਰਣਜੀਤ ਸਿੰਘ ਛਿੱਥ,ਨਾਨਕ ਸਿੰਘ ਸੰਦਲਪੁਰ, ਗੁਰਨਾਮ ਸਿੰਘ ਬਾਊਲੀ ਇੰਦਰਜੀਤ, ਕਾਲਾ ਸਿੰਘ ਭਰਥ ਆਦਿ ਹਾਜ਼ਰ ਸਨ।

## ਭੋਗ 'ਤੇ ਵਿਸ਼ੇਸ਼ ਇਮਾਨਦਾਰ ਸ਼ਖਸੀਅਤ ਜਥੇਦਾਰ ਸੁੱਚਾ ਸਿੰਘ ਜੌਹਲ



ਜਥੇਦਾਰ ਸੁੱਚਾ ਸਿੰਘ ਦਾ ਜਨਮ 20 ਮਾਰਚ 1937 ਨੂੰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਪਿਤਾ ਨਰੰਜਨ ਸਿੰਘ ਜੌਹਲ ਦੇ ਗ੍ਰਹਿ ਪਿੰਡ ਜੌਹਲ, ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਆਪ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਗੁਰੂ ਹਰਿਰਾਏ ਸੈਕੰਡਰੀ ਸਕੂਲ ਦੁਸਾਂਝ ਕਲਾਂ ਤੋਂ ਦਸਵੀਂ ਪਾਸ ਕਰਨ ਤੋਂ ਬਾਅਦ ਪਟਵਾਰ ਪਾਸ ਕੀਤੀ ਅਤੇ ਲੈਂਡ ਮਾਰਗੇਜ ਬੈਂਕ (ਪੀ.ਏ.ਡੀ.ਬੀ) ਵਿੱਚ ਨੌਕਰੀ ਸ਼ੁਰੂ ਕੀਤੀ। ਇਸੇ ਸਮੇਂ ਦੌਰਾਨ ਉਨ੍ਹਾਂ ਦਾ ਸੰਪਰਕ ਅਮਰ ਸਿੰਘ ਦੁਸਾਂਝ ਨਾਲ ਹੋਇਆ ਜੋ ਕਿ ਅਕਾਲੀ ਪੱਤ੍ਰਕਾ ਅਖ਼ਬਾਰ ਦੇ ਮੈਨੇਜਿੰਗ ਡਾਇਰੈਕਟਰ ਅਤੇ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ ਦੇ ਚੇਅਰਮੈਨ ਸਨ। ਦੁਸਾਂਝ ਦਾ ਉਸ ਵਕਤ ਪੰਜਾਬ ਦੀ ਸਿਆਸਤ ਦੇ ਵਿੱਚ ਪੂਰਾ ਦਬਦਬਾ ਸੀ ਅਤੇ ਉਨ੍ਹਾਂ ਨਾਲ ਰਹਿੰਦਿਆਂ ਜੌਹਲ ਨੇ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ। ਜਥੇਦਾਰ ਸੁੱਚਾ ਸਿੰਘ ਜੌਹਲ ਦਾ ਵਿਆਹ ਨੇੜਲੇ ਪਿੰਡ ਲੇਹਲ ਵਿਖੇ ਸਾਧੂ ਸਿੰਘ ਅਤੇ ਨਸੀਬ ਕੌਰ ਦੀ ਪੁੱਤਰੀ ਗੁਰਮੇਜ ਕੌਰ ਨਾਲ ਹੋਇਆ। ਉਹਨਾਂ ਦੇ ਘਰ ਦੋ ਪੁੱਤਰ ਸੁਖਜੀਤ ਸਿੰਘ ਜੌਹਲ, ਬਲਕਾਰ ਸਿੰਘ ਜੌਹਲ ਇੱਕ ਪੁੱਤਰੀ ਸੁਖਵਿੰਦਰ ਕੌਰ ਨੇ ਜਨਮ ਲਿਆ। ਆਪ ਚਾਰ ਭਰਾਵਾਂ ਅਤੇ ਦੋ ਭੈਣਾਂ ਵਿੱਚੋਂ ਚੌਥੇ ਸਥਾਨ 'ਤੇ ਸਨ। ਉਹਨਾਂ ਦੀ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਬਹੁਤ ਨੇੜਤਾ ਸੀ। ਆਪ ਬਲਵੰਤ ਸਿੰਘ (ਉਸ ਵਕਤ ਖਜ਼ਾਨਾ ਮੰਤਰੀ) ਦੇ ਵੀ ਕਾਫ਼ੀ ਨੇੜਲੇ ਸਾਥੀਆਂ ਵਿੱਚ ਗਿਣੇ ਜਾਂਦੇ ਸਨ। ਦੁਆਬੇ ਦੇ ਅਕਾਲੀ ਨੇਤਾ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਾਲ ਤਾਂ ਜਥੇਦਾਰ ਜੌਹਲ ਦਾ ਭਰਾਵਾਂ ਵਾਲਾ ਸਬੰਧ ਸੀ। ਚਰਨਜੀਤ ਸਿੰਘ ਅਟਵਾਲ (ਸਾਬਕਾ ਡਿਪਟੀ ਸਪੀਕਰ ਲੋਕ ਸਭਾ), ਮਰਹੂਮ ਇੰਦਰ ਕੁਮਾਰ ਗੁਜਰਾਲ (ਉਸ ਵਕਤ ਪ੍ਰਧਾਨ ਮੰਤਰੀ) ਨਰੇਸ਼ ਗੁਜਰਾਲ, ਬਲਵੰਤ ਸਿੰਘ ਸਰਹਾਲ, ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ, ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ, ਡਾ: ਸੁਖਵਿੰਦਰ ਸੁੱਖੀ ਵਿਧਾਇਕ ਬੰਗਾ, ਚੌਧਰੀ ਮੋਹਨ ਲਾਲ ਸਾਬਕਾ ਵਿਧਾਇਕ ਨਾਲ ਵੀ ਬਹੁਤ ਹੀ ਨੇੜੇ ਦੇ ਸੰਬੰਧ ਸਨ। ਪੰਜਾਬ ਸਹਿਕਾਰੀ ਐਗਰੀਕਲਚਰ ਵਿਕਾਸ ਬੈਂਕ ਦੀ ਨੌਕਰੀ ਤੋਂ ਰਿਟਾਇਰਮੈਂਟ ਲੈਣ ਤੋਂ ਬਾਅਦ ਆਪ ਨੇ ਆਪਣੇ ਆਪ ਨੂੰ ਲੋਕਾਂ ਦੀ ਸੇਵਾ ਲਈ ਸਮਰਪਿਤ ਕਰ ਦਿੱਤਾ ਜੋ ਕਿ ਆਖਰੀ ਸਵਾਸਾਂ ਤੱਕ ਬਾਖੂਬੀ ਨਿਭਾਇਆ। ਉਹਨਾਂ ਦੀ ਕਾਬਲੀਅਤ ਅਤੇ ਇਮਾਨਦਾਰੀ ਕਾਰਨ ਹੀ ਉਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਲਾਹਕਾਰ, ਜ਼ਿਲ੍ਹਾ ਜਲੰਧਰ ਦੇ ਉਪ ਪ੍ਰਧਾਨ ਗੁਰੂ ਨਾਨਕ ਖ਼ਾਲਸਾ ਗ਼ਰਲਜ਼ ਕਾਲਜ ਬਾਬਾ ਸੰਗ ਢੇਸੀਆਂ ਦੀ ਪ੍ਰਬੰਧਕ ਕਮੇਟੀ ਵਿੱਚ ਬਤੌਰ ਜਨਰਲ ਸੈਕਟਰੀ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ। ਇਸਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਮੈਮੋਰੀਅਲ ਹਸਪਤਾਲ ਦੁਸਾਂਝ ਕਲਾਂ ਦੀ ਕਮੇਟੀ ਦੇ ਪ੍ਰਧਾਨ ਦੀਆਂ ਸੇਵਾਵਾਂ ਅੰਤਿਮ ਸਵਾਸਾਂ ਤੱਕ ਬਾਖੂਬੀ ਨਿਭਾਈਆਂ ਅਤੇ ਇਸ ਤੋਂ ਪਹਿਲਾਂ ਜਥੇਦਾਰ ਜੌਹਲ ਪੰਜਾਬ ਰਾਜ ਸਹਿਕਾਰੀ ਐਗਰੀਕਲਚਰ ਵਿਕਾਸ ਬੈਂਕ ਚੰਡੀਗੜ੍ਹ ਦੇ ਡਾਇਰੈਕਟਰ ਵੀ ਰਹੇ ਅਤੇ ਦੀ ਫਿਲੌਰ ਪ੍ਰਾਇਮਰੀ ਐਗਰੀਕਲਚਰ ਵਿਕਾਸ ਬੈਂਕ ਲਿਮਟਿਡ ਗੁਰਾਇਆ ਦੇ ਲੰਬਾ ਸਮਾਂ ਪ੍ਰਧਾਨ ਰਹੇ। ਅੱਜ ਇਹਨਾਂ ਸਾਰੇ ਅਦਾਰਿਆਂ ਨੇ ਆਪਣੇ ਇੱਕ ਯੋਗ ਪ੍ਰਬੰਧਕ ਨੂੰ ਖੋਹ ਦਿੱਤਾ ਹੈ। ਜਥੇਦਾਰ ਸੁੱਚਾ ਸਿੰਘ ਜੌਹਲ ਦੇ ਚਲਾਣੇ ਨਾਲ ਜਿਥੇ ਪਰਵਾਰ ਨੂੰ ਵੱਡਾ ਘਾਟਾ ਪਿਆ ਹੈ ਉਥੇ ਇਲਾਕੇ ਦੇ ਲੋਕਾਂ ਨੂੰ ਵੀ ਬਹੁਤ ਵੱਡਾ ਸਦਮਾ ਲੱਗਾ ਹੈ।

**- ਰਘਵੀਰ ਸਿੰਘ**

## ਸਰਕਾਰ ਦੇ ਫੈਸਲੇ ਖਿਲਾਫ ਆਂਗਣਵਾੜੀ ਵਰਕਰਾਂ 'ਚ ਡਾਢਾ ਰੋਸ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸਰਵ ਆਂਗਣਵਾੜੀ ਹੈਲਪਰ ਅਤੇ ਵਰਕਰਜ਼ ਦੀ ਇਕ ਅਹਿਮ ਮੀਟਿੰਗ ਲੋਪੋਕੇ ਵਿਖੇ ਸੂਬਾ ਪ੍ਰਧਾਨ ਬਰਿੰਦਰਜੀਕ ਕੌਰ ਦੀ ਅਗਵਾਈ ਹੇਠ ਹੋਈ।



ਉਨ੍ਹਾਂ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਦੀਆਂ ਪ੍ਰਮੋਸ਼ਨਾਂ ਅਤੇ ਬਦਲੀਆਂ ਬਾਰੇ ਜੋ ਸਰਕਾਰੀ ਹਦਾਇਤਾਂ 3 ਜਨਵਰੀ ਨੂੰ ਆਈਆਂ ਸਨ, ਉਸ ਬਾਬਤ ਜਾਰੀ ਹੋਏ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਗਿਆ ਹੈ। ਇਹ ਬਹੁਤ ਨਿੰਦਣਯੋਗ ਕੰਮ ਹੈ ਕਿਉਂਕਿ ਇਹ ਵਰਕਰਾਂ ਕਾਫੀ ਸਮੇ ਤੋਂ ਪ੍ਰਮੋਸ਼ਨਾਂ ਅਤੇ ਬਦਲੀਆਂ ਦੀ ਵੇਟ ਕਰ ਰਹੀਆਂ ਸਨ ਜੋ ਬਿਨਾਂ ਕੁੱਝ ਦਸਿਆਂ ਇਹ ਪ੍ਰੋਮੋਸ਼ਨਾਂ ਅਤੇ ਬਦਲੀਆਂ ਰੱਦ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਚੇਤਾਵਨੀ ਭਰੇ ਲਹਿਜੇ ਨਾਲ ਕਿਹਾ ਕਿ ਬਦਲੀਆਂ ਅਤੇ ਤਰੱਕੀਆਂ ਨੂੰ ਰੱਦ ਕਰਨ ਦਾ ਫੈਸਲਾਂ ਨਾ ਲਿਆ ਤੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵਿਭਾਗ ਅਤੇ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਲਗਾਉਣ ਲਈ ਮਜਬੂਰ ਹੋਣਗੀਆਂ ਅਤੇ ਵਰਕਰ ਮਨਦੀਪ ਕੌਰ ਨੇ ਖੁਦਕੁਸ਼ੀ ਕਰਨ ਦੀ ਗੱਲ ਵੀ ਕਹੀ। ਉਸ ਨੇ ਕਿਹਾ ਕਿ ਜੇਕਰ ਮੇਰੀ ਪ੍ਰਮੋਸ਼ਨ ਰੱਦ ਕੀਤੀ ਗਈ ਤਾਂ ਮੈ ਖੁਦਕੁਸ਼ੀ ਕਰ ਲਵਾਂਗੀ ਜਿਸ ਦੀ ਜ਼ਿੰਮੇਵਾਰੀ ਵਿਭਾਗ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਪੰਜਾਬ ਦੀਆਂ 397 ਦੇ ਕਰੀਬ ਕੁੜੀਆਂ ਜਿਨ੍ਹਾਂ ਦੀਆਂ ਪ੍ਰਮੋਸ਼ਨਾਂ ਅਤੇ ਬਦਲੀਆਂ ਹੋਈਆਂ ਹਨ ਉਹ ਮਾਨਯੋਗ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਲਈ ਮਜਬੂਰ ਹੋਣਗੀਆਂ।

## ਸ਼ਹਿਰ ਵਾਸੀ ਨਗਰ ਕੌਂਸਲ ਦੇ ਕਰਮਚਾਰੀਆਂ ਤੋਂ ਖਫਾ, 14 ਨੂੰ ਧਰਨੇ ਦਾ ਐਲਾਨ

**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਦੀ ਪ੍ਰਧਾਨਗੀ ਹੇਠ ਹੋਈ।



ਮੀਟਿੰਗ ਦੇ ਫੈਸਲੇ ਪੱਤਰਕਾਰਾਂ ਨੂੰ ਜਾਰੀ ਕਰਦਿਆਂ ਮੁਖਤਾਰ ਸਿੰਘ ਮੱਲਾ ਨੇ ਦੱਸਿਆ ਕਿ ਮੀਟਿੰਗ ਵਿੱਚ ਮਹੱਲਾ ਨਾਨਕਸਰ, ਰੇਲਵੇ ਲਾਈਨ ਦੇ ਨਾਲ ਗਲੀ ਕਾਮਰੇਡਾਂ ਵਾਲੀ ਦਾ ਸੀਵਰੇਜ ਛੇ ਮਹੀਨੇ ਤੋਂ ਉੱਪਰ ਸਮੇਂ ਤੋਂ ਬੰਦ ਪਿਆ ਹੈ। ਇਸ ਕਾਰਨ ਕੂੜਾ ਕਰਕਟ ਅਤੇ ਗੰਦੇ ਪਾਣੀ ਕਾਰਨ ਬੀਮਾਰੀਆਂ ਫੈਲਣ ਦਾ ਖਦਸ਼ਾ ਹੈ। ਵਾਰ-ਵਾਰ ਕਹਿਣ ਦੇ ਬਾਵਜੂਦ ਨਗਰਪਾਲਿਕਾ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਪਾਣੀ ਰੇਲਵੇ ਲਾਈਨ ਨਾਲ ਪੈਣ ਅਤੇ ਇਕੱਠਾ ਹੋਣ ਕਾਰਣ ਬਹੁਤ ਵੱਡਾ ਟਾਹਲੀ ਦਾ ਹਰਿਆ ਭਰਿਆ ਦਰੱਖਤ ਸੁੱਕ ਚੁੱਕਾ ਹੈ। ਕਮੇਟੀ ਘਰ ਦਾ ਸ਼ਿਕਾਇਤ ਦਰਜ ਕਰਨ ਦਾ ਰਜਿਸਟਰ ਵੀ ਜਿੰਦਰੇ ਅੰਦਰ ਰੱਖਿਆ ਗਿਆ ਹੈ। ਸਿਰਫ ਸਵੇਰੇ 9 ਤੋਂ 9.30 ਵਜੇ ਤੱਕ ਹੀ ਸ਼ਿਕਾਇਤ ਕੀਤੀ ਜਾ ਸਕਦੀ ਹੈ। ਗਲੀ ਵਿੱਚੋਂ ਸਫਾਈ ਵੀ ਲੰਮੇ ਸਮੇਂ ਤੋਂ ਬੰਦ ਕੀਤੀ ਹੋਈ ਹੈ। ਇਹ ਗਲੀ ਡਰੇਨ ਪਾਰ ਵਾਲੇ ਅਤੇ ਮੁਹੱਲਾ ਨਾਨਕਸਰ ਦੇ ਕਿਰਤੀਆਂ ਅਤੇ ਆਮ ਲੋਕਾਂ ਦਾ ਜੰਡਿਆਲਾ ਰੋਡ ਅਤੇ ਬੱਸ ਸਟੈਂਡ ਜਾਣ ਦਾ ਪੈਦਲ ਰਸਤਾ ਹੈ ਜੋ ਬੰਦ ਹੋਣ ਕਿਨਾਰੇ ਹੈ। ਪਾਰਟੀ ਆਗੂਆਂ ਨੇ ਕਿਹਾ ਕਿ 14 ਫਰਵਰੀ ਨੂੰ ਸ਼ਹਿਰ ਵਿੱਚ ਫੈਲ ਰਹੀ ਗੰਦਗੀ ਵਿਰੁੱਧ ਅਤੇ ਨਗਰਪਾਲਿਕਾ ਦੇ ਨਾਕਸ ਪ੍ਰਬੰਧ ਖਿਲਾਫ ਕਮੇਟੀ ਘਰ ਧਰਨਾ ਲਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਜੀਤ ਸਿੰਘ ਦਿਆਲਪੁਰਾ, ਬਲਦੇਵ ਸਿੰਘ ਪੰਡੋਰੀ, ਮਨਜੀਤ ਸਿੰਘ ਬੱਗੂ, ਸੁਲੱਖਣ ਸਿੰਘ ਤੁੜ, ਜਸਪਾਲ ਸਿੰਘ ਝਬਾਲ, ਬਲਦੇਵ ਸਿੰਘ ਭੈਲ ਅਤੇ ਮਹੱਲਾ ਨਿਵਾਸੀ ਹਾਜ਼ਰ ਸਨ।

## ਮਾਤਾ ਗੁਜਰੀ ਖ਼ਾਲਸਾ ਕਾਲਜ ਦੇ ਵਿਦਿਆਰਥੀ ਦੀ 'ਖੇਲੋ ਇੰਡੀਆ ਯੂਥ ਗੇਮਜ਼' ਲਈ ਚੋਣ

**ਕਰਤਾਰਪੁਰ (ਹਰਮੇਸ਼ ਦੱਤ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ



ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਦੇ ਹਾਕੀ ਖਿਡਾਰੀ ਹਰਪ੍ਰੀਤ ਸਿੰਘ (ਬੀ.ਏ ਭਾਗ-1) ਦੀ ਗਵਾਲੀਅਰ ਵਿਖੇ ਹੋ ਰਹੇ ਖੇਲੋ ਇੰਡੀਆ ਹਾਕੀ ਮੁਕਾਬਲਿਆਂ ਲਈ ਚੋਣ ਹੋਈ। ਜ਼ਿਕਰਯੋਗ ਹੈ ਕਿ ਬਲਟਨ ਪਾਰਕ ਜਲੰਧਰ ਵਿਖੇ ਹਾਕੀ ਟੀਮ ਦੀ ਚੋਣ ਲਈ ਕੈਂਪ ਲਗਾਇਆ ਗਿਆ ਸੀ,ਜਿਸ ਵਿੱਚ ਹਰਪ੍ਰੀਤ ਸਿੰਘ ਨੂੰ 'ਖੇਲੋ ਇੰਡੀਆ ਖੇਲੋ' ਵਿੱਚ ਪੰਜਾਬ ਦੀ ਹਾਕੀ ਟੀਮ ਲਈ ਚੁਣਿਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਤੇ ਸਮੂਹ ਸਟਾਫ਼ ਨੇ ਵਿਦਿਆਰਥੀ ਦੀ ਇਸ ਉਪਲੱਬਧੀ ਲਈ ਉਸ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਸਿਰੜ ਅਤੇ ਲਗਨ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

## ਪੰਜਾਬ ਕਿਸਾਨ ਯੂਨੀਅਨ ਤੇ ਲਿਬਰੇਸ਼ਨ ਵੱਲੋਂ ਮੁਜਾਰਿਆਂ ਦੇ ਹੱਕ 'ਚ ਰੈਲੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਰਾਮਦੀਵਾਲੀ ਵਿਖੇ ਪੰਜਾਬ ਕਿਸਾਨ ਯੂਨੀਅਨ ਅਤੇ ਲਿਬਰੇਸ਼ਨ ਵੱਲੋਂ ਐੱਸਜੀਪੀਸੀ ਦੇ ਮੁਜਾਰੇ ਕਿਸਾਨਾਂ ਨੇ ਰੈਲੀ ਕਰਕੇ ਐੱਸਡੀਐੱਮ ਦਫਤਰ ਡੇਰਾ ਬਾਬਾ ਨਾਨਕ ਵੱਲੋਂ ਲਗਾਨ ਜਮਾਂ ਨਾ ਕਰਨ ਦੀ ਨਿੰਦਾ ਕੀਤੀ। ਇਸ ਸਬੰਧੀ ਬੋਲਦਿਆਂ ਕਿਸਾਨ ਆਗੂ ਹਰਪਾਲ ਸਿੰਘ ਰਾਮਦੀਵਾਲੀ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮਾਲ ਮਹਿਕਮੇ ਵਿਚ ਦਰਜ ਅਤੇ ਅਦਾਲਤੀ ਫੈਸਲੇ ਅਨੁਸਾਰ ਕਰੀਬ 65 ਮੁਜਾਰਿਆਂ ਦਾ 2500 ਰੁਪਏ ਪ੍ਰਤੀ ਏਕੜ ਸਾਲਾਨਾ ਜਮ੍ਹਾਂ ਕਰਵਾਉਣਾ ਕਾਨੂੰਨੀ ਹੱਕ ਹੈ ਪਰ ਐੱਸਜੀਪੀਸੀ ਵੱਲੋਂ ਲਗਾਨ ਲੈਣ ਤੋਂ ਇਨਕਾਰੀ ਹੋਣ ਉਪਰੰਤ ਮੁਜਾਰਿਆਂ ਨੇ ਬੀਤੇ 4 ਸਾਲ ਤੋਂ ਐੱਸਡੀਐੱਮ ਡੇਰਾ ਬਾਬਾ ਨਾਨਕ ਨੂੰ ਅਰਜ਼ੀਆਂ ਦੇ ਰਖੀਆਂ ਹਨ ਪਰ ਸਿਆਸੀ ਦਬਾਅ ਹੇਠ ਐੱਸਡੀਐੱਮ ਦਫਤਰ ਕਾਨੂੰਨ ਦਾ ਗਲਾ ਘੁੱਟ ਕੇ ਮੁਜਾਰਿਆਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਜਦੋਂਕਿ ਕਾਨੂੰਨੀ ਤੌਰ 'ਤੇ ਉਸ ਵੱਲੋਂ ਲਗਾਨ ਜਮਾਂ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਭਾਵੇਂ ਆਪਣਾ ਇਕ ਸਾਲ ਦਾ ਸਮਾਂ ਪੂਰਾ ਕਰਨ ਦੇ ਨੇੜੇ ਹੈ, ਪਰ ਉਸ ਦੇ ਰਾਜ ਕਰਨ ਦੇ ਤੌਰ ਤਰੀਕਿਆਂ ਵਿੱਚ ਪਹਿਲੀਆਂ ਸਰਕਾਰਾਂ ਦੇ ਮੁਕਾਬਲੇ ਕੋਈ ਭਿੰਨਤਾ ਨਹੀਂ ਦਿਸ ਰਹੀ। ਜਿਸ ਕਾਰਨ ਪੰਜਾਬ ਦੀ ਜਨਤਾ ਨਿਰਾਸ਼ਾ ਦੇ ਆਲਮ ਵਿੱਚ



ਹੈ। ਬੱਖਤਪੁਰਾ ਨੇ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਮੁਜਾਰਿਆਂ ਨੂੰ ਪ੍ਰੇਸ਼ਾਨ ਕਰਨ ਦੀ ਬਜਾਏ ਮੁਜਾਰਿਆਂ ਦਾ ਐੱਸਡੀਐੱਮ ਦਫਤਰ ਡੇਰਾ ਬਾਬਾ ਨਾਨਕ ਮੁਜਾਰਿਆਂ ਦਾ ਲਗਾਨ ਜਮਾਂ ਕਰੇ। ਇਸ ਮੌਕੇ ਕਰਮਜੀਤ ਸਿੰਘ ਖੰਨਾ ਚਮਾਰਾਂ, ਪਰਮਜੀਤ ਸਿੰਘ ਰੜੇਵਾਲੀ, ਕੁਲਵੰਤ ਸਿੰਘ ਰਾਮਦਿਵਾਲੀ, ਸਤਵੰਤ ਸਿੰਘ ਛੀਨਾ, ਅਨੂਪ ਸਿੰਘ, ਅਮਰ ਸਿੰਘ, ਸੁਖਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਜੀ-20 ਡਿਜੀਟਲ ਭੁਗਤਾਨ ਬਾਰੇ ਬੈਂਕ 'ਚ ਲੱਗਾ ਜਾਗਰੂਕਤਾ ਸੈਮੀਨਾਰ

**ਅੰਮ੍ਰਿਤਸਰ (ਅਰੋੜਾ)**-ਭਾਰਤ ਸਰਕਾਰ ਦੇ ਸੂਚਨਾ ਅਤੇ ਟੈਕਨੋਲੋਜੀ ਮੰਤਰਾਲੇ ਵੱਲੋਂ ਆਮ ਲੋਕਾਂ ਦੀ ਸੁਵਿਧਾ ਲਈ ਸ਼ੁਰੂ ਕੀਤੀ ਗਈ ਜੀ 20 ਡਿਜੀਟਲ ਪੇਮੈਂਟ ਦੇ ਬਾਰੇ ਜਾਣਕਾਰੀ ਦੇਣ ਲਈ ਸਰਕਾਰ ਦੇ ਵੱਖ-ਵੱਖ ਭਾਗਾਂ ਵੱਲੋਂ ਜਾਗਰੂਕਤਾ ਕੈਂਪ ਅਤੇ ਸੈਮੀਨਾਰ ਲਗਾਏ ਜਾ ਰਹੇ ਹਨ। ਇਸ ਲੜੀ ਦੇ ਚੱਲਦੇ ਬੈਂਕ ਆਫ ਇੰਡੀਆਂ ਛੇਹਰਟਾ ਬ੍ਰਾਂਚ ਵੱਲੋਂ ਖੇਤਰ ਦੇ ਸਮੂਹ ਗਾਹਕਾਂ, ਦੁਕਾਨਦਾਰਾਂ ਅਤੇ ਰੇੜ੍ਹੀ ਫੜ੍ਹੀ ਵਾਲਿਆਂ ਨੂੰ ਇਸ ਸੁਵਿਧਾ ਦਾ ਲਾਭ ਲੈਣ ਲਈ ਇਸਦੇ ਪ੍ਰਯੋਗ ਦੀ ਜਾਣਕਾਰੀ ਦੇਣ ਲਈ ਸੈਮੀਨਾਰ ਦਾ ਆਯੋਜਨ ਬੈਂਕ ਦੇ ਮੈਨੇਜਰ ਮਨੀਸ਼ ਕੁਮਾਰ, ਸਹਾਇਕ ਮੈਨੇਜਰ ਅਨਾਮਿਕਾ ਅਤੇ ਆਫੀਸਰ ਗੁਲਸ਼ਨ ਕੁਮਾਰ ਦੀ ਦੇਖ ਰੇਖ ਵਿੱਚ ਕੀਤਾ ਗਿਆ। ਸੈਮੀਨਾਰ ਵਿੱਚ ਗੁਰੂ ਦੀ ਨਗਰੀ ਅੰਮ੍ਰਿਤਸਰ ਦੇ ਯੋਜਨ ਮੈਨੇਜਰ ਅਜੇ ਕੁਮਾਰ ਤ੍ਰਿਪਾਠੀ ਖਾਸ ਰੂਪ ਵਜੋਂ ਸ਼ਾਮਿਲ ਹੋਏ। ਉਨ੍ਹਾਂ ਨੇ ਖੇਤਰ ਦੇ ਦੁਕਾਨਦਾਰਾਂ ਅਤੇ ਬੈਂਕ ਗਾਹਕਾਂ ਨੂੰ ਜੀ 20 ਦੀ ਸੁਵਿਧਾ ਅਤੇ ਇਸਦੇ ਲਾਭ ਦੇ ਬਾਰੇ ਵਿਸਥਾਰਪੂਰਕ ਦੱਸਿਆ। ਉਨ੍ਹਾਂ ਨੇ ਦੱਸਿਆਂ ਕਿ ਇਸ ਤਰ੍ਹਾਂ ਦੀ ਸੁਵਿਧਾ ਹੈ ਜਿਸ ਨਾਲ ਹਰ ਇੱਕ ਨਾਗਰਿਕ ਜੀ 20 ਵੱਲੋਂ ਹੋਣ ਵਾਲੀ ਯੋਜਨਾ ਨੂੰ ਘਰ ਬੈਠੇ ਆਪਣੇ ਮੋਬਾਇਲ ਤੇ ਪ੍ਰਾਪਤ ਕਰ ਸਕਦਾ ਹੈ। ਇਸ ਨਾਲ ਸਮੇਂ ਦੇ ਨਾਲ ਨਾਲ ਹੋਰ ਵੀ ਕਈ ਲਾਭ ਪ੍ਰਾਪਤ ਹੋ ਸਕਦੇ ਹਨ। ਉਨ੍ਹਾਂ ਨੇ ਇਸ ਸੁਵਿਧਾ ਦੇ ਬਾਰੇ ਸਾਰਿਆਂ ਨੂੰ ਜਾਗਰੂਕ ਕਰਦੇ ਹੋਏ ਇਸਦਾ ਪ੍ਰਯੋਗ ਕਰਨ ਲਈ ਕਿਹਾ। ਇਸ ਸੈਮੀਨਾਰ ਵਿੱਚ ਸਹਾਇਕ ਮੈਨੇਜਰ ਸ਼ਿਵ ਕੁਮਾਰ, ਅਸ਼ੋਕ ਕੁਮਾਰ ਮੱਟੂ, ਅਮਨਦੀਪ ਸਿੰਘ, ਨੇਹਾ ਸੁਥਰ, ਵਿਸਾਲ ਸਿੰਘ, ਸੁਧੀਰ ਸ਼ੁਕਲਾ, ਦੀਪਕ ਕੁਮਾਰ ਅਤੇ ਰਜਨੀ ਆਦਿ ਮੌਜੂਦ ਸਨ।





## ਖੇਤੀਬਾੜੀ ਵਿਭਾਗ ਨੇ ਸਭਰਾਂ 'ਚ ਵਿਸ਼ਵ ਦਾਲ ਦਿਵਸ ਮਨਾਇਆ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਤੀਬਾੜੀ ਵਿਭਾਗ ਬਲਾਕ ਪੱਟੀ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਤਰਨਤਾਰਨ ਨੇ ਵਿਸ਼ਵ ਦਾਲ ਦਿਵਸ ਪਿੰਡ ਸਭਰਾਂ ਵਿਖੇ ਮਨਾਇਆ। ਉੱਦਮੀ ਕਿਸਾਨ ਜਗਜੀਤ ਸਿੰਘ ਬੱਬੂ ਦੇ ਫਾਰਮ ਤੇ ਆਯੋਜਿਤ ਪ੍ਰੋਗਰਾਮ ਦੌਰਾਨ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਪੱਟੀ ਨੇ ਦਾਲਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਾਲਾਂ ਪ੍ਰੋਟੀਨ ਦਾ ਚੰਗਾ ਸਰੋਤ ਹੋਣ ਦੇ ਨਾਤੇ ਜਿਥੇ ਮਨੁੱਖੀ ਸਿਹਤ ਲਈ ਲਾਭਦਾਇਕ ਹਨ ਉਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਵੀ ਇਨ੍ਹਾਂ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸਾਡੀ ਰੋਜ਼ਾਨਾ ਖੁਰਾਕ ਵਿੱਚ ਦਾਲਾਂ ਦੀ ਖਪਤ ਘੱਟੋ ਘੱਟ 80 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੋਣੀ ਚਾਹੀਦੀ ਹੈ ਪਰ ਸਾਡੇ ਦੇਸ਼ ਵਿੱਚ ਇਨ੍ਹਾਂ ਦੀ ਉਪਲੱਬਧਤਾ 42 ਤੋਂ 47 ਗ੍ਰਾਮ ਹੀ ਹੈ ਜੋ ਕਿ ਬਹੁਤ ਘੱਟ ਹੈ। ਉਨ੍ਹਾਂ ਜਾਗਰੂਕ ਕਰਦਿਆਂ ਕਿਹਾ ਕਿ ਦਾਲਾਂ ਹੇਠ ਰਕਬਾ ਲਿਆਉਣ ਨਾਲ ਜ਼ਮੀਨ ਦੇ ਡਿਗਦੇ ਪੱਧਰ ਨੂੰ ਵੀ ਠੱਲ੍ਹ ਪਵੇਗੀ ਅਤੇ ਜ਼ਮੀਨ ਦੀ ਲੰਮੇ ਸਮੇਂ ਤਕ ਉਪਜਾਊ ਸ਼ਕਤੀ ਵੀ ਬਣੀ ਰਹੇਗੀ। ਇਸ ਮੌਕੇ ਡਾ. ਪਰਮਿੰਦਰ ਕੌਰ ਪੌਦਾ ਸੁਰੱਖਿਆ ਮਾਹਿਰ ਨੇ ਮੌਜੂਦ ਕਣਕ ਦੀ ਫਸਲ ਵਿੱਚ ਸੰਭਾਵੀ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਸਬੰਧੀ ਜਾਣਕਾਰੀ ਦਿੰਦਿਆਂ ਸੁਝਾਅ ਦਿੱਤਾ ਕਿ ਵਧਦੇ ਤਾਪਮਾਨ ਤੋਂ ਬਚਾਅ ਲਈ ਚਾਰ ਕਿਲੋ ਪੋਟਾਸ਼ੀਅਮ ਨਾਈਟਰੇਟ ਨੂੰ 200 ਲਿਟਰ ਪਾਣੀ ਵਿਚ ਘੋਲ ਬਣਾ ਕੇ 2 ਛਿੜਕਾਅ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਦਾਲਾਂ ਦੀ ਕਾਸ਼ਤ ਲਈ ਬੀਜ ਸੋਧ ਤਕਨੀਕ ਜ਼ਰੂਰ ਅਪਣਾਈ ਜਾਵੇ। ਇਸ ਮੌਕੇ ਡਾ. ਸਵਰੀਤ ਖਹਿਰਾ ਪਸਾਰ ਮਾਹਿਰ (ਫਲ ਵਿਗਿਆਨ) ਨੇ ਘਰੇਲੂ ਬਗੀਚੀ ਵਿਚ ਫਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਸੁਚੱਜੀ ਰੋਕਥਾਮ ਬਾਰੇ ਜਾਣਕਾਰੀ ਦਿੰਦਿਆਂ ਸੁਝਾਅ ਦਿੱਤਾ ਕਿ ਫਲਦਾਰ ਬੂਟੇ ਪ੍ਰਮਾਣਿਤ ਅਦਾਰਿਆਂ ਤੋਂ ਹੀ ਲਏ ਜਾਣ। ਇਸ ਮੌਕੇ ਡਾ. ਭਾਰਤ ਭੂਸ਼ਨ ਨੇ ਜਾਣਕਾਰੀ ਦਿੱਤੀ ਕਿ ਸਾਉਣੀ ਰੁੱਤ ਵਿੱਚ ਅਰਹਰ ਦੀ ਬਿਜਾਈ ਲਈ ਮਈ ਦਾ ਦੂਜਾ, ਸੋਇਆਬੀਨ ਲਈ ਜੂਨ ਦਾ ਪਹਿਲਾ ਪੰਦਰਵਾੜਾ ਅਤੇ ਮੂੰਗੀ ਦੀ ਬਿਜਾਈ ਲਈ ਜੁਲਾਈ ਦਾ ਦੂਜਾ ਪੰਦਰਵਾੜਾ ਢੁਕਵਾਂ ਸਮਾਂ ਹੈ। ਇਸ ਮੌਕੇ ਉੱਦਮੀ ਕਿਸਾਨ ਜਗਜੀਤ ਸਿੰਘ ਬੱਬੂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਟੀਐਮ ਗੁਰਪ੍ਰੀਤ ਸਿੰਘ ਅਤੇ ਸਰਕਲ ਇੰਚਾਰਜ ਅਮਰਿੰਦਰ ਸਿੰਘ ਏਡੀਓ ਨੇ ਕਿਸਾਨ ਉਪਯੋਗੀ ਟ੍ਰੇਨਿੰਗਾਂ ਬਾਬਤ ਜਾਣਕਾਰੀ ਦਿੰਦਿਆਂ ਘਰੇਲੂ ਬੀਜ ਤਿਆਰ ਕਰਨ ਲਈ ਕਿਹਾ। ਇਸ ਮੌਕੇ ਕਿਸਾਨ ਆਗੂ ਸੋਹਣ ਸਿੰਘ ਨੇ ਖੇਤੀ ਵਿੱਚ ਆਉਂਦੀਆਂ ਮੁਸ਼ਕਲਾਂ ਬਾਬਤ ਗੱਲਬਾਤ ਕਰਦਿਆਂ ਸਾਥੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਣਕ ਦੇ ਨਾੜ ਨੂੰ ਖੇਤਾਂ ਵਿੱਚ ਹੀ ਵਾਹਿਆ ਜਾਵੇ ਤਾਂ ਜੋ ਰੁੱਖਾਂ ਅਤੇ ਫਸਲ ਉਪਯੋਗੀ ਜੀਵ ਜੰਤੂਆਂ ਦਾ ਨੁਕਸਾਨ ਨਾ ਹੋਵੇ। ਇਸ ਮੌਕੇ ਕਾਲਜ ਸਿੰਘ, ਅਵਤਾਰ ਸਿੰਘ, ਠੇਕੇਦਾਰ ਸਤਨਾਮ ਸਿੰਘ, ਹਰਜਿੰਦਰ ਸਿੰਘ ਸਾਬਕਾ ਸਰਪੰਚ, ਸਰਨਜੀਤ ਸਿੰਘ ਭੂਰਾ, ਸਾਬ ਸਿੰਘ, ਜਗੀਰ ਸਿੰਘ, ਗੁਰਸਾਹਿਬ ਸਿੰਘ ਮੈਂਬਰ ਪੰਚਾਇਤ, ਭੁਪਿੰਦਰ ਸਿੰਘ, ਨਿਸ਼ਾਨ ਸਿੰਘ ਉਪ ਨਿਰੀਖਕ, ਗੁਰਦੇਵ ਸਿੰਘ ਮਾਣਕਪੁਰਾ, ਗੁਰਦੇਵ ਸਿੰਘ ਸਹਾਇਕ ਤਕਨੀਕੀ ਪ੍ਰਬੰਧਕ, ਸਲਵਿੰਦਰ ਸਿੰਘ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।




## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਆਈਆਂ ਸ਼ਿਕਾਇਤਾਂ 'ਚੋਂ 98 ਫੀਸਦੀ ਦਾ ਨਿਪਟਾਰਾ : ਜਿੰਪਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੱਤੀ ਹੈ ਕਿ ਵਿਭਾਗ ਦੇ ਸ਼ਿ?ਕਾਇਤ ਨਿਵਾਰਨ ਕੇਂਦਰ 'ਚ 11 ਮਹੀਨਿਆਂ ਦੌਰਾਨ ਆਈਆਂ ਸ਼ਿਕਾਇਤਾਂ 'ਚੋਂ ਤਕਰੀਬਨ 98 ਫੀਸਦੀ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਪਿੰਡਾਂ 'ਚ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੀ ਪਹਿਲ ਹੈ ਅਤੇ ਇਸ ਮਕਸਦ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੂਰੀ ਸਿਦਕ ਅਤੇ ਸ਼ਿੱਦਤ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸਾਫ-ਸੁਥਰਾ ਅਤੇ ਕੂੜਾ ਮੁਕਤ ਰੱਖਣ ਲਈ ਵੀ ਬਹੁਤ ਸਾਰੀਆਂ ਯੋਜਨਾਵਾਂ ਉੱਤੇ ਕੰਮ ਹੋ ਰਿਹਾ ਹੈ। ਜਿੰਪਾ ਨੇ ਕਿਹਾ ਕਿ ਵਿਭਾਗ ਵੱਲੋਂ ਜਾਰੀ ਟੋਲ ਫਰੀ ਨੰਬਰ 1800-180-2468 ਉੱਤੇ ਜੇਕਰ ਕਿਸੇ ਪਿੰਡ ਵਾਸੀ ਜਾਂ ਪੰਚਾਇਤ ਵੱਲੋਂ ਜਲ ਸਪਲਾਈ, ਆਰ.ਓ. ਪਲਾਂਟ, ਸੀਵਰੇਜ ਜਾਂ ਨਿੱਜੀ ਪਖਾਨਿਆਂ ਸਬੰਧੀ ਸ਼ਿਕਾਇਤ ਮਿਲਦੀ ਹੈ ਤਾਂ ਉਸ ਦਾ ਹੱਲ ਸਬੰਧਤ ਅਧਿਕਾਰੀ ਵੱਲੋਂ ਸਮਾਂਬੱਧ ਤਰੀਕੇ ਨਾਲ ਕੀਤਾ ਜਾਂਦਾ ਹੈ। ਇਸ ਨੰਬਰ ਉੱਤੇ 1 ਮਾਰਚ 2022 ਤੋਂ ਲੈ ਕੇ 6 ਫਰਵਰੀ 2023 ਤੱਕ 18 ਹਜ਼ਾਰ 693 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚੋਂ 18 ਹਜ਼ਾਰ 308 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਇਹ ਦਰ 97.94 ਫੀਸਦੀ ਬਣਦੀ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤ ਦਾ ਨਿਪਟਾਰਾ ਹੋਣ ਤੋਂ ਬਾਅਦ ਸ਼ਿਕਾਇਤਕਰਤਾ ਤੋਂ ਫੀਡਬੈਕ ਵੀ ਲਿਆ ਜਾਂਦਾ ਹੈ ਅਤੇ ਜੇਕਰ ਉਹ ਸ਼ਿਕਾਇਤ ਦੇ ਹੱਲ ਤੋਂ ਸੰਤੁਸ਼ਟ ਨਹੀਂ ਤਾਂ ਉਸ ਦੀ ਸ਼ਿਕਾਇਤ 'ਤੇ ਦੋਬਾਰਾ ਯੋਗ ਕਾਰਵਾਈ ਕੀਤੀ ਜਾਂਦੀ ਹੈ। ਮੰਤਰੀ ਨੇ ਕਿਹਾ ਕਿ ਪੰਜਾਬ ਦੇ ਪਿੰਡ ਵਾਸੀਆਂ ਨੂੰ ਸਾਫ ਪੀਣਯੋਗ ਪਾਣੀ ਅਤੇ ਢੁਕਵੇਂ ਸੀਵਰੇਜ ਦੀ ਸਹੂਲਤ ਦੇਣ ਲਈ ਮਾਨ ਸਰਕਾਰ ਪੂਰੇ ਯਤਨ ਕਰ ਰਹੀ ਹੈ। ਜਿੰਪਾ ਨੇ ਅਪੀਲ ਕੀਤੀ ਕਿ ਕੋਈ ਵੀ ਪਿੰਡ ਵਾਸੀ ਜਲ ਸਪਲਾਈ ਅਤੇ ਸੈਨੀਟੇਸ਼ਨ ਸਬੰਧੀ ਕਿਸੇ ਵੀ ਪ੍ਰਕਾਰ ਦੀ ਸ਼ਿਕਾਇਤ ਜਾਂ ਸੁਝਾਅ ਸਬੰਧੀ ਆਪਣੇ ਵਿਚਾਰ ਬਿਨਾਂ ਕਿਸੇ ਝਿਜਕ ਦੇ ਪੇਸ਼ ਕਰੇ। ਇਸ ਦਾ ਹੱਲ ਕੱਢਣ ਲਈ ਉਹ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਅਤੇ ਜੀਵਨ ਪੱਧਰ ਉੱਚਾ ਚੁੱਕਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

## ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਪੜ੍ਹਾਇਆ ਪਾਠ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਬਾਲ ਵਿਖੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬ ਸਟੇਟ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਹੁਰਾਂ ਨੇ ਸਮੂਹ ਸਕੂਲ ਵਿਦਿਆਰਥੀਆਂ ਅਤੇ ਸਟਾਫ ਮੈਂਬਰਜ ਨੂੰ ਸੰਬੋਧਨ ਕੀਤਾ। ਗੁਰੂ ਸਾਹਿਬਾਨ ਵਲੋਂ ਦਰਸਾਈਆਂ ਨੈਤਿਕ ਕਦਰ ਕੀਮਤਾਂ ਦੀ ਪਾਲਣਾ ਕਰਦੇ ਹੋਏ ਇਕ ਵਧੀਆ ਅਤੇ ਸੁਚੱਜਾ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ। ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਦੀ ਜਾਣਕਾਰੀ ਦਿਤੀ। ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿੱਖੀ ਸਿਧਾਂਤਾਂ ਮੁਤਾਬਿਕ ਚੱਲਣ ਦੀ ਪ੍ਰੇਰਨਾ ਕੀਤੀ। ਇਸ ਸਮੇਂ ਉਨ੍ਹਾਂ ਵਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਨਾਲ ਹੀ ਸਕੂਲ ਦੇ ਅਧਿਆਪਕ ਸਾਹਿਬਾਨ ਨੂੰ ਉਨ੍ਹਾਂ ਦੀਆਂ ਨਿਸ਼ਕਾਮ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਪਰਮਜੀਤ ਸਿੰਘ ਸੋਹਲ ਨੇ ਸਕੂਲ ਕਮੇਟੀ ਵਲੋਂ ਚੇਅਰਮੈਨ ਮਨਜੀਤ ਸਿੰਘ ਭੋਮਾ ਅਤੇ ਨਾਲ ਆਏ ਪ੍ਰਚਾਰਕ ਸਾਹਿਬਾਨ ਅੰਗਰੇਜ਼ ਸਿੰਘ, ਰਣਜੀਤ ਸਿੰਘ, ਕੁਲਬੀਰ ਸਿੰਘ, ਜਗਦੀਪ ਸਿੰਘ ਅਤੇ ਦਿਲਬਾਗ ਸਿੰਘ ਹੁਰਾਂ ਨੂੰ ਸਨਮਾਨਿਤ ਕੀਤਾ। ਇਸ ਸਮੇਂ ਕਮੇਟੀ ਸੱਕਤਰ ਹਰਜਿੰਦਰਪਾਲ ਸਿੰਘ ਢਿੱਲੋਂ, ਮੈਨੇਜਰ ਸਿਮਰਤਪਾਲ ਸਿੰਘ ਸੋਹਲ, ਕਲਰਕ ਬਲਵਿੰਦਰ ਸਿੰਘ, ਰਵਿੰਦਰਜੀਤ ਸਿੰਘ, ਵਿਜੈ ਕੁਮਾਰ, ਅਮਰਜੀਤ ਕੌਰ, ਮਨਦੀਪ ਕੌਰ, ਰਜਨੀ ਬਾਲਾ, ਰਾਜਵਿੰਦਰ ਕੌਰ, ਗੁਰਜੀਤ ਕੌਰ, ਮਨਦੀਪ ਕੌਰ, ਕਿਰਨਜੋਤ, ਜਸਮੀਤ ਕੌਰ, ਲਖਬੀਰ ਕੌਰ, ਵਰਿੰਦਰ ਕੌਰ, ਰਣਜੀਤ ਕੌਰ, ਗੁਰਵਿੰਦਰ ਕੌਰ, ਮਨਬੀਰ ਕੌਰ, ਕਰਮਜੀਤ ਕੌਰ ਅਤੇ ਅਮਨਦੀਪ ਕੌਰ ਆਦਿ ਸ਼ਾਮਲ ਹੋਏ।



## ਨੌਜਵਾਨ ਪੀੜ੍ਹੀ ਨੂੰ ਕਲਾਤਮਕ ਰੁਚੀਆਂ ਨਾਲ ਜੋੜਨਾ ਇਕ ਚੰਗੇ ਕੱਲ੍ਹ ਦਾ ਸੰਕੇਤ : ਘੁੰਮਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨੌਜਵਾਨ ਪੀੜ੍ਹੀ ਨੂੰ ਕਲਾਤਮਕ ਰੁਚੀਆਂ ਨਾਲ ਜੋੜਨਾ ਇਕ ਚੰਗੇ ਕੱਲ੍ਹ ਦਾ ਸੰਕੇਤ ਹੈ। ਇਹ ਪ੍ਰਗਟਾਵਾ ਹਲਕਾ ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ ਨੇ ਨਿਊ ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖ਼ਸ਼, ਮੁਕੇਰੀਆਂ ਵਿਖੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਕਰਵਾਏ ਦੋ ਰੋਜ਼ਾ ਯੁਵਕ ਦਿਵਸ ਸਮਾਗਮ ਦੇ ਦੂਜੇ ਤੇ ਅੰਤਿਮ ਦਿਨ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਕੀਤਾ। ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ ਤਹਿਤ ਸਵਾਮੀ ਵਿਵੇਕਾਨੰਦ ਦੀ ਜੀਵਨੀ ਨੂੰ ਸਮਰਪਿਤ ਕਰਵਾਏ ਇਸ ਯੁਵਕ ਦਿਵਸ ਸਮਾਗਮ ਦੌਰਾਨ ਉਨ੍ਹਾਂ ਆਖਿਆ ਕਿ ਨੌਜਵਾਨ ਪੀੜ੍ਹੀ ਨੂੰ ਉਸਾਰੂ ਪਾਸੇ ਲਗਾ ਕੇ ਉਨ੍ਹਾਂ ਦਾ ਭਵਿੱਖ ਸੰਵਾਰਿਆ ਜਾ ਸਕਦਾ ਹੈ। ਉਨ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਵੱਖ-ਵੱਖ ਸਕੂਲਾਂ-ਕਾਲਜਾਂ ਦੇ ਯੂਥ ਕਲੱਬਾਂ ਦੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਵਾਲੇ ਭਾਗੀਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਦੇ ਅਸਲੀ ਹੱਕਦਾਰ ਯੁਵਕ ਸੇਵਾਵਾਂ ਵਿਭਾਗ ਹੁਸ਼ਿਆਰਪੁਰ ਦੇ ਸਹਾਇਕ ਡਾਇਰੈਕਟਰ ਪ੍ਰੀਤ ਕੋਹਲੀ ਹਨ, ਜਿਨ੍ਹਾਂ ਵੱਲੋਂ ਇਹ ਸ਼ਾਨਦਾਰ ਪ੍ਰੋਗਰਾਮ ਉਲੀਕਿਆ ਗਿਆ ਹੈ। ਪ੍ਰੋਗਰਾਮ ਦੌਰਾਨ ਪ੍ਰੀਤ ਕੋਹਲੀ ਨੇ ਦੱਸਿਆ ਕਿ ਵਿਭਾਗ ਵੱਲੋਂ ਨੌਜਵਾਨਾਂ ਦੀ ਬਿਹਤਰੀ ਲਈ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਯੂਥ ਲੀਡਰਸ਼ਿਪ ਅਤੇ ਇੰਟਰ-ਸਟੇਟ ਟੂਰ ਕਰਵਾਏ ਜਾਂਦੇ ਹਨ। ਇਸ ਮੌਕੇ ਵਿਸ਼ੇਸ਼ ਮਹਿਮਾਨ ਜੀ ਐਸ ਮੁਲਤਾਨੀ ਹਲਕਾ ਇੰਚਾਰਜ ਮੁਕੇਰੀਆਂ ਵੱਲੋਂ ਵੀ ਆਪਣੇ ਸੰਖੇਪ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਗਈ। ਅੱਜ ਸਮਾਗਮ ਦੇ ਦੂਜੇ ਦਿਨ ਸ੍ਰੀ ਦੇਸ ਰਾਜ, ਡਾਇਰੈਕਟਰ ਸਰਵਹਿੱਤਕਾਰੀ ਵਿੱਦਿਆ ਮੰਦਰ ਵੱਲੋਂ ਸਵਾਮੀ ਵਿਵੇਕਾਨੰਦ ਦੇ ਜੀਵਨ ਉਤੇ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਇਸ ਉਪਰੰਤ ਭਾਗੀਦਾਰਾਂ ਦੇ ਪੋਸਟਰ ਮੇਕਿੰਗ ਮੁਕਾਬਲੇ, ਸਲੋਗਨ ਲੇਖ ਮੁਕਾਬਲੇ, ਕੋਲਾਜ ਮੇਕਿੰਗ ਮੁਕਾਬਲੇ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਲੋਗਨ ਲਿਖਣ ਮੁਕਾਬਲਿਆਂ ਵਿੱਚ ਜੀ ਟੀ ਬੀ ਖਾਲਸਾ ਕਾਲਜ ਦਸੂਹਾ ਦੀਆਂ ਵਿਦਿਆਰਥਣਾਂ ਨੇ ਪਹਿਲਾ ਸਥਾਨ , ਦਸਮੇਸ਼ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਦੂਜਾ ਸਥਾਨ ਅਤੇ ਐਮ. ਆਰ. ਪੀ. ਡੀ. ਗੌਰਮੈਂਟ ਕਾਲਜ ਤਲਵਾੜਾ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਹਾਸਲ ਕੀਤਾ। ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚ ਦਸਮੇਸ਼ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਪਹਿਲਾ, ਜੀ.ਜੀ.ਡੀ.ਐਸ.ਡੀ.ਕਾਲਜ ਹਰਿਆਣਾ ਦੀਆਂ ਵਿਦਿਆਰਥਣਾਂ ਨੇ ਦੂਜਾ ਅਤੇ ਐਸ. ਪੀ.ਐਨ. ਕਾਲਜ ਨੇ ਤੀਜਾ ਸਥਾਨ ਹਾਸਲ ਕੀਤਾ ਇਸੇ ਤਰਾਂ ਕੋਲਾਜ ਬਣਾਉਣ ਦੇ ਮੁਕਾਬਲੇ ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਪਹਿਲਾ ਸਥਾਨ, ਦਸਮੇਸ਼ ਗਰਲਜ਼ ਕਾਲਜ ਨੇ ਦੂਜਾ ਅਤੇ ਜੀ. ਟੀ. ਬੀ. ਖਾਲਸਾ ਕਾਲਜ ਨੇ ਤੀਸਰਾ ਸਥਾਨ ਹਾਸਲ ਕੀਤਾ। ਡੈਕਲਾਮੇਸ਼ਨ ਮੁਕਾਬਲਿਆਂ ਵਿੱਚ ਜੀ ਟੀ ਬੀ ਕਾਲਜ ਦਸੂਹਾ ਨੇ ਪਹਿਲਾ ਸਥਾਨ ਐਮ ਆਰ ਪੀ ਡੀ ਕਾਲਜ ਤਲਵਾੜਾ ਨੇ ਦੂਜਾ ਸਥਾਨ, ਦਸਮੇਸ਼ ਗਰਲਜ਼ ਕਾਲਜ ਨੇ ਤੀਜਾ ਸਥਾਨ ਅਤੇ ਸਰਵਹਿੱਤਕਾਰੀ ਵਿੱਦਿਆ ਮੰਦਿਰ ਸਕੂਲ ਨੇ ਕੰਸਲੇਸ਼ਨ ਇਨਾਮ ਪ੍ਰਾਪਤ ਕੀਤਾ। ਪ੍ਰੋਗਰਾਮ ਦੇ ਅੰਤ ਵਿਚ ਦਸਮੇਸ਼ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਗਿੱਧੇ ਦੀ ਪੇਸ਼ਕਾਰੀ ਕੀਤੀ ਗਈ ਜਿਸ ਨੂੰ ਸਮੂਹ ਭਾਗੀਦਾਰਾਂ ਵੱਲੋਂ ਬਹੁਤ ਸਲਾਹਿਆ ਗਿਆ ਇਸ ਮੌਕੇ ਤੇ ਦਸਮੇਸ਼ ਗਰਲਜ਼ ਕਾਲਜ ਦੇ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਜੀ ਨੇ ਆਏ ਹੋਏ ਮਹਿਮਾਨਾਂ ਨਾਲ ਧੰਨਵਾਦੀ ਸ਼ਬਦ ਸਾਂਝੇ ਕੀਤੇ। ਇਸ ਤਰਾਂ ਐਜੂਕੇਸ਼ਨ ਵਿਭਾਗ ਤੋਂ ਡਾ. ਅੰਜਲੀ ਮੋਗਾ, ਪ੍ਰੋ. ਅਨੂ ਲਤਾ, ਪ੍ਰੋ ਰੇਨੂੰ ਗੁਪਤਾ, ਪ੍ਰੋਫੈਸਰ, ਪ੍ਰੋ ਸ਼ਿਖਾ ਸ਼ਰਮਾ ਸਤਵੰਤ ਕੌਰ ਦੇ ਨਾਲ ਬਲਜੀਤ ਸਿੰਘ, ਮੈਡਮ ਨਰਿੰਦਰ ਕੌਰ, ਸ੍ਰੀਮਤੀ ਇੰਦਰਦੀਪ ਕੌਰ, ਪ੍ਰੋ ਨਰਿੰਦਰ ਕੌਰ, ਰਜਿੰਦਰ ਸਿੰਘ, ਨਿਤਿਕਾ ਦੇਵੀ, ਯਸਪਾਲ ਸਿੰਘ, ਪ੍ਰੋ ਵਿਜੇ ਕੁਮਾਰ, ਦਵਿੰਦਰ ਸਿੰਘ, ਪ੍ਰੋ ਸੁਰੇਸ਼ ਕੁਮਾਰ, ਪ੍ਰੋ ਮਨਿੰਦਰ ਕੌਰ ਅਤੇ ਵਿਦਿਆਰਥਣਾਂ ਹਾਜ਼ਰ ਸਨ।

## ਪ੍ਰਿੰ. ਬਿਕਰਮਜੀਤ ਚਾਹਲ ਤੇ ਜ਼ਿਲ੍ਹਾ ਗਾਇਡੈਂਸ ਕੌਂਸਲਰ ਪਰਮਿੰਦਰ ਸੈਣੀ ਦਾ ਸਨਮਾਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਕਸਬਾ ਡੇਰਾ ਬਾਬਾ ਨਾਨਕ ਦੇ ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਉੱਘੇ ਸਮਾਜ ਸੇਵੀ ਤੇ ਬਾਬਾ ਸ੍ਰੀ ਚੰਦ ਟਰੱਸਟ ਦੇ ਚੇਅਰਮੈਨ ਐਨ. ਆਰ. ਆਈ. ਬਾਬਾ ਰਜਿੰਦਰ ਸਿੰਘ ਬੇਦੀ ਵੱਲੋ ਅੱਜ ਡੇਰਾ ਬਾਬਾ ਨਾਨਕ ਸੀਨੀਅਰ ਸੰਕੈਡਰੀ ਸਮਾਰਟ ਸਕੂਲ ਲੜਕੀਆਂ ਵਿਖੇ ਕਰਵਾਏ ਗਏ ਅਧਿਆਪਕ ਸਨਮਾਨ ਸਮਾਰੋਹ ਮੌਕੇ ਡੇਰਾ ਬਾਬਾ ਨਾਨਕ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕਿਆਂ) ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਚਾਹਲ ਤੇ ਜਿਲਾ ਗਾਇਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਨੂੰ ਸਿੱਖਿਆ ਵਿਭਾਗ ਵਿੱਚ ਆਪਣੀ ਡਿਊਟੀ ਦੌਰਾਨ ਸ਼ਲਾਘਾਯੋਗ ਕਾਰਗੁਜ਼ਾਰੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸੀਨੀ. ਸੈਕੰਡਰੀ ਸਮਾਰਟ ਸਕੂਲ ਲੜਕੀਆਂ ਵਿੱਚ ਕੰਮ ਕਰਦੀਆਂ ਮਿੱਡ ਡੇ ਮੀਲ ਕੁੱਕਾਂ ਤੇ ਸਕੂਲ ਦੇ ਸੇਵਾਦਾਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਬੀ ਆਤਮਜੀਤ ਕੌਰ ਬੇਦੀ, ਪ੍ਰਿੰਸੀਪਲ ਮੈਡਮ ਰੁਪਿੰਦਰਜੀਤ ਕੌਰ ਧਾਲੀਵਾਲ, ਸਰਪੰਚ ਬਰਜਿੰਦਰ ਸਿੰਘ ਬਾਜਵਾ, ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਸੁੱਚਾ ਸਿੰਘ ਸੈਕਟਰੀ, ਪਰਮਜੀਤ ਸਿੰਘ ਸਾਬੀ ਡੇਰਾ, ਸਰਬਜੀਤ ਸਿੰਘ, ਮਨਮੋਹਨ ਸਿੰਘ, ਰਾਣਾ ਸ਼ਾਹਪੁਰ, ਮੈਡਮ ਕੰਵਲਜੀਤ ਕੌਰ ਸੋਢੀ, ਮੈਡਮ ਦਵਿੰਦਰ ਕੌਰ, ਮੈਡਮ ਗੁਰਮੀਤ ਕੌਰ, ਮੈਡਮ ਸੁਖਜਿੰਦਰ ਕੌਰ, ਮੈਡਮ ਰਵੀਨਾ, ਮੈਡਮ ਅਮਨਪ੍ਰੀਤ ਕੌਰ, ਮੈਡਮ ਗੁਰਮੀਤ ਕੌਰ, ਮੈਡਮ ਪਲਵੀ ਮਹਾਜਨ, ਸਤਨਾਮ ਸਿੰਘ, ਜਗਜੀਤ ਸਿੰਘ, ਮੈਡਮ ਸਰਬਜੀਤ ਕੌਰ, ਮੈਡਮ ਦੀਕਸ਼ਾ , ਮੈਡਮ ਸੰਧਿਆ, ਮੈਡਮ ਮਨਪ੍ਰੀਤ ਕੌਰ, ਮੈਡਮ ਕੰਚਨਪ੍ਰੀਤ ਕੌਰ, ਮੈਡਮ ਹਰਨੀਤ ਹੁੰਦਲ, ਮੈਡਮ ਜਸਬੀਰ ਕੌਰ, ਮੈਡਮ ਰਜਵੰਤ ਕੌਰ, ਮੈਡਮ ਪ੍ਰਿਆ, ਮੈਡਮ ਸਿਮਰਨਜੀਤ ਕੌਰ, ਮੈਡਮ ਗਗਨਦੀਪ, ਮੈਡਮ ਲੀਨਾ ਗੁਪਤਾ, ਮੈਡਮ ਪਰਮਜੀਤ ਕੌਰ, ਮੈਡਮ ਮਮਤਾ, ਮੈਡਮ ਰੁਪਿੰਦਰ ਕੌਰ, ਮੈਡਮ ਜਸਵਿੰਦਰ ਕੌਰ, ਪਲਵਿੰਦਰ ਸਿੰਘ ਰੰਧਾਵਾ, ਬਿਕਰਮਜੀਤ ਸਿੰਘ ਅਤੇ ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।





## ਬੀਬੀ ਜਸਬੀਰ ਕੌਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਸੀਨੀਅਰ ਕਾਂਗਰਸੀ ਆਗੂ ਬਿਕਰਮ ਸਿੰਘ ਢਿੱਲੋਂ ਦੀ ਮਾਤਾ ਜੋ ਕੁਝ ਦਿਨ ਪਹਿਲਾਂ ਗੁਰੂ ਚਰਨਾਂ ਵਿੱਚ ਜਾਂ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ। ਵਿਛੜੀ ਰੂਹ ਨੂੰ ਡੀਐੱਸਪੀ ਜਸਪਾਲ ਸਿੰਘ ਢਿੱਲੋਂ, ਵਿਕਰਮ ਸਿੰਘ ਢਿੱਲੋਂ, ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਹਰਪਿੰਦਰ ਸਿੰਘ, ਪ੍ਰਧਾਨ ਗੁਰਵਿੰਦਰ ਸਿੰਘ, ਭਾਈ ਮਨਜੀਤ ਸਿੰਘ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਮਨਜਿੰਦਰ ਸਿੰਘ ਲਹਿਰੀ, ਤੇਜਿੰਦਰ ਸਿੰਘ ਬੱਬੂ, ਅਸ਼ੋਕ ਕੁਮਾਰ, ਲੇਖਕ ਜਸਬੀਰ ਸਿੰਘ, ਬਲਦੇਵ ਸਿੰਘ, ਸ਼੍ਰੋਮਣੀ ਕਮੇਟੀ ਇੰਸ ਦਿਲਬਾਗ ਸਿੰਘ , ਸਰਪੰਚ ਨਰਿੰਦਰ ਪੱਪਾ, ਜਸਕਰਨ ਸਿੰਘ ਸ਼ੇਰਾ, ਇੰਦਰਜੀਤ ਸਿੰਘ, ਸਰਪੰਚ ਅਮਰਜੀਤ ਸਿੰਘ, ਰਿਸੀਵਰ ਬਲਵਿੰਦਰ ਸਿੰਘ ਸਵਰਗਾਪੁਰੀ, ਐਡਵੋਕੇਟ ਰਛਪਾਲ ਸਿੰਘ, ਮਨਜੀਤ ਸਿੰਘ, ਦਲਜੀਤ ਸਿੰਘ ਐਮਾ, ਖਾਲੜਾ ਬਲਵਿੰਦਰ ਸਿੰਘ, ਡਾ. ਸੰਦੀਪ ਅਗਨੀਹੋਤਰੀ, ਚੇਅਰਮੈਨ ਰਮਨ ਕੁਮਾਰ, ਸਰਪੰਚ ਸੋਨੂੰ ਚੀਮਾ, ਸ਼ੁਬੇਗ ਸਿੰਘ ਧੁੰਨ, ਪ੍ਰਚਾਰਕ ਭਾਈ ਬਲਵਿੰਦਰ ਸਿੰਘ, ਸੋਨੂੰ ਦੋਦੇ, ਮਨਿੰਦਰਪਾਲ ਸਿੰਘ ਪਲਾਸੌਰ, ਮਾ ਅਵਤਾਰ ਸਿੰਘ, ਗੁਰਮੀਤ ਸਿੰਘ ਸ਼ਾਹ, ਪਾਲੀ ਸੋਢੀ, ਨਰਿੰਦਰ ਸਿੰਘ ਘੋਣਾ, ਸਰਪੰਚ ਸੋਨੂੰ ਬਰਾੜ, ਸਰਪੰਚ ਜੱਗਾ ਸਵਰਗਾਪੁਰੀ, ਐਡਵੋਕੇਟ ਤੇ ਬਲਾਕ ਪ੍ਰਧਾਨ ਜਗਮੀਤ ਸਿੰਘ ਢਿੱਲੋਂ, ਡਾ. ਸੁਖਦੇਵ ਸਿੰਘ ਢਿੱਲੋਂ, ਮਨਜੀਤ ਸਿੰਘ ਢਿੱਲੋਂ, ਰਾਜਵਿੰਦਰ ਸਿੰਘ ਰਾਜੂ, ਗੁਰਸੇਵਕ ਸਿੰਘ ਔਲਖ, ਮਨਦੀਪ ਕੌਰ ਟਾਂਗਰਾ, ਸੱਜਣ ਸਿੰਘ ਮਲਵਈ, ਨਰਿੰਦਰ ਸਿੰਘ ਸੰਧੂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।



## ਸਵੈ-ਰੋਜ਼ਗਾਰ ਸਕੀਮਾਂ ਅਧੀਨ ਕਰਜ਼ਾ ਦੇਣ ਲਈ ਇੱਕ ਕਰੋੜ ਰੁਪਏ ਦੀ ਰਾਸ਼ੀ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਘੱਟ ਗਿਣਤੀ ਵਰਗ ਦੇ ਗਰੀਬ ਲੋਕਾਂ ਦੀ ਭਲਾਈ ਲਈ ਵੱਖ-ਵੱਖ ਸਵੈ-ਰੋਜ਼ਗਾਰ ਸਕੀਮਾਂ ਅਧੀਨ ਸਸਤੇ ਵਿਆਜ ਦੀਆਂ ਦਰਾਂ 'ਤੇ ਕਰਜ਼ੇ ਦੇਣ ਲਈ ਸਾਲ 2022-23 ਵਾਸਤੇ ਇੱਕ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ ਦੇ ਗਰੀਬ ਲੋਕਾਂ ਨੂੰ ਸਵੈ-ਰੁਜ਼ਗਾਰ ਸਕੀਮਾਂ ਅਧੀਨ ਕਰਜ਼ਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਐਨ.ਐਮ.ਡੀ.ਐਫ.ਸੀ. ਤੋਂ ਟਰਮ ਲੋਨ (ਮਿਆਦੀ ਕਰਜ਼ਾ) ਲੈਣ ਸਬੰਧੀ ਆਪਣੇ ਹਿੱਸੇ ਵਜੋਂ ਇੱਕ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਰਾਸ਼ਟਰੀ ਕਾਰਪੋਰੇਸ਼ਨ ਐਨ.ਐਮ.ਡੀ.ਐਫ.ਸੀ. ਵੱਲੋਂ ਇਸ ਸਕੀਮ ਅਧੀਨ 18.00 ਕਰੋੜ ਰੁਪਏ ਦੀ ਰਾਸ਼ੀ ਮਿਲਾ ਕੇ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਨੂੰ 19.00 ਕਰੋੜ ਰੁਪਏ ਦੇ ਕਰਜੇ ਵੰਡੇ ਜਾਣਗੇ। ਨਿਗਮ ਵੱਲੋਂ ਯੋਗ ਵਿਅਕਤੀਆਂ ਨੂੰ ਕਰਜੇ ਵੰਡਣ ਸਬੰਧੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰ ਤੇ ਅਵੇਅਰਨੈੱਸ ਕੈਂਪ ਵੀ ਲਗਾਏ ਜਾਣਗੇ। ਯੋਗ ਵਿਅਕਤੀ ਇਸ ਸਕੀਮ ਦਾ ਵੱਧ ਤੋ ਵੱਧ ਲਾਭ ਪ੍ਰਾਪਤ ਕਰਕੇ ਸਵੈ ਰੋਜ਼ਗਾਰ ਦੇ ਧੰਦੇ ਸ਼ੁਰੂ ਕਰ ਸਕਦੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਅਧੀਨ ਪਿਛਲੇ 5 ਸਾਲਾਂ ਵਿੱਚ ਸਾਲ 2020-21 ਦੌਰਾਨ ਇੱਕ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਇਸ ਸਕੀਮ ਅਧੀਨ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ (ਸਿੱਖ, ਕ੍ਰਿਸਚਨ, ਮੁਸਲਮਾਨ, ਪਾਰਸੀ, ਬੋਧੀ ਅਤੇ ਜੈਨੀ) ਦਾ ਜੀਵਨ ਪੱਧਰ ਉਪਰ ਚੁੱਕਣ ਲਈ ਸਵੈ ਰੋਜਗਾਰ ਸਕੀਮ ਅਧੀਨ ਪੰਜ ਲੱਖ ਰੁਪਏ ਦੇ ਕਰਜ਼ੇ 6-8% ਸਾਲਾਨਾ ਵਿਆਜ਼ ਦੀ ਦਰ 'ਤੇ ਦਿੱਤੇ ਜਾਣਗੇ। ਇਸ ਤੋ ਇਲਾਵਾ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪ੍ਰੋਫੈਸ਼ਨਲ ਅਤੇ ਟੈਕਨੀਕਲ ਐਜੂਕੇਸਨ ਗ੍ਰੈਜੂਏਟ ਅਤੇ ਇਸ ਤੋ ਅੱਗੇ ਪੜ੍ਹਾਈ ਕਰਨ ਲਈ ਐਜੂਕੇਸ਼ਨ ਲੋਨ ਸਕੀਮ ਤਹਿਤ 3% ਸਾਲਾਨਾ ਵਿਆਜ ਦੀ ਦਰ 'ਤੇ ਕਰਜ਼ਾ ਦਿੱਤਾ ਜਾਂਦਾ ਹੈ। ਡਾ.ਬਲਜੀਤ ਕੌਰ ਨੇ ਦੱਸਿਆ ਕਿ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਉਸ ਦੀ ਉਮਰ 18 ਤੋਂ 55 ਸਾਲ ਤੱਕ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਬਿਨੈਕਾਰ ਭਾਰਤ ਸਰਕਾਰ ਵੱਲੋਂ ਘੋਸ਼ਿਤ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਣਾ ਚਾਹੀਦਾ ਹੈ। ਕਰਜ਼ਾ ਲੈਣ ਦੇ ਚਾਹਵਾਨ ਬਿਨੈਕਾਰ ਦੀ ਸਾਲਾਨਾ ਪਰਵਾਰਕ ਆਮਦਨ ਪੇਂਡੂ ਇਲਾਕਿਆਂ ਵਿੱਚ 98,000/- ਰੁਪਏ ਅਤੇ ਸ਼ਹਿਰੀ ਇਲਾਕਿਆਂ ਵਿੱਚ 1,20,000/- ਰੁਪਏ ਤੱਕ ਹੋਣੀ ਚਾਹੀਦੀ ਹੈ। ਮੰਤਰੀ ਨੇ ਅੱਗੇ ਦੱਸਿਆ ਕਿ ਇਹ ਕਰਜ਼ਾ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸਬਜੀਆਂ ਉਗਾਉਣ, ਸ਼ਹਿਦ ਦੀਆਂ ਮੱਖੀਆਂ ਪਾਲਣ, ਕਾਰਪੈਂਟਰੀ, ਫਰਨੀਚਰ, ਲੁਹਾਰਾ ਕੰਮ, ਆਟਾ ਚੱਕੀ, ਕੋਹਲੂ, ਆਟੋ ਰਿਕਸ਼ਾ (ਪੈਸਿੰਜਰ, ਢੋਆ ਢੁਆਈ), ਜਨਰਲ ਸਟੋਰ (ਕਰਿਆਨਾ, ਕੈਟਲ ਫੀਡ, ਪੋਲਟਰੀ ਫੀਡ), ਹਾਰਡਵੇਅਰ ਸਟੋਰ (ਮੈਨਟਰੀ ਅਤੇ ਬਿਲਡਿੰਗ ਮੈਟੀਰੀਅਲ ਲੋਹਾ) ਆਦਿ ਲਈ ਦਿੱਤਾ ਜਾਂਦਾ ਹੈ। ਇਹ ਕਰਜ਼ਾ ਕੱਪੜਾ, ਰੈਡੀਮੇਡ ਗਾਰਮੈਂਟ ਸ਼ਾਪ, ਕਿਤਾਬਾਂ, ਸਟੇਸ਼ਨਰੀ ਦੀ ਦੁਕਾਨ, ਸਾਈਕਲ ਸੇਲ ਤੇ ਰਿਪੇਅਰ, ਫੋਟੋਸਟੇਟ ਮਸ਼ੀਨ, ਟੇਲਰਿੰਗ, ਖੇਤੀਬਾੜੀ ਦੇ ਸੰਦਾਂ ਲਈ (ਫੈਬਰੀਕੇਸ਼ਨ), ਆਟੋ ਮੋਬਾਇਲ ਰਿਪੇਅਰ, ਸਪੇਅਰ ਪਾਰਟਸ ਸ਼ਾਪ, ਇਲੈਕਟ੍ਰੋਨਿਕਸ, ਇਲੈਕਟ੍ਰੀਕਲ ਸੇਲ ਤੇ ਰਿਪੇਅਰ, ਫੈਬਰੀਕੇਸ਼ਨ ਯੂਨਿਟ, ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ, ਹੌਜ਼ਰੀ ਯੂਨਿਟ, ਸਮਾਲ ਸਕੇਲ ਇੰਡਸਟਰੀਅਲ ਯੂਨਿਟ (ਕੋਈ ਵੀ ਸਮਾਨ ਬਣਾਉਣ ਦਾ ਕਾਰੋਬਾਰ), ਸਵੀਟ ਸ਼ਾਪ, ਢਾਬਾ, ਬਿਊਟੀ ਪਾਰਲਰ ਲਈ ਵੀ ਦਿੱਤਾ ਜਾਂਦਾ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ 'ਚ ਸੰਗਤਾਂ ਵੱਧ-ਚੜ੍ਹ ਕੇ ਪਹੁੰਚਣ : ਅਮਰੀਕ ਸਿੰਘ

**ਫਿਲੌਰ (ਨਿਰਮਲ)**- ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦਾ ਕਾਫਲਾ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਭਾਰਸਿੰਘਪੁਰ ਦੀ ਅਗਵਾਈ 'ਚ ਬੰਦੀ ਸਿੰਘਾਂ ਦੀ ਰਿਹਾਈ ਲਈ ਯੂਨੀਅਨ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਵੱਲੋਂ ਲੁਧਿਆਣਾ 'ਚ ਹੋਣ ਵਾਲੀ ਮੀਟਿੰਗ 'ਚ ਹਿੱਸਾ ਲੈਣ ਲਈ ਰਵਾਨਾ ਹੋਇਆ। ਇਸ ਮੌਕੇ ਅਮਰੀਕ ਸਿੰਘ, ਕਮਲਜੀਤ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਜਰਨੈਲ ਸਿੰਘ ਮੋਤੀਪੁਰ ਖਾਲਸਾ ਨੇ ਸਰਕਾਰਾਂ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਬੰਦੀ ਸਿੰਘ ਦੀਆਂ ਸਜਾਵਾਂ ਪੂਰੀਆਂ ਹੋ ਚੁੱਕੀਆਂ ਹਨ। ਸਰਕਾਰਾਂ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀਆਂ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਵਾਂਗੂ ਇਕੱਠੇ ਹੋ ਜਾਓ ਤਾਂ ਜੋ ਸੁੱਤੀਆਂ ਹੋਈਆਂ ਸਰਕਾਰਾਂ ਨੂੰ ਜਗਾਇਆ ਜਾ ਸਕੇ । ਇਸ ਮੌਕੇ ਗੁਰਚੇਤਨ ਸਿੰਘ ਤੱਖਰ ਵਾਈਸ ਪ੍ਰਧਾਨ, ਬਲਵਿੰਦਰ ਸਿੰਘ ਸਾਬੀ ਬਲਾਕ ਪ੍ਰਧਾਨ ਫਿਲੌਰ, ਜਸਵੰਤ ਸਿੰਘ ਕਾਹਲੋ ਤੇ ਯੂਨੀਅਨ ਦੇ ਆਗੂ ਅਤੇ ਮੈਂਬਰ ਭਾਰੀ ਗਿਣਤੀ 'ਚ ਹਾਜ਼ਰ ਸਨ।




ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ G20

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਵਿਦੁਤ ਇੰਜੀਨੀਅਰ/ਸਾਮਾਨਯ, ਉੱਤਰ ਰੇਲਵੇ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-ਵਿਦੁਤ -T-34-2022-23 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਰੇਲਵੇ ਸਟੇਸ਼ਨ ਉਤੇ ਸਥਾਪਿਤ 1MWp ਸੋਰ ਪੈਨਲਾਂ ਦੀ ਨਿਯਮਿਤ ਸਫਾਈ ਸਹਿਤ 1MWp ਸੋਰ ਸੰਯੰਤਰ ਦੀ ਵਿਦੁਤ ਸੰਪਤੀਆਂ ਦੀ ਦੋਸ਼ਪੂਰਨ ਆਪੂਰਤੀ/ਮੁਰੰਮਤ/ ਪ੍ਰਤੀਸਥਾਪਨ ਦੇ ਸਬੰਧ ਵਿਚ ਵਿਦੁਤ ਕੰਮ ਲਈ | 40,55,840.00 | 81,100.00 | 12 ਮਹੀਨੇ | 03.03.2023 after 15:00 Hrs. | www.ireps.gov.in |

ਨੰ:- 251 ਵਿਦੁਤ-ਟੈਂਡਰ ਨੋਟਿਸ ਨੰ:-26/ਵਿਦੁਤ-2022-23 ਮਿਤੀ : 09.02.2023 422/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

11-Feb-PAGE-4-2.qxd 2/10/2023 9:14 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 11 ਫਰਵਰੀ 2023

# ਦੇਸ਼ ਛੱਡ ਕੇ ਭੱਜ ਰਹੇ ਨੇ ਲੋਕ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ 2012 ਵਿੱਚ ਕਿਹਾ ਸੀ ਕਿ ਉਹ ਉਸ ਦਿਨ ਦਾ ਇੰਤਜ਼ਾਰ ਕਰ ਰਹੇ ਹਨ, ਜਦੋਂ ਅਮਰੀਕਾ ਦੇ ਲੋਕ ਭਾਰਤ ਦਾ ਵੀਜ਼ਾ ਹਾਸਲ ਕਰਨ ਲਈ ਕਤਾਰਾਂ ਬੰਨ੍ਹੀ ਖੜ੍ਹੇ ਹੋਣਗੇ। ਉਸ ਤੋਂ ਦੋ ਸਾਲ ਬਾਅਦ 2014 ਵਿੱਚ ਉਹ ਭਾਰਤ ਦੇ ਪ੍ਰਧਾਨ ਮੰਤਰੀ ਬਣ ਗਏ ਤੇ ਅੱਜ ਤੱਕ ਇਸ ਅਹੁਦੇ ਉੱਤੇ ਬਿਰਾਜਮਾਨ ਹਨ। ਉਹ ਪ੍ਰਧਾਨ ਮੰਤਰੀ ਬਣਨ ਤੋਂ ਹੀ ਇਹ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਉਨ੍ਹਾ ਦਾ ਟੀਚਾ ਭਾਰਤ ਨੂੰ ਵਿਸ਼ਵ ਗੁਰੂ ਬਣਾ ਦੇਣ ਦਾ ਹੈ। ਉਨ੍ਹਾ ਦੇ ਅਹਿਲਕਾਰਾਂ ਨੇ ਤਾਂ ਕਹਿਣਾ ਵੀ ਸ਼ੁਰੂ ਕੀਤਾ ਹੋਇਆ ਹੈ ਕਿ ਭਾਰਤ ਵਿਸ਼ਵ ਗੁਰੂ ਬਣਨ ਦੇ ਰਾਹ ਪੈ ਚੁੱਕਾ ਹੈ। ਪਿਛਲੇ ਸਾਲ ਨਵੰਬਰ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੇ ਚੋਣ ਖੇਤਰ ਦੇ ਦੌਰੇ ਸਮੇਂ ਕਿਹਾ ਸੀ ਕਿ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸੰਸਾਰ ਅੰਦਰ ਭਾਰਤ ਦਾ ਕੱਦ ਉੱਚਾ ਹੋਇਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਤਾਂ ਮੋਦੀ ਦੇ ਜਨਮ ਦਿਨ ਉੱਤੇ ਉਨ੍ਹਾ ਨੂੰ ਇਸ ਦੀ ਵਧਾਈ ਵੀ ਦੇ ਚੁੱਕੇ ਹਨ।*

*ਪਰ ਹਕੀਕਤ ਇਹ ਹੈ ਕਿ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਭਾਰਤ ਇੱਕ ਅਜਿਹੇ ਦੇਸ਼ ਵਿੱਚ ਬਦਲ ਗਿਆ, ਜਿਸ ਤੋਂ ਹਰ ਕੋਈ ਦੂਰ ਚਲੇ ਜਾਣਾ ਚਾਹੁੰਦਾ ਹੈ। ਸਮੁੱਚੇ ਦੇਸ਼ ਵਿੱਚ ਡਰ ਦਾ ਮਾਹੌਲ ਹੈ। ਹਰ ਵਿਅਕਤੀ ਆਪਣੇ ਮੂੰਹ ਵਿੱਚੋਂ ਸਰਕਾਰ ਦੀ ਅਲੋਚਨਾ ਦਾ ਕੋਈ ਸ਼ਬਦ ਕੱਢਣ ਤੋਂ ਪਹਿਲਾਂ ਸੌ ਵਾਰ ਸੋਚਦਾ ਹੈ ਕਿ ਕਿਧਰੇ ਦੇਸ਼ਧ੍ਰੋਹੀ ਹੀ ਨਾ ਗਰਦਾਨ ਦਿੱਤਾ ਜਾਵੇ। ਪ੍ਰਗਟਾਵੇ ਦੀ ਅਜ਼ਾਦੀ ਖੋਹ ਲਈ ਗਈ ਹੈ। ਹਿੰਦੂਤਵੀ ਭੀੜਾਂ ਆਦਮਬੋ-ਆਦਮਬੋ ਕਰਦੀਆਂ ਗਿਰਝਾਂ ਵਾਂਗ ਘੁੰਮ ਰਹੀਆਂ ਹਨ। ਅਜਿਹੇ ਵਿੱਚ ਲੋਕ ਅਮਨ ਨਾਲ ਰਹਿਣ ਲਈ ਆਪਣੇ ਹੀ ਦੇਸ਼ ਨੂੰ ਤਿਲਾਂਜਲੀ ਦੇਣ ਲਈ ਮਜਬੂਰ ਹਨ। ਪਿਛਲੇ ਇੱਕ ਸਾਲ ਯਾਨਿ 2022 ਵਿੱਚ 2,25,620 ਭਾਰਤੀ ਦੇਸ਼ ਦੀ ਨਾਗਰਿਕਤਾ ਛੱਡ ਕੇ ਦੂਜੇ ਦੇਸ਼ਾਂ ਵਿੱਚ ਜਾ ਵਸੇ ਹਨ। ਇਹ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ।*

*ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਵਿਦੇਸ਼ ਮੰਤਰੀ ਜੈਸ਼ੰਕਰ ਨੇ ਨਾਗਰਿਕਤਾ ਛੱਡ ਦੇਣ ਵਾਲੇ ਭਾਰਤੀਆਂ ਦਾ ਸਾਲ ਵਾਰ ਅੰਕੜਾ ਪੇਸ਼ ਕੀਤਾ ਸੀ। ਇਸ ਮੁਤਾਬਕ 2014 ਵਿੱਚ 1 ਲੱਖ 29 ਹਜ਼ਾਰ 328, ਸਾਲ 2015 ਵਿੱਚ 1 ਲੱਖ 31 ਹਜ਼ਾਰ 489, ਸਾਲ 2016 ਵਿੱਚ 1 ਲੱਖ 41 ਹਜ਼ਾਰ 603, ਸਾਲ 2017 ਵਿੱਚ 1 ਲੱਖ 33 ਹਜ਼ਾਰ 049, ਸਾਲ 2018 ਵਿੱਚ 1 ਲੱਖ 34 ਹਜ਼ਾਰ 561, ਸਾਲ 2019 ਵਿੱਚ 1 ਲੱਖ 44 ਹਜ਼ਾਰ 027, ਸਾਲ 2020 ਵਿੱਚ 85 ਹਜ਼ਾਰ 256, ਸਾਲ 2021 ਵਿੱਚ 1 ਲੱਖ 63 ਹਜ਼ਾਰ 370 ਤੇ ਪਿਛਲੇ ਸਾਲ 2 ਲੱਖ 25 ਹਜ਼ਾਰ 620 ਭਾਰਤੀਆਂ ਨੇ ਦੇਸ਼ ਨੂੰ ਤਿਲਾਂਜਲੀ ਦੇ ਦਿੱਤੀ ਸੀ। ਸਾਲ 2020 ਵਿੱਚ ਸਭ ਤੋਂ ਘੱਟ ਭਾਰਤੀਆਂ ਨੇ ਨਾਗਰਿਕਤਾ ਛੱਡੀ ਸੀ, ਕਿਉਂਕਿ ਇਹ ਕੋਰੋਨਾ ਮਹਾਂਮਾਰੀ ਦਾ ਕਾਲ ਸੀ।*

*ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਨੂੰ ਵਿਸ਼ਵ ਗੁਰੂ ਬਣਾ ਦੇਣ ਦਾ ਸੁਫ਼ਨਾ ਲੈਣ ਵਾਲੇ ਭਾਰਤੀ ਵੀਜ਼ੇ ਲਈ ਅਮਰੀਕੀਆਂ ਦੀਆਂ ਲਾਈਨਾਂ ਤਾਂ ਨਹੀਂ ਲਵਾ ਸਕੇ, ਉਲਟਾ ਭਾਰਤੀਆਂ ਦੀਆਂ ਵਿਦੇਸ਼ੀਂ ਜਾ ਵਸਣ ਲਈ ਕਤਾਰਾਂ ਲਗਾਤਾਰ ਜ਼ਰੂਰ ਲੰਮੀਆਂ ਕਰ ਦਿੱਤੀਆਂ ਹਨ।*

*ਲੋਕ ਐਵੇਂ ਹੀ ਆਪਣਾ ਦੇਸ਼ ਨਹੀਂ ਛੱਡ ਦਿੰਦੇ, ਉਸ ਪਿੱਛੇ ਠੋਸ ਕਾਰਨ ਹੁੰਦੇ ਹਨ। ਬੇਰੁਜ਼ਗਾਰੀ ਤੇ ਮਹਿੰਗਾਈ ਦੀ ਮਾਰ ਨਾ ਸਹਿੰਦੇ ਹੋਏ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਹੀ ਲੋਕ ਘਰ-ਬਾਰ ਛੱਡਦੇ ਹਨ। ਪਿਛਲੇ ਸਾਲ ਸੰਸਦ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਨੇ ਕਿਹਾ ਸੀ ਕਿ ਵਿਦੇਸ਼ ਮੰਤਰਾਲੇ ਅਨੁਸਾਰ ਭਾਰਤੀ ਨਾਗਰਿਕ ਆਪਣੇ ਨਿੱਜੀ ਕਾਰਨਾਂ ਕਾਰਣ ਨਾਗਰਿਕਤਾ ਛੱਡਦੇ ਹਨ। ਇਹ ਨਿੱਜੀ ਕਾਰਨ ਕਿਹੜੇ ਹੋ ਸਕਦੇ ਹਨ, ਹਾਲੇ ਤੱਕ ਕਿਸੇ ਨੇ ਇਹ ਸਪੱਸ਼ਟ ਨਹੀਂ ਕੀਤਾ।*

*ਯਾਦ ਕਰੋ, ਕੁਝ ਸਾਲ ਪਹਿਲਾਂ ਫਿਲਮੀ ਕਲਾਕਾਰ ਆਮਿਰ ਖਾਨ ਨੇ ਕਿਹਾ ਸੀ ਕਿ ਉਸ ਦੀ ਪਤਨੀ ਕਿਰਨ ਰਾਓ ਕਹਿੰਦੀ ਹੈ ਕਿ ਭਾਰਤ ਵਿੱਚ ਰਹਿੰਦਿਆਂ ਉਸ ਨੂੰ ਡਰ ਲਗਦਾ ਹੈ। ਭਾਜਪਾ ਵਾਲਿਆਂ ਨੇ ਉਸ ਦੇ ਬਿਆਨ ਉੱਤੇ ਤਕੜਾ ਹੰਗਾਮਾ ਕੀਤਾ ਸੀ। ਦੇਸ਼ ਦੇ ਬੁੱਧੀਜੀਵੀਆਂ ਨੂੰ ਭੀਮਾ ਕੋਰੇਗਾਂਵ ਦੇ ਘੜੇ ਗਏ ਕੇਸ ਵਿੱਚ ਲਗਾਤਾਰ ਜੇਲ੍ਹੀਂ ਡੱਕੇ ਰੱਖਣਾ, ਸਮਾਜਿਕ ਕਾਰਕੁੰਨ ਸੀਤਲਵਾੜ ਤੇ ਆਲਟ ਨਿਊਜ਼ ਦੇ ਸਹਿ ਸੰਸਥਾਪਕ ਮੁਹੰਮਦ ਜ਼ੁਬੈਰ ਦੀ ਗ੍ਰਿਫ਼ਤਾਰੀ, ਵਿਦਿਆਰਥੀ ਆਗੂਆਂ ਉਤੇ ਦਿੱਲੀ ਦੰਗਿਆਂ ਦੇ ਝੂਠੇ ਕੇਸ ਮੜ੍ਹ ਕੇ ਜੇਲ੍ਹਾਂ 'ਚ ਬੰਦ ਕਰਨਾ ਆਮ ਲੋਕਾਂ ਤੇ ਸਮਾਜਿਕ ਕਾਰਕੁੰਨਾਂ ਅੰਦਰ ਡਰ ਪੈਦਾ ਕਰਨ ਲਈ ਕਾਫ਼ੀ ਹਨ। ਹਕੀਕਤ ਇਹ ਹੈ ਕਿ ਭਾਰਤ ਵਿਸ਼ਵ ਗੁਰੂ ਨਹੀਂ, ਅਜ਼ਾਦ ਸੋਚ ਵਾਲੇ ਵਿਅਕਤੀਆਂ ਲਈ ਨਰਕ ਬਣ ਚੁੱਕਾ ਹੈ।*

**-ਚੰਦ ਫਤਿਹਪੁਰੀ**

# ਦਰਿਆਈ ਪਾਣੀ ਹੀ ਪੰਜਾਬ ਨੂੰ ਬੇਆਬ ਹੋਣ ਤੋਂ ਬਚਾਅ ਸਕਦੈ

ਪੰਜਾਬ ਵੀ ਇੱਕ ਅਜਿਹਾ ਖਿੱਤਾ ਹੈ, ਜਿਸ ਉਪਰ ਕੁਦਰਤ ਨੇ ਖਾਸ ਮਿਹਰਵਾਨ ਹੁੰਦਿਆਂ ਜਿਥੇ ਪੰਜ ਦਰਿਆਵਾਂ ਦੇ ਵਹਿਣ ਚਲਾਏ, ਉਥੇ ਇਸ ਖਿੱਤੇ ਦੀ ਧਰਤੀ ਹੇਠਾਂ ਵੀ ਇੱਕ ਵੱਡਾ ਜਲ ਭੰਡਾਰ ਸਥਾਪਤ ਕਰ ਦਿੱਤਾ, ਤਾਂ ਕਿ ਇਥੋਂ ਦੇ ਖੇਤਰ ਨੂੰ ਵੰਨ-ਸੁਵੰਨਤਾ ਦੀ ਬਨਸਪਤੀ ਵਾਲੇ ਹਰੇ-ਭਰੇ ਵਾਤਾਵਰਨ ਨਾਲ ਮੌਲਣ ਦਾ ਮੌਕਾ ਮਿਲਦਾ ਰਹੇ ਅਤੇ ਅਗੋਂ ਇਹ ਬਨਸਪਤੀ/ਜੰਗਲ ਜਲ ਚੱਕਰ ਬਣਾਈ ਰੱਖਣ ਵਿੱਚ ਇੱਕ ਸਹਾਇਕ ਤੱਤ ਦਾ ਮਹੱਤਵਪੂਰਨ ਰੋਲ ਅਦਾ ਕਰਦੇ ਰਹਿਣ।

ਨਿਰੋਈ ਸੋਚ ਨਾਲ ਕੁਦਰਤੀ ਦਰਿਆਵਾਂ ਦੇ ਢੁਕਵੇਂ ਥਾਵਾਂ 'ਤੇ ਡੈਮ ਬਣਾ ਕੇ ਜਿਥੇ ਬਿਜਲੀ ਵੀ ਬਣਾਉਣੀ ਸ਼ੁਰੂ ਕਰ ਲਈ, ਉਥੇ ਦੂਰ-ਦਰਾਡੇ ਇਲਾਕਿਆਂ ਤੱਕ ਸਿੰਚਾਈ ਤੇ ਹੋਰ ਲੋੜਾਂ ਦੀ ਪੂਰਤੀ ਲਈ ਨਹਿਰਾਂ ਰਾਹੀਂ ਪਾਣੀ ਪਹੁੰਚਣ ਦਾ ਪ੍ਰਬੰਧ ਵੀ ਕਰ ਲਿਆ । ਇਸ ਵਕਤ ਪੰਜਾਬ ਵਿੱਚ 5 ਹੈੱਡ ਵਰਕਸ ਤੇ 10 ਨਹਿਰਾਂ (ਸਰਹਿੰਦ ਨਹਿਰ, ਅਪਰਬਾਰੀ ਦੋਆਬ ਨਹਿਰ, ਭਾਖੜਾ ਮੇਨ ਲਾਈਨ, ਬਿਸਤ ਦੋਆਬ ਨਹਿਰ, ਫਿਰੋਜਪੁਰ /ਸਰਹਿੰਦ ਫੀਡਰ ਪ੍ਰਬੰਧ, ਕਸ਼ਮੀਰ ਨਹਿਰ, ਸ਼ਾਹ ਨਹਿਰ, ਮਖੂ ਨਹਿਰ, ਬੀਕਾਨੇਰ ਨਹਿਰ ਅਤੇ ਰਾਜਸਥਾਨ ਨਹਿਰ ) ਜਿਨ੍ਹਾਂ ਦੀ ਕੁੱਲ ਲੰਬਾਈ 14500 ਕਿਲੋਮੀਟਰ ਦਾ ਵਿਸ਼ਾਲ ਜਲ ਤੰਤਰ ਵਿਛਾ ਕੇ ਅੱਗੋਂ ਸੂਇਆਂ ,ਖਾਲਾਂ/ਕੱਸੀਆਂ ਰਾਹੀਂ ਖੇਤਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ। ਇਸ ਜਲ ਤੰਤਰ ਰਾਹੀਂ ਵਗਦਾ ਪਾਣੀ ਜਿਥੇ ਖੇਤਾਂ/ਫਸਲਾਂ ਦੀ ਪਿਆਸ ਬੁਝਾਉਂਦਾ ਅਤੇ ਆਪਣੇ ਆਲੇ-ਦੁਆਲੇ ਨੂੰ ਠੰਢਾ ਰੱਖਣ ਵਿੱਚ ਸਹਾਈ ਵੀ ਹੁੰਦਾ ਹੈ, ਉਥੇ ਜੀਰ ਕੇ ਜ਼ਮੀਨੀ ਜਲ ਭੰਡਾਰ ਵਿੱਚ ਵਾਧਾ ਕਰਨ ਦਾ ਸਬੱਬ ਵੀ ਬਣਦਾ ਆ ਰਿਹਾ ਹੈ।

ਪਰ ਹੁਣ ਪੰਜਾਬ ਦੇ ਜਲ ਤੰਤਰ ਉਤੇ ਰਾਜਨੀਤੀ ਭਾਰੂ ਹੋਣ ਕਰਕੇ ਪੰਜਾਬ ਲਈ ਇਹ ਜਲ ਤੰਤਰ ਆਖਰੀ ਸਾਹਾਂ 'ਤੇ ਆਇਆ ਹੋਇਆ ਹੈ। ਲੰਮੇ ਸਮੇਂ ਦੀ ਨਹਿਰ ਬੰਦੀ ਕਰਕੇ ਪੰਜਾਬ ਦੇ ਖੇਤਾਂ ਦੀ ਪਿਆਸ ਬੁਝਾਉਣ ਵਾਲਾ ਇਸ ਜਲ ਤੰਤਰ ਦਾ ਇੱਕ ਵੱਡਾ ਹਿੱਸਾ ਖੁਦ ਪਾਣੀ ਦੀ ਬੂੰਦ-ਬੂੰਦ ਨੂੰ ਤਰਸ ਰਿਹਾ ਹੈ। ਪੈ ਰਹੀ ਇਸ ਸਖਤ ਗਰਮੀ ਵਿਚ ਇਸ ਜਲ ਤੰਤਰ ਦੇ ਆਲੇ-ਦੁਆਲੇ ਦੀ ਬਨਸਪਤੀ ਸੜ-ਸੁੱਕ ਰਹੀ ਹੁੰਦੀ ਤੇ ਪਿਆਸ ਨਾਲ ਜੀਵ-ਜੰਤੂ ਤੜਪ-ਤੜਪ ਕੇ ਮਰ ਰਹੇ ਹਨ ।

ਇਹ ਸਿਤਮਜ਼ਰੀਫੀ ਵਾਲੀ ਗੱਲ ਹੀ ਹੈ ਕਿ ਪੰਜਾਬ ਤੋਂ ਉਸ ਦਾ ਹੱਕੀ ਪਾਣੀ ਸਰੇਆਮ ਖੋਹਣ ਦੇ ਨਿੱਤ ਨਵੇਂ-ਨਵੇਂ ਛੜਯੰਤਰ ਤਾਂ ਰਚੇ ਜਾ ਹੀ ਰਹੇ ਹਨ, ਪਰ ਪੰਜਾਬ ਦੀ ਹਿੱਕ ਨੂੰ ਚੀਰ ਕੇ ਲੰਘਣ ਵਾਲੀਆਂ ਨਹਿਰਾਂ ਨੂੰ ਏਨਾ ਸੀਮਿੰਟਡ (ਪੱਕਾ) ਵੀ ਕੀਤਾ ਜਾ ਰਿਹਾ ਤਾਂ ਕਿ ਇਨ੍ਹਾਂ ਰਾਹੀਂ ਵਗਣ ਵਾਲੇ ਪਾਣੀ ਦੀ ਇੱਕ ਬੂੰਦ ਵੀ ਪੰਜਾਬ ਦੀ ਧਰਤੀ ਵਿੱਚ ਸਮਾ ਨਾ ਸਕੇ। ਇਹ ਪੰਜਾਬ ਦੀ ਸਰ-ਜ਼ਮੀਨ ਨਾਲ ਇੱਕ ਵੱਡਾ ਧੱਕਾ ਕਰਨ ਦੇ ਤੁੱਲ ਵੀ ਐ। ਇਨਸਾਫਪਸੰਦ ਸਭ ਲੋਕਾਂ ਨੂੰ ਇਸ ਧੱਕੇ ਬਾਰੇ ਸੋਚਣ ਅਤੇ ਇਸ ਧੱਕੇ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਨ ਲਈ ਅੱਗੇ ਵੀ ਆਉਣਾ ਚਾਹੀਦਾ ਹੈ।



ਲਖਵਿੰਦਰ ਸਿੰਘ

ਇਸ ਤੋਂ ਇਲਾਵਾ ਘਰੇਲੂ, ਕਾਰਖਾਨਿਆਂ, ਧੋਆ-ਧੁਆਈ ਅਤੇ ਹੋਰ ਰਹੀਆਂ ਬਹੁਤ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਸਾਧਨਾਂ ਦੀ ਵਰਤੋਂ ਕਰਕੇ ਜ਼ਮੀਨੀ ਕੁਦਰਤੀ ਜਲ ਭੰਡਾਰ ਨੂੰ ਖਿਚਣ ਲਈ ਸਭ ਦਾ ਜ਼ੋਰ ਲੱਗਾ ਹੋਇਆ ਹੈ, ਜਿਸ ਦੀ ਵਰਤੋਂ ਘੱਟ ਪਰ ਦੁਰਵਰਤੋਂ ਕਰਕੇ ਖਤਰਨਾਕ ਹਾਲਤ ਤੱਕ ਪ੍ਰਦੂਸ਼ਤ ਕਰਕੇ ਰੋੜ੍ਹਨ ਦਾ ਬਹੁਤ ਜ਼ਿਆਦਾ ਨਾਕਾਰਤਮਕ ਰੁਝਾਨ ਵੀ ਬਣਿਆ ਹੋਇਆ ਹੈ।

ਕੁਦਰਤ ਨਾਲ ਹੱਦੋਂ ਵੱਧ ਕੀਤੀ ਜਾ ਰਹੀ ਛੇੜਛਾੜ ਕਾਰਨ ਬਰਸਾਤਾਂ ਦਾ ਗ੍ਰਾਫ ਵੀ ਹੇਠਾਂ ਵੱਲ ਹੀ ਜਾ ਰਿਹਾ ਹੈ । ਸਾਡੇ ਸਭ ਦੇ ਅਵੇਸਲੇਪਨ ਕਾਰਨ ਇਸ ਵਰਸਦੇ ਪਾਣੀ ਸੰਭਾਲਣ ਦੀ ਕੋਈ ਸਾਰਥਕ ਯੋਜਨਾ ਦਾ ਅਮਲ ਵਿੱਚ ਨਾ ਹੋਣ ਕਰਕੇ ਇਹ ਪਾਣੀ ਵੀ ਕਰੀਬ-ਕਰੀਬ ਰੁੜ੍ਹ ਹੀ ਜਾਂਦਾ ਹੈ, ਜਿਸ ਵਜਾ ਕਰਕੇ ਇੱਕ ਪਾਸੇ ਰੀਚਾਰਜਿੰਗ ਘਟ ਰਹੀ ਹੈ, ਜਦ ਕਿ ਦੂਜੇ ਪਾਸੇ ਭੂ ਜਲ ਦੀ ਨਿਕਾਸੀ ਵਧ ਰਹੀ ਹੈ। ਇਹ ਅੰਸਤੁਲਨ ਵੀ ਭੂ-ਜਲ ਦੇ ਖੋਰੇ ਦਾ ਇੱਕ ਵੱਡਾ ਕਾਰਨ ਬਣਿਆ ਹੋਇਆ ਹੈ। ਚਿੰਤਤ ਜਲ ਵਿਗਿਆਨੀਆਂ ਦਾ ਕਹਿਣਾ ਹੈ ਕਿ 20 ਕੁ ਸਾਲਾਂ ਦੇ ਵਿਚ-ਵਿਚ ਹੀ ਭੂ-ਜਲ ਦੀ ਮੰਗ ਤੇ ਪੂਰਤੀ ਵਿਚਕਾਰ ਇੱਕ ਵੱਡਾ ਵਿਗਾੜ ਪੈਦਾ ਕਰ ਦਏਗਾ, ਜੋ ਬਹੁਤ ਹੀ ਖਤਰਨਾਕ ਹਾਲਤ ਪੈਦਾ ਕਰ ਦਏਗਾ।

ਕਿਸੇ ਸਾਜ਼ਿਸ਼ ਅਧੀਨ ਹੀ ਪਾਣੀ ਦਾ ਖੌਅ ਬਣਿਆ 'ਝੋਨਾ' ਰੂਪੀ ਸੱਪ ਪੰਜਾਬੀ ਕਿਸਾਨ ਦੇ ਗਲ ਪਾਇਆ ਗਿਆ, ਇਸ ਨੂੰ 'ਪਾਣੀ ਦੀ ਫਸਲ ਆਖ' ਪ੍ਰਚਾਰਿਆ ਵੀ ਗਿਆ, ਜ਼ਹਿਰਾਂ ਰੂਪੀ ਖਾਦਾਂ, ਦਵਾਈਆਂ ਦਾ ਭਰਮ ਜਾਲ ਬੁਣ ਕੇ ਵੱਧ ਝਾੜ ਵਧਾਉਣ ਦੀ ਬੀਨ ਵਜਾਈ ਤੇ ਫਿਰ ਇਸ ਦੀ ਖਰੀਦ ਵੀ ਕੀਤੀ। ਹੁਣ ਜਦ ਬਾਕੀ ਫਸਲਾਂ ਨਾਲੋਂ ਇਸ ਫਸਲ ਵਿੱਚ ਕੁਝ ਵੱਧ ਫਾਇਦਾ ਦਿਸਿਆ ਤਾਂ ਕਿਸਾਨਾਂ ਨੇ ਹੋਰ ਬਹੁਤ ਸਾਰੀਆਂ ਮਹੱਤਵਪੂਰਨ ਫਸਲਾਂ ਨੂੰ ਤਿਲਾਂਜਲੀ ਦਿੰਦਿਆਂ ਝੋਨੇ ਦੀ ਫਸਲ ਨਾਲ ਖਾਸ ਮੋਹ (ਭਰਮ) ਪਾਲ ਕੇ ਇਸ ਦੀ ਲਵਾਈ ਨੂੰ ਵੱਡੀ ਪੱਧਰ 'ਤੇ ਅਪਣਾ ਲਿਆ ਹੋਇਆ ਹੈ। ਝੋਨੇ ਦੀ ਵਿਕਰੀ ਅਸਿੱਧੇ ਰੂਪ ਵਿਚ ਪਾਣੀ ਦੇ ਅਮੁੱਲ ਖਜ਼ਾਨੇ ਦੀ ਇੱਕ ਤਰ੍ਹਾਂ ਦੀ ਨਿਲਾਮੀ ਹੀ ਹੈ।

ਕਿਸਾਨਾਂ ਦੇ ਇਸ ਭਰਮੀ ਮੋਹ ਦਾ ਫਾਇਦਾ ਚੁੱਕਦਿਆਂ ਸਾਜ਼ਿਸ਼ਕਾਰਾਂ ਨੇ ਲੁਕਵੇਂ ਕਦਮ ਪੁੱਟਦਿਆਂ ਨਹਿਰੀ ਜਲ ਤੰਤਰ ਲਗਪਗ ਸੁਕਾ ਕੇ ਖੇਤੀ ਸਿੰਚਾਈ ਨੂੰ ਟਿਊਬਵੈਲਾਂ 'ਤੇ ਨਿਰਭਰ ਕਰ ਕੇ ਰੱਖ ਦਿੱਤਾ ਹੈ। ਉਹ ਵੀ ਬਿਜਲੀ ਬਿੱਲਾਂ ਤੋਂ ਮੁਕਤ ਫਰੀ ਟਿਊਬਵੈੱਲ। ਪਿਛਲੇ 6 ਕੁ ਦਹਾਕਿਆਂ ਦੇ ਸਮੇਂ ਦੇ ਖੇਤੀ ਸਿੰਚਾਈ ਰਿਕਾਰਡ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਨਹਿਰੀ ਪਾਣੀ ਨਾਲ ਸਿੰਚਾਈ ਵਾਲਾ ਖੇਤਰ 58.4% ਤੋਂ ਘਟ ਕੇ 28% ਤੱਕ ਸੁੰਗੜ ਕੇ ਹੇਠਾਂ ਨੂੰ ਲੁੜ੍ਹਕ ਗਿਆ ਹੈ ਅਤੇ ਟਿਊਬਵੈੱਲ (ਜਿਨ੍ਹਾਂ ਦੀ ਗਿਣਤੀ ਸਾਢੇ 14 ਲੱਖ ਦੇ ਕਰੀਬ ਹੋ ਚੁੱਕੀ ਹੈ) ਰਾਹੀਂ ਭੂ-ਜਲ 'ਤੇ ਨਿਰਭਰਤਾ 54%ਤੋਂ 90.2% ਤੱਕ ਦਾ ਇਜ਼ਾਫਾ ਹੋ ਚੁੱਕਾ ਹੈ, ਜਿਸ ਕਰਕੇ ਜ਼ਮੀਨਦੋਜ਼ ਪਾਣੀ ਪੰਜਾਬ ਦੇ ਬਹੁਤ ਸਾਰੇ ਖੇਤਰਾਂ ਵਿਚ 10ਤੋਂ 20 ਮੀਟਰ ਤੱਕ ਡੂੰਘਾ ਹੋ ਕੇ ਪਤਾਲ ਤੱਕ ਪਹੁੰਚ ਚੁੱਕਾ ਹੈ ਤੇ ਦਿਨੋਂ-ਦਿਨ ਇਸ ਦਾ ਪੱਧਰ ਹੋਰ ਡਿੱਗਦਾ ਹੀ ਜਾ ਰਿਹਾ ਹੈ, ਜੋ ਇੱਕ ਗੰਭੀਰ ਖਤਰੇ ਦੀ ਨਿਸ਼ਾਨੀ ਹੈ।

ਸੋ ਪੰਜਾਬ ਨੂੰ ਬੇਆਬ ਕਰਨ ਵਾਲੇ ਸ਼ਾਜਿਸ਼ਕਾਰਾਂ ਦੀਆਂ ਸਾਜ਼ਿਸ਼ਾਂ ਪਛਾਣੀਏ, ਝੋਨੇ ਦਾ ਮੋਹ ਤਿਆਗ ਕੇ ਹੋਰ ਫਸਲਾਂ ਦੀ ਬੀਜਾਂਦ ਵੱਲ ਮੋੜਾ ਕੱਟੀਏ ਅਤੇ ਪੰਜਾਬ ਲਈ ਨਹਿਰੀ ਪਾਣੀ ਦੇ ਪ੍ਰਬੰਧ ਨੂੰ ਮੁੜ ਸੁਰਜੀਤ ਕਰਨ ਲਈ ਸਰਕਾਰਾਂ ਉਪਰ ਜ਼ੋਰ ਦਈਏ। ਕਿਸਾਨ ਜਥੇਬੰਦੀਆਂ ਦੀਆਂ ਮੁੱਖ ਮੰਗਾਂ ਵਿਚ ਪੰਜਾਬ ਲਈ ਨਹਿਰੀ ਪਾਣੀ ਦੀ ਪ੍ਰਮੁੱਖ ਮੰਗ ਵੀ ਹੋਣੀ ਚਾਹੀਦੀ ਹੈ, ਜਿਸ ਲਈ ਤਹਿਸ-ਨਹਿਸ ਹੋ ਚੁੱਕੇ ਜਲ ਤੰਤਰ ਦੀ ਬਹਾਲੀ ਹੋਵੇ, ਤਾਂ ਕਿ ਨਹਿਰਾਂ, ਸੂਇਆਂ, ਖਾਲਾਂ ਵਿੱਚ ਵਗਦਾ ਪਾਣੀ ਹਰ ਖੇਤ ਨੂੰ ਆਪਣੀ ਪੌਸਿਕ ਨਿਆਮਤੀ ਨਾਲ ਸਿੰਝ ਸਕੇ। ਸੋ ਪੰਜਾਬ ਦੀਆਂ ਨਹਿਰਾਂ ਨੂੰ ਬਾਰਾਂਮਾਸੀ ਕਰਨਾ ਸਮੇਂ ਦੀ ਮੁੱਖ ਮੰਗ ਹੈ। ਇਨ੍ਹਾਂ ਨਹਿਰਾਂ ਵਿਚ ਢੁੱਕਵੀਂਆਂ ਥਾਵਾਂ 'ਤੇ ਘਰਾਟ /ਪਨਚੱਕੀਆਂ ਅਤੇ ਛੋਟੇ-ਛੋਟੇ ਬਿਜਲੀ ਪ੍ਰੋਜੈਕਟ ਲਾ ਕੇ ਆਲੇ-ਦੁਆਲੇ ਦੇ ਇਲਾਕੇ ਦੀ ਬਿਜਲੀ ਲੋੜ ਨੂੰ ਪੂਰਾ ਕਰਦਿਆਂ ਬਿਜਲੀ ਸਪਲਾਈ 'ਤੇ ਪੈਂਦੇ ਓਵਰਲੋਡ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਸਿੰਚਾਈ ਤੋਂ ਵਾਧੂ ਅਤੇ ਬਰਸਾਤਾਂ ਸਮੇਂ ਦਰਿਆਵਾਂ ਦਾ ਓਵਰ ਫਲੋਅ ਪਾਣੀ ਨੂੰ ਭੰਡਾਰ ਕਰਨ ਲਈ ਵੱਖ-ਵੱਖ ਪਿੰਡਾਂ ਦੀਆਂ ਸ਼ਾਮਲਾਟ ਥਾਵਾਂ ਵਿੱਚ ਛੱਪੜ/ਤਲਾਬ /ਜਲਗਾਹਾਂ ਉਸਾਰੀਆਂ ਜਾਣ । ਲੋੜ ਪੈਣ 'ਤੇ ਇਹ ਜਮ੍ਹਾਂ ਪਾਣੀ ਸਿੰਚਾਈ ਅਤੇ ਜਲਗਾਹਾਂ ਨੂੰ ਮੱਛੀ ਪਾਲਣ ਵਜੋਂ ਵੀ ਵਰਤਿਆ ਜਾ ਸਕਦਾ ਹੈ। ਇਸ ਨਾਲ ਪਾਣੀ ਰੀਚਾਰਜ ਦਰ ਵਿਚ ਵਾਧਾ ਹੋਵੇਗਾ। ਭੂ-ਜਲ ਦੀ ਨਿਕਾਸੀ ਘਟੇਗੀ । ਨਤੀਜੇ ਵਜੋਂ ਜਲ ਪਧਰ ਉਪਰ ਉਠੇਗਾ ਤੇ ਮੁਰਝਾ ਰਹੀ ਬਨਸਪਤੀ ਵਿੱਚ ਵੀ ਜਾਨ ਪਏਗੀ ਅਤੇ ਆਲੇ-ਦੁਆਲੇ ਨੂੰ ਵਧ ਰਹੀ ਤਪਸ਼ ਤੋਂ ਵੀ ਕਾਫੀ ਰਾਹਤ ਮਿਲੇਗੀ। ਬਰਸਾਤ ਦੀ ਛਹਿਬਰ ਲਾਉਣ ਵਾਲੇ ਮਾਹੌਲ ਵਿਚ ਵੀ ਵਾਧਾ ਹੋ ਸਕਦਾ ਹੈ।

ਦਰਿਆਈ ਪਾਣੀ ਹੀ ਪੰਜਾਬ ਨੂੰ ਕਾਫੀ ਹੱਦ ਤੱਕ ਬੇਆਬ ਹੋਣ ਤੋਂ ਬਚਾਅ ਸਕਦੈ। ਭਾਂਤ-ਭਾਂਤ ਦੀਆਂ ਫਸਲਾਂ ਨਾਲ ਪੰਜਾਬ ਫਿਰ ਤੋਂ ਲਹਿਰਾ ਉਠੇ, ਇਹੀ ਸਾਡੀ ਤਮੰਨਾ ਹੋਵੇ। ਜਿਸ ਵਿਚ ਹੀ ਸਾਡਾ ਸਭ ਦਾ ਭਲਾ ਹੈ। ਸਮੇਂ ਦੀਆਂ ਸਰਕਾਰਾਂ ਨੂੰ ਖੁਦ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਪਹਿਲ ਦੇ ਅਧਾਰ 'ਤੇ ਪੰਜਾਬ ਦੇ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਦੇ ਬੰਦੋਬਸਤ ਕਰਨੇ ਚਾਹੀਦੇ ਹਨ। ਭਾਰਤੀ ਹਿਮਾਲਿਆ ਖੇਤਰ ਦੀਆਂ ਸਾਰਦਾ ਵਰਗੀਆਂ ਨਦੀਆਂ (ਜੋ ਆਮ ਕਰਕੇ ਹੜ੍ਹਾਂ ਦਾ ਹੀ ਸਬੱਬ ਬਣਦੀਆਂ ਹਨ) ਦਾ ਲਿੰਕ ਨਹਿਰਾਂ ਰਾਹੀਂ ਕਰਕੇ ਸੁੱਕ ਰਹੇ ਮੈਦਾਨੀ ਖੇਤਰਾਂ ਨਾਲ ਜੋੜਨ ਦੀ ਪਲਾਨਿੰਗ 'ਤੇ ਅਮਲ ਕਰਨ ਸਮੇਂ ਦੀ ਅਤੀ ਜ਼ਰੂਰੀ ਮੁੱਖ ਮੰਗ ਹੈ, ਜਿਸ ਨਾਲ ਜਿਥੇ ਮੈਦਾਨੀ ਇਲਾਕਿਆਂ ਦੀ ਪਿਆਸ ਬੁਝੇਗੀ, ਉਥੇ ਹੜ੍ਹਾਂ ਦੀ ਰੋਕਥਾਮ ਵਿਚ ਮਦਦ ਮਿਲੇਗੀ ।

*#ਸੰਪਰਕ: 61423191173, ਵਟਸਐਪ 98764-74858*

# ਤਣਾਅ ਨਹੀਂ, ਤਿਆਰੀ ਨਾਲ ਦਿਓ ਪ੍ਰੀਖਿਆ

ਬੱਚਿਆਂ ਦੀਆਂ ਪ੍ਰੀਖਿਆਵਾਂ ਦੀਆਂ ਤਰੀਕਾਂ ਆਉਣ ਵਾਲੀਆਂ ਹਨ। ਜਦੋਂ ਤੋਂ ਇਹ ਤਰੀਕਾਂ ਤੈਅ ਹੁੰਦੀਆਂ ਹਨ, ਉਦੋਂ ਤੋਂ ਹੀ ਵਿਦਿਆਰਥੀਆਂ ਵਿੱਚ ਘਬਰਾਹਟ, ਬੇਚੈਨੀ, ਡਰ ਲੱਗਣਾ ਆਦਿ ਸਮੱਸਿਆਵਾਂ ਮਹਿਸੂਸ ਕਰਨਾ ਆਮ ਗੱਲ ਹੈ। ਸਕੂਲਾਂ ਦੇ ਸਾਲਾਨਾ ਅਤੇ ਬੋਰਡ ਦੇ ਪੇਪਰ ਨਜ਼ਦੀਕ ਆਉਂਦੇ ਹੀ ਅਕਸਰ ਬੱਚਿਆਂ ਅਤੇ ਨੌਜੁਆਨਾਂ ਦੇ ਦਿਲਾਂ 'ਚ ਉਲਝਣਾਂ ਅਤੇ ਕਈ ਤਰ੍ਹਾਂ ਦੇ ਸ਼ੱਕ ਵਧ ਜਾਂਦੇ ਹਨ। ਸਾਲ ਭਰ ਪੜ੍ਹਾਈ ਕਰਨ ਦੇ ਬਾਵਜੂਦ ਜ਼ਿਆਦਾਤਰ ਬੱਚੇ ਇਨ੍ਹੀਂ ਦਿਨੀਂ ਤਣਾਅ 'ਚ ਆ ਜਾਂਦੇ ਹਨ, ਕਿਤੇ ਨੰਬਰ ਘੱਟ ਨਾ ਹੋਣ, ਮਾਪਿਆਂ ਦੀਆਂ ਉਮੀਦਾਂ ਨਾ ਟੁੱਟ ਜਾਣ ਜਾਂ ਪਸੰਦੀਦਾ ਵਿਸ਼ੇ ਨਾ ਮਿਲ ਪਾਏ ਤਾਂ ? ਅਜਿਹੇ ਕਈ ਸਵਾਲ ਦਿਨ-ਰਾਤ ਬੱਚਿਆਂ ਦੇ ਦਿਲ ਨੂੰ ਘੇਰੀ ਰੱਖਦੇ ਹਨ। ਅਖਬਾਰਾਂ ਅਤੇ ਟੀ ਚੈਨਲਾਂ 'ਚ ਆਏ ਦਿਨ ਅਜਿਹੀਆਂ ਖਬਰਾਂ ਵੀ ਮਾਪਿਆਂ ਲਈ ਚਿੰਤਾ ਦਾ ਵਿਸ਼ਾ ਬਣੀਆਂ ਹਨ, ਜਿਵੇਂ ਕਿ ਘੱਟ ਨੰਬਰ ਆਉਣ ਦੇ ਕਾਰਨ ਵਿਦਿਆਰਥੀਆਂ ਨੇ ਖੁਦਕੁਸ਼ੀ ਕਰ ਲਈ ਜਾਂ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਸਭ ਗੱਲਾਂ ਫਜ਼ੂਲ ਲੱਗਦੀਆਂ ਹਨ, ਜਦੋਂ ਬੱਚੇ ਨੂੰ ਆਪਣੀ ਪੜ੍ਹਾਈ ਅਤੇ ਆਪਣੇ-ਆਪ 'ਤੇ ਭਰੋਸਾ ਹੋਵੇ। ਖਾਣ -ਪੀਣ, ਖੇਡਾਂ ਅਤੇ ਪੜ੍ਹਾਈ ਦਾ ਬਿਹਤਰ ਤਾਲਮੇਲ ਬਣਾ ਕੇ ਤੁਸੀਂ ਆਪਣੇ ਬੱਚੇ ਦੇ ਇਮਤਿਹਾਨਾਂ ਦੇ ਮੌਸਮ ਦਾ ਵੀ ਭਰਪੂਰ ਆਨੰਦ ਲੈ ਸਕਦੇ ਹੋ। ਜੇਕਰ ਤੁਸੀਂ ਇਸ ਸਮੇਂ ਦਾ ਬਾਖੂਬੀ ਮੁਕਾਬਲਾ ਕਰ ਲਿਆ ਤਾਂ ਤੁਹਾਡੇ ਬੱਚੇ ਦੇ ਭਵਿੱਖ ਦੀ ਸਿਹਤ ਵੀ ਦਰੁੱਸਤ ਹੋ ਜਾਵੇਗੀ। ਜਿਵੇਂ ਹਰ ਮੌਸਮ 'ਚ ਬੱਚਿਆਂ ਦੀਆਂ ਅਲੱਗ-ਅਲੱਗ ਸਮੱਸਿਆਵਾਂ ਹੁੰਦੀਆਂ ਹਨ, ਉਸੇ ਤਰ੍ਹਾਂ ਇਮਤਿਹਾਨਾਂ ਦਾ ਮੌਸਮ ਵੀ ਤੁਹਾਡੇ ਬੱਚੇ ਦੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਨਾਜ਼ੁਕ ਹੁੰਦਾ ਹੈ। ਇਸ ਲਈ ਤੁਹਾਨੂੰ ਇਸ ਸਮੇਂ ਦੇ ਨਾਲ-ਨਾਲ ਆਪਣੇ ਬੱਚੇ 'ਤੇ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ।

**ਖਾਣ-ਪੀਣ 'ਤੇ ਦਿਓ ਪੂਰਾ ਧਿਆਨ** - ਆਮ ਤੌਰ 'ਤੇ ਇਮਤਿਹਾਨਾਂ ਦੇ ਦਿਨਾਂ 'ਚ ਬੱਚੇ ਠੀਕ ਢੰਗ ਨਾਲ ਖਾਣਾ ਨਹੀਂ ਖਾਂਦੇ ਅਤੇ ਖਾਣਾ-ਪੀਣਾ ਘੱਟ ਕਰ ਦੇਣਾ ਤੁਹਾਡੇ ਬੱਚੇ ਲਈ ਨੁਕਸਾਨਦਾਇਕ ਹੋਵੇਗਾ। ਸਮੇਂ 'ਤੇ ਪੌਸ਼ਟਿਕ ਆਹਾਰ ਲੈਣ ਨਾਲ ਪੜ੍ਹਾਈ 'ਚ ਮਨ ਲੱਗਿਆ ਰਹਿੰਦਾ ਹੈ ਅਤੇ ਕਿਸੇ ਤਰ੍ਹਾਂ ਦਾ ਤਣਾਅ ਵੀ ਨਹੀਂ ਹੁੰਦਾ। ਇਹਨੀਂ ਦਿਨੀਂ ਜ਼ਿਆਦਾ ਮਸਾਲੇ ਵਾਲੀਆਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮਸਾਲੇਦਾਰ ਪਦਾਰਥਾਂ ਦੇ ਪ੍ਰਯੋਗ ਨਾਲ ਪਾਚਣ ਤੰਤਰ 'ਚ ਸਮੱਸਿਆ ਆਉਂਦੀ ਹੈ ਅਤੇ ਦਿਮਾਗ ਵੀ ਸੁਸਤ ਰਹਿੰਦਾ ਹੈ। ਚਾਹ ਅਤੇ ਕੌਫੀ ਦੇ ਸੇਵਨ ਤੋਂ ਵੀ ਬਚਣਾ ਚਾਹੀਦਾ ਹੈ । ਚਾਹ ਅਤੇ ਕੌਫ਼ੀ ਨਾਲ ਦਿਮਾਗ ਉਤੇਜਿਤ ਤਾਂ ਹੁੰਦਾ ਹੈ, ਪਰ ਬਾਅਦ 'ਚ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ ਅਤੇ ਪੜ੍ਹਾਈ-ਲਿਖਾਈ ਦਾ ਪੂਰਾ ਪ੍ਰੋਗਰਾਮ ਵਿਗੜ ਜਾਂਦਾ ਹੈ। ਪ੍ਰੀਖਿਆਵਾਂ ਦੇ ਦਿਨਾਂ 'ਚ ਵਿਦਿਆਰਥੀਆਂ ਨੂੰ ਰੋਜ਼ ਦੋ ਲੀਟਰ ਤਰਲ ਪਦਾਰਥ ਲੈਣਾ ਚਾਹੀਦਾ ਹੈ । ਇਸ ਨਾਲ ਪੇਟ ਅਤੇ ਦਿਮਾਗ ਦੋਨੋਂ ਤਰੋਤਾਜ਼ਾ ਰਹਿੰਦੇ ਹਨ, ਨਤੀਜਨ ਤੁਹਾਡੇ ਬੱਚੇ ਦਾ ਦਿਲ-ਦਿਮਾਗ ਪੜ੍ਹਾਈ ਲਈ ਤਿਆਰ ਰਹਿੰਦਾ ਹੈ।



ਹਰਪ੍ਰੀਤ ਸਿੰਘ ਬਰਾੜ

**ਨੀਂਦ ਨੂੰ ਵੀ ਦਿਓ ਪੂਰਾ ਸਮਾਂ** -ਇਮਤਿਹਾਨਾਂ ਦੇ ਦਿਨਾਂ 'ਚ ਬੱਚਿਆਂ ਨੂੰ ਜਿਆਦਾ ਦੇਰ ਤੱਕ ਜਾਗਣਾ ਨਹੀਂ ਚਾਹੀਦਾ। ਇਸ ਨਾਲ ਸਰੀਰਕ ਅਤੇ ਮਾਨਸਿਕ ਰੂਪ 'ਚ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਨ੍ਹੀ ਦਿਨੀਂ ਪੜ੍ਹਾਈ 'ਚ ਇਕਾਗਰਤਾ ਬਣਾਈ ਰੱਖਣ ਤੋਂ ਪ੍ਰੀਖਿਆ ਦੇ ਤਣਾਅ ਤੋਂ ਬਚਾਅ ਲਈ ਪੂਰੀ ਨੀਂਦ ਲੈਣੀ ਚਾਹੀਦੀ ਹੈ। ਨੀਂਦ ਪੂਰੀ ਨਾ ਹੋਣ ਨਾਲ ਤੁਹਾਡੇ ਬੱਚੇ ਦਾ ਦਿਮਾਗ ਚਿੜਚਿੜਾ ਹੋ ਜਾਵੇਗਾ।

**ਕਸਰਤ ਨਾਲ ਹੋ ਜਾਓ ਤਰੋਤਾਜ਼ਾ** - ਪ੍ਰੀਖਿਆ ਦੀ ਤਿਆਰੀ ਦੌਰਾਨ ਇੱਥ ਹੀ ਥਾਂ 'ਤੇ ਲਗਾਤਾਰ ਬੈਠੇ ਰਹਿਣ ਕਾਰਨ ਸਰੀਰ ਦੇ ਨਾਲ-ਨਾਲ ਦਿਮਾਗ ਵੀ ਸੁਸਤ ਹੋ ਜਾਂਦਾ ਹੈ। ਇਸ ਦਾ ਸਿੱਧਾ ਅਸਰ ਪੜ੍ਹਾਈ 'ਤੇ ਪੈਂਦਾ ਹੈ। ਇਸ ਲਈ ਪੜ੍ਹਾਈ ਦੇ ਵਿਚਕਾਰ ਵਿਰਾਮ (ਬਰੇਕ) ਲੈਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਮਾਨਸਿਕ ਤਣਾਅ ਘੱਟ ਹੁੰਦਾ ਹੈ ਅਤੇ ਪੜ੍ਹਾਈ 'ਚ ਪੂਰਾ ਮਨ ਲੱਗਦਾ ਹੈ । ਕਸਰਤ ਦੇ ਨਾਲ -ਨਾਲ ਜੇਕਰ ਪ੍ਰਾਣਾਯਾਮ ਅਤੇ ਮੈਡੀਟੇਸ਼ਨ ਵੀ ਕਰ ਲਿਆ ਜਾਵੇ ਤਾਂ ਇਸ ਨਾਲ ਵੀ ਕਾਫੀ ਲਾਭ ਹੁੰਦਾ ਹੈ।

**ਸਮਾਂ ਸਾਰਣੀ ਬਣਾਓ** - ਪ੍ਰੀਖਿਆ ਸ਼ੁਰੂ ਹੋਣ ਤੋਂ ਕਾਫ਼ੀ ਪਹਿਲਾਂ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੀ ਤਿਆਰੀ ਲਈ ਯੋਜਨਾਬੰਦ ਤਰੀਕੇ ਨਾਲ ਜੁਟ ਜਾਣਾ ਚਾਹੀਦਾ ਹੈ। ਇਸ ਨਾਲ ਸਾਰੇ ਵਿਸ਼ਿਆਂ ਲਈ ਬਰਾਬਰ ਦੀ ਤਿਆਰੀ ਤਾਂ ਕੀਤੀ ਜਾ ਸਕਦੀ ਹੈ, ਨਾਲ ਹੀ ਪ੍ਰੀਖਿਆ ਦਾ ਤਣਾਅ ਵੀ ਘੱਟ ਹੋ ਜਾਂਦਾ ਹੈ।ਹਰ ਵਿਸ਼ੇ ਨੂੰ ਚੰਗਾ ਸਮਾਂ ਦੇਣ ਅਤੇ ਸਹੀ ਤਰੀਕੇ ਨਾਲ ਸਮੇਂ ਦੀ ਵੰਡ ਕਰਕੇ ਪੜ੍ਹਨ ਨਾਲ ਚੰਗੇ ਨੰਬਰ ਆਉਂਦੇ ਹਨ। ਤਣਾਅ 'ਤੇ ਕਾਬੂ ਰੱਖਣ ਨਾਲ ਪੜ੍ਹਾਈ 'ਚ ਨਿਖਾਰ ਆਉਂਦਾ ਹੈ।

**ਜ਼ਰੂਰੀ ਨਹੀਂ ਚੌਵੀ ਘੰਟੇ ਪੜ੍ਹਨਾ** - ਇਮਤਿਹਾਨਾਂ ਦੌਰਾਨ ਦਿਨ -ਰਾਤ ਪੜ੍ਹਾਈ ਕਰਨਾ ਜਰੂਰੀ ਨਹੀਂ, ਪੜ੍ਹਾਈ ਦੌਰਾਨ ਘੰਟਿਆਂ ਤੋਂ ਜ਼ਿਆਦਾ ਇਕਾਗਰਤਾ ਅਹਿਮ ਹੈ। ਤੁਸੀਂ ਆਪਣੇ ਬੱਚੇ ਦੇ ਪਿੱਛੇ ਹੀ ਨਾ ਪਏ ਰਹੋ, ਉਸ ਨੂੰ ਦਿਨ-ਰਾਤ ਪੜ੍ਹਨ ਲਈ ਪ੍ਰੇਸ਼ਾਨ ਨਾ ਕਰੋ। ਆਪਣੇ ਬੱਚੇ ਨੂੰ ਉਸ ਦੀ ਕਾਬਲੀਅਤ ਮੁਤਾਬਕ ਹੀ ਪੜ੍ਹਨ ਦਿਓ। ਬੱਸ ਤੁਸੀਂ ਇਸ ਗੱਲ 'ਤੇ ਧਿਆਨ ਦਿਓ ਕਿ ਉਹ ਜਿੰਨਾ ਪੜ੍ਹੇ, ਇਮਾਨਦਾਰੀ ਨਾਲ ਪੜ੍ਹੇ। ਪ੍ਰੀਖਿਆ ਦੇ ਦੌਰਾਨ ਸਾਰੇ ਵਿਦਿਆਰਥੀ ਸਮਾਂ-ਸਾਰਣੀ ਬਣਾਉਂਦੇ ਹਨ, ਪਰ ਜ਼ਿਆਦਾਤਰ ਬੱਚੇ ਇਸ ਦੀ ਪਾਲਣਾ ਨਹੀਂ ਕਰਦੇ। ਸਮਾਂ-ਸਾਰਣੀ ਅਨੁਸਾਰ ਪੜ੍ਹਨ ਨਾਲ ਵਿਦਿਆਰਥੀ ਸਾਰੇ ਵਿਸ਼ਿਆਂ 'ਤੇ ਧਿਆਨ ਤਾਂ ਦੇ ਹੀ ਸਕਦੇ ਹਨ, ਨਾਲ ਹੀ ਉਨ੍ਹਾਂ ਨੂੰ ਆਰਾਮ ਕਰਨ ਦਾ ਸਮਾਂ ਵੀ ਮਿਲ ਜਾਂਦਾ ਹੈ। ਇਸ ਦਾ ਇੱਕ ਫਾਇਦਾ ਇਹ ਹੋਵੇਗਾ ਕਿ ਬੱਚਿਆਂ ਨੂੰ ਪੜ੍ਹਾਈ ਬੋਰ ਨਹੀਂ ਲੱਗੇਗੀ।

**ਮਾਪਿਆਂ ਲਈ ਵੀ ਹੈ ਪ੍ਰੀਖਿਆ ਦੀ ਘੜੀ** - ਇਸ ਸਮਾਂ ਮਾਪਿਆਂ ਲਈ ਵੀ ਪ੍ਰੀਖਿਆ ਵਾਂਗ ਹੀ ਹੁੰਦਾ ਹੈ । ਬੱਚਿਆਂ ਦਾਂ ਮਨੋਬਲ ਬਣਾਏ ਰੱਖਣ ਲਈ ਮਾਂ –ਬਾਪ ਦੀ ਅਹਿਮ ਭੂਮਿਕਾ ਹੁੰਦੀ ਹੈ। ਮਾਪਿਆਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਬੱਚਾ ਲਾਪਰਵਾਹ ਤਾਂ ਨਹੀਂ ਹੋ ਰਿਹਾ। ਬੱਚੇ ਦੇ ਸਿਰ 'ਤੇ ਪੜ੍ਹਾਈ ਦਾ ਵਾਧੂ ਭਾਰ ਨਹੀਂ ਆਉਣਾ ਚਾਹੀਦਾ, ਇਸ ਨਾਲ ਪ੍ਰੀਖਿਆ 'ਤੇ ਅਸਰ ਪੈ ਸਕਦਾ ਹੈ।

**ਕੁਝ ਹੋਰ ਧਿਆਨ ਦੇਣ ਯੋਗ ਗੱਲਾਂ** -

* ਪ੍ਰੀਖਿਆ ਨੂੰ ਜੀਵਨ ਦਾ ਹਿੱਸਾ ਮੰਨੋ
* ਲੰਮੀ ਪੜ੍ਹਾਈ ਦੀ ਥਾਂ ਛੋਟੇ-ਛੋਟੇ ਵਕਫੇ ਲੈ ਕੇ ਪੜ੍ਹੋ।
* ਵੱਡੀਆਂ ਕਿਤਾਬਾਂ ਦੀ ਥਾਂ ਨੋਟਿਸ ਬਣਾਓ
* ਪੇਪਰਾਂ 'ਚ ਦੂਜਿਆਂ ਦੀ ਨਕਲ ਨਾ ਕਰੋ, ਆਪਣੀ ਕਾਬਲੀਅਤ ਦੇ ਅਨੁਸਾਰ ਜਵਾਬ ਦਿਓ।
* ਸਮੇਂ ਤੋਂ ਪਹਿਲਾਂ ਪ੍ਰੀਖਿਆ ਹਾਲ ਤੱਕ ਪਹੁੰਚੋ।
* ਹੜਬੜਾਹਟ 'ਚ ਪੇਪਰ ਨਾ ਦਿਓ।
* ਸਵਾਲ ਦੇ ਜਵਾਬ ਮੁਤਾਬਕ ਹੀ ਪ੍ਰਸ਼ਨ ਦਾ ਸਮਾਂ ਨਿਰਧਾਰਤ ਕਰੋ।
* ਵਿਸ਼ੇਸ਼ ਬਿੰਦੂਆਂ ਨੂੰ ਅੰਡਰਲਾਈਨ ਜ਼ਰੂਰ ਕਰੋ।
* ਜਮਾਤੀਆਂ ਨਾਲ ਸਮੂਹ ਬਣਾ ਕੇ ਵਿਸ਼ੇ ਬਾਰੇ ਚਰਚਾ ਕਰੋ।
* ਪੇਪਰ ਤੋਂ ਇੱਕ ਦਿਨ ਪਹਿਲਾਂ ਪੂਰੇ ਸਿਲੇਬਸ ਨੂੰ ਜ਼ਰੂਰ ਦੁਹਰਾਓ
* ਪੇਪਰ ਸੰਬੰਧੀ ਲੋੜੀਂਦੀ ਸਮੱਗਰੀ ਨੂੰ ਇੱਕ ਦਿਨ ਪਹਿਲਾਂ ਹੀ ਤਿਆਰ ਕਰ ਲਵੋ।
* ਅਧਿਆਪਕਾਂ ਨਾਲ ਤਾਲਮੇਲ ਬਣਾ ਕੇ ਰੱਖੋ ਅਤੇ ਕੋਈ ਵੀ ਮੁਸ਼ਕਲ ਬੇਝਿਜਕ ਪੁੱਛੋ।

**ਮੇਨ ਏਅਰ ਫੋਰਸ ਰੋਡ,ਬਠਿੰਡਾ**

**ਨਵੀਂ ਸਿੱਖਿਆ ਨੀਤੀ ਬਾਰੇ ਹੋ ਰਹੀ ਕਨਵੈਨਸ਼ਨ ਨੂੰ ਸਮਰਪਤ**

# ਮੈਕਾਲੇ, ਨਵੀਂ ਵਿੱਦਿਅਕ ਨੀਤੀ 2020 ਤੇ ਜਮਹੂਰੀ ਹੱਕ (2)

**ਡਾਕਟਰ ਬਲਜਿੰਦਰ**

**ਪ੍ਰਿੰਸੀਪਲ ਬੱਗਾ ਸਿੰਘ**

ਸਕੂਲੀ ਅਧਿਆਪਕਾਂ ਦੀ ਭਰਤੀ 'ਚ ਇਹ ਨੀਤੀ ਸਕੂਲ ਵਿੱਦਿਆ ਦੇ ਹਰ ਪੱਧਰ 'ਤੇ ਗੈਰ ਰਸਮੀ/ਗੈਰ ਪਰਿਭਾਸ਼ਤ ਭੂਮਿਕਾਵਾਂ ਲਈ 'ਵਲੰਟੀਅਰਾਂ', 'ਸਮਾਜ ਸੇਵੀਆਂ', 'ਸਲਾਹਕਾਰਾਂ', 'ਸਥਾਨਕ ਉੱਘੇ ਵਿਅਕਤੀਆਂ', 'ਸਕੂਲਾਂ ਦੇ ਸਾਬਕਾ ਵਿਦਿਆਰਥੀਆਂ', 'ਸਰਗਰਮ ਤੇ ਸਿਹਤਮੰਦ ਸੀਨੀਅਰ ਸ਼ਹਿਰੀਆਂ' ਅਤੇ 'ਜਨਤਕ ਭਾਵਨਾ ਵਾਲੇ ਭਾਈਚਾਰੇ ਦੇ ਮੈਂਬਰਾਂ' ਦੀ ਵੱਡੀ ਪੱਧਰ 'ਤੇ ਭਰਤੀ ਦੀ ਵਿਵਸਥਾ ਕਰਦੀ ਹੈ। ਜਿਸ ਨਾਲ ਵਿਦਿਆਰਥੀਆਂ ਦੇ ਮੁਢਲੇ ਸਾਲਾਂ ਦੌਰਾਨ ਹੋਣ ਵਾਲੇ ਮਾਨਸਕ ਵਿਕਾਸ ਨੂੰ ਆਪਣੇ ਅਜੰਡੇ ਮੁਜਬ ਢਾਲਣ ਰਾਹੀਂ ਇਹ ਸਮਾਜ ਦੇ ਹਰ ਖੇਤਰ ਅੰਦਰ ਹਾਕਮ ਪਾਰਟੀ ਦੀ ਭਾਈਚਾਰਕ ਸਾਂਝ ਨੂੰ ਤੀਲਾ-ਤੀਲਾ ਕਰਨ ਅਤੇ ਭਾਈਚਾਰਕ ਵੰਡੀਆਂ ਪਾਉਣ ਦੇ ਅਜੰਡੇ ਨੂੰ ਅੱਗੇ ਵਧਾਉਣ ਲਈ ਰਾਹ ਪੱਧਰਾ ਕਰਦੀ ਹੈ। ਹਰ ਪੱਧਰ 'ਤੇ ਆਪਣਾ ਕਾਡਰ ਭਰਤੀ ਕਰਕੇ ਆਪਣੀ ਮਨਮਰਜ਼ੀ ਦੇ ਫੈਸਲੇ ਲੈਣ ਲਈ ਹਾਕਮ ਟੋਲਿਆਂ ਲਈ ਮੁਆਫਕ ਮੌਕੇ ਹਾਸਲ ਕਰਨਾ ਹੈ।

ਚੈਰਿਟੀ, ਚੈਰੀਟੇਬਲ ਸ਼ਬਦ ਆਮ ਹੀ ਸੁਣੇ ਜਾਂਦੇ ਹਨ। ਚੈਰਿਟੀ ਕਰਨ ਦਾ ਵਿਚਾਰ ਇਸਾਈ ਪ੍ਰਚਾਰਕਾਂ ਵੱਲੋਂ ਲਿਆਂਦਾ ਗਿਆ ਸੀ। ਉਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਭਾਰਤ ਅੰਦਰ ਚੈਰਿਟੀ ਸੰਸਥਾਵਾਂ ਦੀ ਨੀਂਹ ਰੱਖੀ ਸੀ ਅਤੇ ਸਮਾਜ ਦੇ ਪ੍ਰਤਿਸ਼ਠ ਵਰਗਾਂ ਤੋਂ ਦਾਨ ਲੈ ਕੇ ਉਹ ਇਨ੍ਹਾਂ ਸੰਸਥਾਵਾਂ ਨੂੰ ਚਲਾਉਂਦੇ ਸਨ। ਉਹ ਉਨ੍ਹਾਂ ਹੀ ਵਿਚਾਰਾਂ ਨੂੰ ਉਗਾਸਾ ਦਿੰਦੇ ਸਨ ਜੋ ਬਸਤੀਵਾਦੀ ਹੁਕਮਰਾਨਾਂ ਨੂੰ ਰਾਸ ਬਹਿੰਦੇ ਸਨ। ਉਨ੍ਹਾਂ ਦੀ ਦੇਖਾ-ਦੇਖੀ ਹੋਰਨਾਂ ਧਰਮਾਂ ਨਾਲ ਸੰਬੰਧਤ ਲੋਕਾਂ ਨੇ ਵੀ ਅਜਿਹੀਆਂ ਸੰਸਥਾਵਾਂ ਖੋਲ੍ਹੀਆਂ- ਆਰੀਆ ਸਮਾਜ, ਸਨਾਤਨ ਧਰਮ, ਖਾਲਸਾ ਸੰਸਥਾਨ, ਜੈਨ ਸੰਸਥਾਵਾਂ, ਮੁਸਲਿਮ ਸੰਸਥਾਨ ਆਦਿ। ਪਰ ਅੱਜ ਦੇ ਸਾਰੇ ਹੀ ਪਰਉਪਕਾਰੀ (ਚੈਰੀਟੇਬਲ) ਵਿੱਦਿਅਕ ਸੰਸਥਾਨ ਵਿਦਿਆਰਥੀਆਂ ਦੀ ਲੁੱਟ ਦੇ ਸਾਧਨ ਬਣੇ ਹੋਏ ਹਨ। ਚੈਰਿਟੀ ਦੇ ਨਾਂਅ ਹੇਠ ਇਹ ਸੰਸਥਾਨ ਸਰਕਾਰੀ ਰਾਹਤਾਂ ਮਾਣਦੇ ਹਨ ਅਤੇ ਇਹੀ ਰਾਹਤਾਂ ਉਹ ਅਗਾਂਹ ਵਿਦਿਆਰਥੀਆਂ ਨੂੰ ਪਹੁੰਚਦੀਆਂ ਨਹੀਂ ਕਰਦੇ। ਇਹੀ ਕਾਰਨ ਹੈ ਕਿ ਇਹ ਨੀਤੀ ਪਰਉਪਕਾਰ ਕਰਨ ਰਾਹੀਂ ਵਿੱਦਿਆ ਦੇ ਵਪਾਰੀਕਰਨ ਨੂੰ ਉਤਸ਼ਾਹਤ ਕਰਦੀ ਹੈ। ਅਤੇ ਨਾਲ ਹੀ ਇਹ ਕਿ ਇਸ ਨੀਤੀ ਅੰਦਰ ਇਹ ਕਿਧਰੇ ਵੀ ਦਰਜ ਨਹੀਂ ਹੈ ਕਿ ਇੱਕ ਨਿੱਜੀ ਸੰਸਥਾਨ ਅਤੇ ਇੱਕ ਪਰਉਪਕਾਰੀ ਸੰਸਥਾਨ ਦਾ ਆਪੋ 'ਚ ਫਰਕ ਕੀ ਹੈ। ਇਸ ਲਈ ਨਿੱਜੀ ਸੰਸਥਾਵਾਂ ਨੇ ਵੀ ਪਰਉਪਕਾਰੀ ਦੇ ਬੋਰਡ ਲਾ ਕੇ ਆਪਣੀਆਂ ਨਿੱਜੀ ਦੁਕਾਨਾਂ ਮਾਫਕ ਸੰਸਥਾਨ ਖੋਲ੍ਹ ਛੱਡੇ ਹਨ। ਇਉਂ ਇਹ ਨੀਤੀ ਸਰਕਾਰੀ (ਜਨਤਕ) ਪੈਸੇ ਦੇ ਸਿਰ 'ਤੇ ਆਪਣੇ ਨਿੱਜੀ ਖਜ਼ਾਨਿਆਂ ਨੂੰ ਪੂਰਨ ਦਾ ਸੰਦ ਬਣਦੀ ਹੈ।

ਕਿੱਤੇ ਪ੍ਰਤੀ ਸਮਰਪਣ, ਯੋਗਤਾ ਤੇ ਪੜ੍ਹਾਉਣ ਦੀ ਕਲਾ 'ਚ ਮੁਹਾਰਤ ਕਿਸੇ ਵੀ ਅਧਿਆਪਕ ਨੂੰ ਇੱਕ ਸਫਲ ਅਧਿਆਪਕ ਬਣਾਉਂਦੀ ਹੈ। ਪਰ ਇਹ ਨੀਤੀ ਇਨ੍ਹਾਂ ਗੁਣਾਂ-ਯੋਗਤਾਵਾਂ ਨੂੰ ਦਰਕਿਨਾਰ ਕਰਦਿਆਂ ਸੰਸਥਾ ਤੇ ਸਮਾਜ ਪ੍ਰਤੀ ਸਮਰਪਣ ਨੂੰ ਹੀ ਅਧਿਆਪਕਾਂ ਦੀਆਂ ਨਿਯੁਕਤੀਆਂ ਦਾ ਅਧਾਰ ਬਣਾਉਂਦੀ ਹੈ, ਜਿਨ੍ਹਾਂ ਦਾ ਪੈਮਾਨਾ ਉੱਚ ਅਹੁਦਿਆਂ 'ਤੇ ਬਿਰਾਜਮਾਨ ਵਿਅਕਤੀ ਹੀ ਨਿਰਧਾਰਤ ਕਰਨਗੇ ਅਤੇ ਉਹ ਹੀ ਪਰਖਣਗੇ ਕਿ ਕੋਈ ਵਿਅਕਤੀ ਸਮਾਜ ਪ੍ਰਤੀ ਸਮਰਪਣ ਰੱਖਦਾ ਵੀ ਹੈ ਕਿ ਨਹੀਂ। ਇਉਂ ਇਹ ਨੀਤੀ ਚਾਪਲੂਸਾਂ ਦੀ ਫੌਜ ਤਿਆਰ ਕਰਨ ਲਈ ਘੜੀ ਗਈ ਹੈ। ਇਉਂ ਹੀ ਇਹ ਨੀਤੀ ਆਰ ਐੱਸ ਐੱਸ ਦੇ ਲੁਕਵੇਂ ਅਜੰਡੇ- ਇੱਕ ਦੇਸ਼ ਇੱਕ ਭਾਸ਼ਾ, ਇੱਕ ਬੋਲੀ ਇੱਕ ਵੇਸ, ਇੱਕ ਕਾਨੂੰਨ ਇੱਕ ਵਿਆਹ ਕਾਨੂੰਨ- ਨੂੰ ਹੀ ਨੇਪਰੇ ਚਾੜ੍ਹਨ ਵੱਲ ਲੈ ਜਾਂਦੀ ਹੈ। ਇਸੇ ਸਕੀਮ 'ਚ ਹੀ ਇਸ ਨੀਤੀ ਤਹਿਤ ਆਰ ਐੱਸ ਐੱਸ ਵੱਲੋਂ ਆਦਿਵਾਸੀ ਇਲਾਕਿਆਂ ਅੰਦਰ ਖੋਲ੍ਹੇ ਏਕਲ ਵਿਦਿਆਲਾ ਦੀ ਤਰਜ਼ 'ਤੇ ਪੇਂਡੂ ਖੇਤਰਾਂ ਅੰਦਰ ਸਿੰਗਲ ਟੀਚਰ ਸਕੂਲ ਅਤੇ ਸ਼ਹਿਰੀ ਖੇਤਰਾਂ ਅੰਦਰ ਬਜਟ ਸਕੂਲ ਖੋਲ੍ਹਣ ਦਾ ਬਿਓਰਾ ਇਹ ਨੀਤੀ ਦਿੰਦੀ ਹੈ। ਸਮਾਜ ਦੇ ਆਦਿਵਾਸੀਆਂ ਜਿਹੇ ਪਛੜੇ ਵਰਗਾਂ ਨੂੰ ਮਿਆਰੀ ਵਿੱਦਿਆ ਤੋਂ ਵਾਂਝਿਆਂ ਰੱਖ ਕੇ ਇਹ ਨੀਤੀ ਗਰੀਬੀ-ਅਮੀਰੀ ਦਰਮਿਆਨ ਮੌਜੂਦ ਪਾੜੇ ਨੂੰ ਹੀ ਹੋਰ ਚੁੜੇਰਾ ਕਰਨ ਦਾ ਸਾਧਨ ਬਣਦੀ ਹੈ।

ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਸਕੂਲੀ ਵਿੱਦਿਆ ਅਤੇ ਧੁਰ ਯੂਨੀਵਰਸਿਟੀ ਪੱਧਰ ਦੀ ਹਰ ਪੱਧਰ ਦੀ ਪੜ੍ਹਾਈ ਦੇ ਖੇਤਰ ਨੂੰ ਨਿੱਜੀ ਸੰਸਥਾਨ ਲਈ ਖੋਲ੍ਹਣ ਅਤੇ ਨਾਲ ਹੀ ਇਸ ਵਿਸ਼ਾਲ ਖੇਤਰ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਲਈ ਖੁੱਲ੍ਹਾ ਕਰਨ ਨਾਲ ਜਿੱਥੇ ਪੜ੍ਹਾਈ ਕਰਨੀ ਆਮ ਵੱਸੋਂ ਦੇ ਵਿਤੋਂ-ਬਾਹਰੀ ਹੋ ਜਾਵੇਗੀ, ਉੱਥੇ ਨਾਲ ਹੀ ਵਿਦੇਸੀ ਯੂਨੀਵਰਸਿਟੀਆਂ ਲਈ ਇਹ ਕੋਈ ਬੰਨ੍ਹਣ ਨਹੀਂ ਕਿ ਉਹ ਇੱਥੋਂ ਭਾਰਤ 'ਚੋਂ ਕਮਾਇਆ ਪੈਸਾ ਭਾਰਤ ਅੰਦਰ ਹੀ ਅਤੇ ਉਹ ਵੀ ਵਿੱਦਿਆ ਦੇ ਖੇਤਰ ਅੰਦਰ ਹੀ ਇਨਵੈਸਟ ਕਰਨ ਦੀ ਉਨ੍ਹਾਂ 'ਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ ਹੈ। ਇਹ ਸ਼ਰ੍ਹੇਆਮ ਹੀ ਸਾਡੇ ਮੁਲਕ ਦੇ ਬਹੁ ਕੀਮਤੀ ਖਜ਼ਾਨਿਆਂ ਨੂੰ ਬਹੁਕੌਮੀ ਕਾਰਪੋਰੇਸ਼ਨਾਂ ਦੇ ਹਵਾਲੇ ਕਰਕੇ ਸਾਨੂੰ ਗੁਲਾਮੀ ਵੱਲ ਧੱਕਣ ਦੀ ਕੋਝੀ ਕੋਸ਼ਿਸ਼ ਹੈ।

ਭਾਰਤ ਦੀ ਹੁਕਮਰਾਨ ਜਮਾਤ ਵੱਲੋਂ ਵਿਸ਼ਾਲ ਲੋਕਾਈ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਲਈ ਲਿਆਂਦੀ ਗਈ ਇਹ ਨੀਤੀ ਇੱਥੇ ਇੱਕ ਵਾਰ ਫਿਰ ਮੈਕਾਲੇ ਦੇ ਉਨ੍ਹਾਂ ਲਫਜ਼ਾਂ ਦੀ ਯਾਦ ਦੁਆਉਂਦੀ ਹੈ ਜੀਹਦੇ ਅਧਾਰ 'ਤੇ ਉਸ ਨੇ ਆਪਣੀ ਉਹ ਨੀਤੀ 1835 'ਚ ਲਿਆਂਦੀ ਸੀ ਅਤੇ ਜਿਸ ਵਿੱਦਿਅਕ ਢਾਂਚੇ ਨੇ ਸਾਡੇ ਮੁਲਕ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਦੀ ਜ਼ਿੰਦਗੀਆਂ ਤਬਾਹ ਕੀਤੀਆਂ ਅਤੇ ਸਾਨੂੰ ਗੁਲਾਮੀ 'ਚ ਬੰਨ੍ਹੀ ਰੱਖਿਆ ਅਤੇ ਜਿਹੜੀ ਨੇ 1947 ਤੋਂ ਬਾਅਦ ਦੇ ਵਰ੍ਹਿਆਂ ਦੌਰਾਨ ਵੀ ਅੰਦਰ ਕੋਈ ਖੋਜੀ ਪ੍ਰਵਿਰਤੀ ਵਿਕਸਤ ਹੋਣ ਨੂੰ ਬੰਨ੍ਹ ਮਾਰੀ ਰੱਖਿਆ ਹੈ ਅਤੇ ਅੱਜ ਹਾਲਾਤ ਇਹ ਹਨ ਕਿ ਜਦੋਂ ਵੀ ਸਾਡੇ ਮੁਲਕ ਦੇ ਪੜ੍ਹੇ ਡਾਕਟਰ, ਇੰਜਨੀਅਰ ਜਾਂ ਕੋਈ ਹੋਰ ਪ੍ਰੋਫੈਸ਼ਨ ਦੀਆਂ ਡਿਗਰੀਆਂ ਲੈ ਕੇ ਵਿਦੇਸ਼ਾਂ 'ਚ ਜਾਂਦੇ ਹਨ ਤਾਂ ਉਨ੍ਹਾਂ ਸਰਟੀਫਿਕੇਟਾਂ ਨੂੰ ਉਹ ਰੱਦੀ ਮਾਫਕ ਸਮਝਦੇ ਹਨ ਅਤੇ ਉਹ ਇਨ੍ਹਾਂ 'ਤੇ ਇਤਬਾਰ ਨਹੀਂ ਕਰਦੇ ਅਤੇ ਆਪਣੇ ਪਸੰਦ ਦੀ 'ਅਜ਼ਾਦ' ਸੰਸਥਾ ਤੋਂ ਉਨ੍ਹਾਂ ਦਸਤਾਵੇਜ਼ਾਂ ਦੀ ਮੁੜ ਪੜਤਾਲ ਕਰਾਉਂਦੇ ਹਨ ਅਤੇ ਨਾਲ ਹੀ ਉਨ੍ਹਾਂ ਦਾ ਮੁੜ ਮੁਲਾਂਕਣ ਕਰਕੇ ਵਿਦਿਆਰਥੀਆਂ ਨੂੰ ਆਪਣੇ ਦੇਸ਼ਾਂ ਦੀ ਪੜ੍ਹਾਈ 'ਚ ਦਾਖਲ ਹੋਣ ਦੀ ਇਜਾਜ਼ਤ ਦੇ ਕੇ ਉਨ੍ਹਾਂ ਮੁਲਕਾਂ 'ਚ ਕੰਮ ਕਰਨ ਦੇ ਲਾਇਕ ਹੋਣ ਦੇ ਸਰਟੀਫਿਕੇਟ ਦਿੰਦੇ ਹਨ।

ਖੋਜ ਨੂੰ ਉਤਸ਼ਾਹਤ ਕਰਨ ਦੇ ਸਾਰੇ ਰਾਹ ਹੀ ਬੰਦ ਕਰ ਰੱਖੇ ਨੇ ਇਸ ਨੀਤੀ ਨੇ। ਪੋਸਟ ਗਰੈਜੂਏਟ ਕੋਰਸ ਨੂੰ ਇੱਕ ਸਾਲ ਦਾ ਅਤੇ ਐੱਮ ਫਿਲ ਕੋਰਸ ਨੂੰ ਬੰਦ ਕਰਕੇ ਇਹ ਨੀਤੀ ਕਿਹੋ ਜਿਹੇ ਵਿਦਿਆਰਥੀਆਂ ਨੂੰ ਦੇਸ਼ ਸਾਹਮਣੇ ਪੇਸ਼ ਕਰਨ ਜਾ ਰਹੀ ਹੈ ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਸ ਨੀਤੀ ਤਹਿਤ ਰਾਸ਼ਟਰੀ ਖੋਜ ਫਾਊਂਡੇਸ਼ਨ ਰਾਹੀਂ ਖੋਜ ਕਰਨ ਦੇ ਸਮੁੱਚੇ ਕਾਰ-ਵਿਹਾਰ ਨੂੰ ਹੀ ਸਮੁੱਚੇ ਰੂਪ 'ਚ ਆਪਣੇ ਏਕਾਧਿਕਾਰ ਠੀਕ ਲਿਆਉਣਾ ਲੋਚਦੀ ਹੈ, ਜਿਹੜਾ ਕਿ ਖੋਜ ਪ੍ਰਤੀ ਆਪਮੁਹਾਰਤਾ, ਸਿਰਜਣਾਤਮਕਤਾ ਤੇ ਉਤਸ਼ਾਹ ਨੂੰ ਖੋਰਾ ਲਾਉਂਦੀ ਹੈ ਅਤੇ ਆਪਣੇ ਸੂਤ ਬਹਿੰਦੇ ਖੋਜ ਕਾਰਜਾਂ ਨੂੰ ਮਨਜ਼ੂਰੀ ਦੇਣ ਦਾ ਰਾਹ ਪੱਧਰਾ ਕਰਦੀ ਹੈ।

ਵਿਦਿਆਰਥੀਆਂ ਦੀ ਲੁੱਟ ਨੂੰ ਹੋਰ ਉਤਸ਼ਾਹਤ ਕਰਨ ਲਈ ਇਹ ਨੀਤੀ ਨਿੱਜੀ ਵਿੱਦਿਅਕ ਅਦਾਰਿਆਂ ਦੇ ਫੀਸਾਂ ਦੇ ਢਾਂਚੇ ਨੂੰ ਅਤੇ ਅਧਿਆਪਕਾਂ ਨੂੰ ਦਿੱਤੀ ਜਾਣ ਵਾਲੀ ਤਨਖਾਹ ਦੇ ਢਾਂਚੇ ਨੂੰ ਪੂਰਨ ਰੂਪ 'ਚ ਖਤਮ ਕਰ ਕੇ ਉਨ੍ਹਾਂ ਨੂੰ ਮਨਮਾਨੀਆਂ ਕਰਨ ਦੀ ਇਜਾਜ਼ਤ ਦਿੰਦੀ ਹੈ। ਇਸ ਨਾਲ ਪਛੜੇ ਵਰਗਾਂ ਅਤੇ ਵਿੱਤੀ ਪੱਖੋਂ ਕਮਜ਼ੋਰ ਘਰਾਂ ਦੇ ਬੱਚਿਆਂ ਲਈ ਵਿੱਦਿਆ ਪਹੁੰਚ ਤੋਂ ਬਾਹਰ ਹੋ ਜਾਵੇਗੀ ਅਤੇ ਮੋੜਵੇਂ ਰੂਪ 'ਚ ਸਿੱਖਿਆ ਪ੍ਰਦਾਨ ਕਰਨ ਦੀ ਬਜਾਏ ਇਹ ਨੀਤੀ ਅਨਪੜ੍ਹਤਾ ਨੂੰ ਉਤਸ਼ਾਹਤ ਕਰੇਗੀ। ਇਸ ਮਾਮਲੇ 'ਚ ਇਸ ਨੀਤੀ 'ਚ ਦਰਜ ਹੈ ਕਿ ਅਦਾਰਿਆਂ ਨੂੰ ਸਿਰਫ 'ਆਨਲਾਈਨ ਪਾਰਦਰਸ਼ੀ ਹਲਫੀਆ ਬਿਆਨ' ਹੀ ਦੇਣਾ ਪਵੇਗਾ ਯਾਨੀ ਕਿ ਹਲਫੀਆ ਬਿਆਨ ਦਿਓ ਤੇ ਮਨਮਰਜ਼ੀ ਦੀ ਲੁੱਟ ਕਰੋ।

ਇਹ ਨੀਤੀ ਜੋ ਕੁਝ ਵੀ ਥੋੜ੍ਹਾ-ਬਹੁਤ ਜਮਹੂਰੀ ਢਾਂਚਾ ਵਿੱਦਿਅਕ ਪ੍ਰਣਾਲੀ ਨਾਲ ਜੁੜਿਆ ਹੋਇਆ ਮੌਜੂਦ ਸੀ, ਉਸ ਨੂੰ ਪੂਰੀ ਤਰ੍ਹਾਂ ਨਾਲ ਖੇਰੂੰ-ਖੇਰੂੰ ਕਰਦੀ ਹੈ। ਹਰ ਯੂਨੀਵਰਸਿਟੀ ਨੂੰ ਖੁਦਮੁਖਤਾਰੀ ਦੇ ਕੇ ਅਤੇ ਉਸ ਦੀ ਕਾਰਕਰਦਗੀ ਨੂੰ ਸਟਾਰ ਰੇਟਿੰਗ ਮੁਤਾਬਕ ਵਧੀਆ ਜਾਂ ਮਾੜੀ ਹੋਰ ਦੀ ਰੇਟਿੰਗ ਦੇਣ ਰਾਹੀਂ ਇਹ ਨੀਤੀ ਫੰਡਾਂ ਦੀ ਘਾਟ ਨਾਲ ਮੁੱਢੋਂ-ਸੁੱਢੋਂ ਹੀ

ਜੂਝਦੀਆਂ ਆ ਰਹੀਆਂ ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਨੂੰ ਪਿੜੋਂ ਬਾਹਰ ਕੱਢਣਾ ਹੈ। ਇਉਂ ਵਾਜਬ ਫੀਸਾਂ ਨਾਲ ਮਿਆਰੀ ਪੜ੍ਹਾਈ ਪ੍ਰਾਪਤ ਕਰਨ ਦੇ ਮੁਢਲੇ ਅਧਿਕਾਰ ਤੋਂ ਆਮ ਵਿਦਿਆਰਥੀ ਅਤੇ ਖਾਸਕਰ ਪਛੜੇ ਵਰਗਾਂ ਦੇ ਵਿਦਿਆਰਥੀ ਮੁਕਾਬਲੇ ਤੋਂ ਬਾਹਰ ਧੱਕੇ ਜਾਣਗੇ।

ਇੱਕ ਵਾਰੀ ਫਿਰ ਮਨੂੰ ਸਮ੍ਰਿਤੀ 'ਚ ਦਰਜ ਸਮਝ ਕਿ ਕਿਸ ਤਰ੍ਹਾਂ ਨਾਲ ਦਲਿਤ ਤੇ ਪਛੜੇ ਵਰਗਾਂ ਨੂੰ ਜਾਣਕਾਰੀ ਵਿਹੂਣੇ ਰੱਖਣਾ ਹੈ ਉਹ ਯਾਦ ਕਰਨ ਦੀ ਲੋੜ ਹੈ, ਜਿਸ 'ਚ ਕਿਹਾ ਗਿਆ ਹੈ ਕਿ

"ਜੇ ਸ਼ੂਦਰ ਇਤਫਾਕੀਆ ਜਾਂ ਗੁਪਤ ਤੌਰ 'ਤੇ ਵੇਦਾਂਤ ਦੇ ਮੰਤਰ ਸੁਣ ਲਵੇ ਤਾਂ ਉਸ ਦੇ ਕੰਨਾਂ 'ਚ ਸ਼ੀਸ਼ੇ (ਸਿੱਕੇ) ਨੂੰ ਪਿਘਲਾ ਕੇ ਭਰ ਦਿੱਤਾ ਜਾਵੇ, ਜੇ ਉਹ ਵੇਦਾਂ ਦੇ ਮੰਤਰ ਬੋਲੇ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ ਅਤੇ ਜੇ ਉਸ ਨੂੰ ਵੇਦਾਂ ਦੇ ਸ਼ਲੋਕ ਯਾਦ ਹੋ ਗਏ ਹੋਣ ਤਾਂ ਉਸ ਦੇ ਸਰੀਰ ਦੇ ਟੁਕੜੇ-ਟੁਕੜੇ ਕਰ ਦਿੱਤੇ ਜਾਣ।"

ਇਹ ਹੈ ਭਾਰਤ ਦੀਆਂ ਮੌਜੂਦਾ ਹਾਕਮ ਜਮਾਤਾਂ ਦਾ ਲੁਕਵਾਂ ਅਜੰਡਾ, ਜਿਸ ਰਾਹੀਂ ਉਹ ਆਪਣੇ ਰਾਜ-ਭਾਗ ਦੀ ਉਮਰ ਲੰਮੇਰੀ ਕਰਨ ਲਈ ਹਰ ਛਲ ਤੇ ਬਲ ਦੀ ਨੀਤੀ ਵਰਤਣ ਤੋਂ ਕੋਈ ਵੀ ਗੁਰੇਜ਼ ਨਹੀਂ ਕਰ ਰਹੇ ਅਤੇ ਨਾ ਹੀ ਇਸ ਨੂੰ ਲੁਕੋ-ਛਿਪੋ ਕੇ ਅਜਿਹਾ ਕਰ ਰਹੇ ਹਨ। ਕਈ ਥਾਵਾਂ 'ਤੇ ਉਹ

(ਬਾਕੀ ਸਫ਼ਾ 9 'ਤੇ)

CMYK

11-FEB-PAGE-5.qxd 2/10/2023 9:08 PM Page 1



# ਸਾਂਝੇ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਸੈਂਕੜੇ ਮਜ਼ਦੂਰਾਂ ਵੱਲੋਂ ਚਿਤਾਵਨੀ ਰੈਲੀ

## ਮੰਗਾਂ ਹੱਲ ਨਾ ਹੋਣ 'ਤੇ ਲਾਇਆ ਜਾਵੇਗਾ ਸੂਬਾ ਪੱਧਰੀ ਪੱਕਾ ਮੋਰਚਾ



**ਮਾਨਸਾ (ਆਤਮਾ ਸਿੰਘ ਪਮਾਰ)**

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਜ਼ਿਲ੍ਹਾ ਕਚਹਿਰੀ ਬਾਲ ਭਵਨ ਵਿਖੇ ਮਜ਼ਦੂਰ ਜਥੇਬੰਦੀਆਂ ਦੇ ਸੈਂਕੜੇ ਕਾਰਕੁਨਾਂ ਵੱਲੋਂ ਚਿਤਾਵਨੀ ਰੈਲੀ ਕੀਤੀ ਅਤੇ ਐਲਾਨ ਕੀਤਾ ਕਿ ਜੇਕਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਂਝੇ ਮਜ਼ਦੂਰ ਮੋਰਚੇ ਨਾਲ 15 ਫਰਵਰੀ ਦੀ ਮੀਟਿੰਗ ਤੋਂ ਟਾਲਾ ਵੱਟਿਆ ਗਿਆ ਜਾਂ ਮੰਗਾਂ ਦਾ ਤਸੱਲੀਬਖ਼ਸ਼ ਨਿਪਟਾਰਾ ਨਾ ਕੀਤਾ ਤਾਂ ਮਜਬੂਰੀ ਵੱਸ ਸਾਂਝੇ ਮੋਰਚੇ ਵੱਲੋਂ ਸੂਬਾ ਪੱਧਰੀ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਸਮੇਂ ਤਹਿਸੀਲਦਾਰ ਮਾਨਸਾ ਵੱਲੋਂ ਮੰਗ ਪੱਤਰ ਲਿਆ ਗਿਆ ਤੇ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ ਗਿਆ। ਚਿਤਾਵਨੀ ਰੈਲੀ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ, ਮਜ਼ਦੂਰ ਮੁਕਤੀ ਮੋਰਚਾ ਦੇ ਨਿੱਕਾ ਬਹਾਦਰਪੁਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਗੁਰਦੀਪ ਆਹਲੂਪੁਰ ਤੇ ਦਿਹਾਤੀ ਮਜ਼ਦੂਰ ਸਭਾ ਦੇ ਸੁਖਦੇਵ ਸਿੰਘ ਰਾਜਗੜ੍ਹ ਕੁੱਬੇ ਨੇ ਦੋਸ਼ ਲਾਇਆ ਕਿ ਬਦਲਾਅ ਦਾ ਝਾਂਸਾ ਦੇ ਕੇ ਸੱਤਾ ਵਿੱਚ ਆਈ ਆਪ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਮਜ਼ਦੂਰ ਵਰਗ ਨੂੰ ਲਗਾਤਾਰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਅਤੇ ਮਜ਼ਦੂਰ ਤੇ ਲੋਕ ਦੋਖੀ ਉਹੀ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਭਾਜਪਾ, ਕਾਂਗਰਸ ਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਲਾਗੂ ਕਰਦੀਆਂ ਸਨ। ਉਨ੍ਹਾਂ ਕਿਹਾ ਕਿ ਬੇਸ਼ੱਕ ਮੁੱਖ ਮੰਤਰੀ ਵੱਲੋਂ ਮਜ਼ਦੂਰ ਸੰਘਰਸ਼ ਦੇ ਦਬਾਅ ਹੇਠ ਮੀਟਿੰਗ ਦਿੱਤੀ ਗਈ ਹੈ, ਜੇਕਰ ਹੁਣ ਵੀ ਸਰਕਾਰ ਤੇ ਮੁੱਖ ਮੰਤਰੀ ਨੇ ਮਜ਼ਦੂਰਾਂ ਨੂੰ ਅਣਗੌਲੇ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਪੱਕਾ ਮੋਰਚਾ ਲਾਇਆ ਜਾਵੇਗਾ। ਆਗੂਆਂ ਨੇ ਕਿਹਾ ਕਿ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਮੁੱਖ ਮੰਤਰੀ ਹਾਜ਼ਰ ਨਹੀਂ ਹੋਏ, ਜੋ ਉਨ੍ਹਾਂ ਦੀ ਮਜ਼ਦੂਰ ਵਰਗ ਪ੍ਰਤੀ ਸਿਆਸੀ ਨਫਰਤ ਦਾ ਪ੍ਰਤੀਕ ਹੈ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਮਨਰੇਗਾ ਬਜਟ ਘਟਾਉਣ ਦੀ ਨਿਖੇਧੀ ਕਰਦਿਆਂ ਮਨਰੇਗਾ ਤਹਿਤ ਬਜਟ ਵਧਾਉਣ ਦੀ ਮੰਗ ਕੀਤੀ, ਮਜ਼ਦੂਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਤੇ ਦਿਹਾੜੀ 700/- ਰੁਪਏ ਪ੍ਰਤੀ ਦਿਨ, ਪੰਚਾਇਤੀ ਜ਼ਮੀਨਾਂ ਵਿੱਚੋਂ 1/3 ਹਿੱਸੇ ਦੀ ਜ਼ਮੀਨ ਸਸਤੇ ਭਾਅ ਮਜ਼ਦੂਰਾਂ ਨੂੰ ਦੇਣੀ ਯਕੀਨੀ ਬਣਾਉਣ, ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਔਰਤਾਂ ਮਜ਼ਦੂਰਾਂ/ਕਿਸਾਨਾਂ ਦੇ ਸਮੁੱਚੇ ਕਰਜ਼ਾ ਮੁਆਫੀ, ਹਰ ਲੋੜਵੰਦ ਲਈ 10-10 ਮਰਲੇ ਦਾ ਪਲਾਟ ਦੇਣ ਤੇ ਮਕਾਨ ਉਸਾਰੀ ਲਈ ਗ੍ਰਾਂਟ ਜਾਰੀ ਕਰਨ, 5000/- ਰੁਪਏ ਪ੍ਰਤੀ ਮਹੀਨਾ ਬੁਢਾਪਾ, ਵਿਧਵਾ ਪੈਨਸ਼ਨ ਆਦਿ ਮੰਗਾਂ ਦੀ ਮੰਗ ਕੀਤੀ। ਇਸ ਸਮੇਂ ਗੋਬਿੰਦਪੁਰਾ ਦੇ ਵਸਨੀਕਾਂ ਦੇ ਉਜਾੜਾ ਭੱਤਾ ਤੇ ਨਿਯਮਾਂ ਤਹਿਤ ਹੋਏ ਸਮਝੌਤੇ ਨੂੰ ਲਾਗੂ ਕਰਕੇ ਸਰਕਾਰੀ ਨੌਕਰੀ ਤੇ ਮੁਆਵਜ਼ਾ ਦੇਣ ਸਬੰਧੀ ਮੁੱਖ ਮੰਤਰੀ ਤੋਂ ਮੰਗ ਕੀਤੀ ਗਈ। ਸੀਤਾ ਰਾਮ ਗੋਬਿੰਦਪੁਰਾ, ਨਰਿੰਦਰ ਕੌਰ ਆਹਲੂਪੁਰ, ਦਰਸ਼ਨ ਦਾਨੇਵਾਲਾ ਤੇ ਲਾਲ ਚੰਦ ਸਰਦੂਲਗੜ੍ਹ ਨੇ ਨਰਮਾ ਚੁਗਾਈ ਦੇ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਸਮੇਂ ਕੀਤੀ ਗਈ ਕਾਣੀ ਵੰਡ ਦੀ ਨਿਖੇਧੀ ਕੀਤੀ ਅਤੇ ਯੋਗ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇਣ ਦੀ ਮੰਗ ਕੀਤੀ। ਇਸ ਸਮੇਂ ਰੈਲੀ ਮੌਕੇ ਪੰਜਾਬ ਅੰਦਰ ਦਲਿਤਾਂ ਤੇ ਮਜ਼ਦੂਰਾਂ 'ਤੇ ਹੋ ਰਹੇ ਸਮਾਜਿਕ ਅੱਤਿਆਚਾਰ ਦੀ ਨਿਖੇਧੀ ਕਰਦਿਆਂ ਦੋਸ਼ੀਆਂ 'ਤੇ ਕਾਰਵਾਈ ਦੀ ਮੰਗ ਕੀਤੀ। ਹੋਰਨਾਂ ਤੋਂ ਇਲਾਵਾ ਮਨਜੀਤ ਕੌਰ ਗਾਮੀਵਾਲਾ, ਮਨਦੀਪ ਭੋਲਾ ਭੀਖੀ, ਸੁਖਦੇਵ ਮਾਨਸਾ, ਗਗਨ ਖੜਕ ਸਿੰਘ ਵਾਲਾ, ਕਮਲਪ੍ਰੀਤ ਕੌਰ, ਗੁਰਦੇਵ ਦਲੇਲ ਸਿੰਘ ਵਾਲਾ, ਹਾਕਮ ਸਿੰਘ ਮੈਂਬਰ, ਹਰਦੀਪ ਮੈਂਬਰ ਤੇ ਨੌਜਵਾਨ ਆਗੂ ਹਰਪ੍ਰੀਤ ਹਾਜ਼ਰ ਸਨ।

# ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਨੂੰ 12 ਸਾਲ ਕੈਦ ਤੇ ਸਵਾ ਲੱਖ ਰੁਪਏ ਜੁਰਮਾਨਾ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਹੈਰੋਇਨ ਬਰਾਮਦਗੀ ਦੇ ਇੱਕ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਬੌਬੀ ਵਰਮਾ ਵਾਸੀ ਸੈਕਟਰ 2ਏ ਮੰਡੀ ਗੋਬਿੰਦਗੜ੍ਹ ਨੂੰ ਫ਼ਤਹਿਗੜ੍ਹ ਸਾਹਿਬ ਦੀ ਇੱਕ ਸਪੈਸ਼ਲ ਅਦਾਲਤ ਵੱਲੋਂ ਕੈਦ ਦੀ ਸਜ਼ਾ ਅਤੇ ਇਸੇ ਮਾਮਲੇ 'ਚ ਦਿੱਲੀ ਤੋਂ ਗ੍ਰਿਫਤਾਰ ਕਰਕੇ ਲਿਆਂਦੇ ਗਏ ਨਾਇਜ਼ੀਰੀਅਨ ਮੂਲ ਦੇ ਜੀਨ ਸਾਇਰਿੱਲੀ ਨੂੰ ਮੁਕੱਦਮੇ 'ਚੋਂ ਬਰੀ ਕੀਤੇ ਜਾਣ ਦਾ ਹੁਕਮ ਸੁਣਾਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਿਤੀ 18/11/20 ਨੂੰ ਥਾਣਾ ਖਮਾਣੋਂ ਵਿਖੇ ਐਨ ਡੀ ਪੀ ਐਸ ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਬੌਬੀ ਵਰਮਾ ਵਾਸੀ ਮੰਡੀ ਗੋਬਿੰਦਗੜ੍ਹ ਨੂੰ ਗ੍ਰਿਫਤਾਰ ਕਰਦਿਆਂ ਖਮਾਣੋਂ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਖਮਾਣੋਂ ਦੇ ਬੋਪਾਰਾਏ ਢਾਬੇ ਨਜ਼ਦੀਕ ਸ਼ਾਮ ਨੂੰ ਚੈਕਿੰਗ ਕਰ ਰਹੀ ਪੁਲਸ ਪਾਰਟੀ ਵੱਲੋਂ ਕਾਰ 'ਚ ਆ ਰਹੇ ਬੌਬੀ ਵਰਮਾ ਨੂੰ ਰੋਕਿਆ ਗਿਆ, ਜਿਸ ਦੀ ਤਲਾਸ਼ੀ ਦੌਰਾਨ ਉਸ ਦੀ ਜੇਬ 'ਚੋਂ 70 ਗ੍ਰਾਮ ਹੈਰੋਇਨ ਬਰਾਮਦ ਹੋਣ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਸ ਦੀ ਨਿਸ਼ਾਨਦੇਹੀ 'ਤੇ ਮੰਡੀ ਗੋਬਿੰਦਗੜ੍ਹ ਸਥਿਤ ਉਸ ਦੇ ਘਰ ਦੇ ਸਟੋਰ 'ਚੋਂ 400 ਗ੍ਰਾਮ ਹੈਰੋਇਨ ਬਰਾਮਦ ਹੋਈ ਤੇ ਪੁੱਛਗਿੱਛ ਦੌਰਾਨ ਬੌਬੀ ਵਰਮਾ ਨੇ ਪੁਲਸ ਕੋਲ ਖੁਲਾਸਾ ਕੀਤਾ ਕਿ ਉਹ ਦਵਾਰਕਾ ਦਿੱਲੀ ਦੇ ਉੱਤਮ ਨਗਰ ਇਲਾਕੇ 'ਚੋਂ ਇੱਕ ਨਾਈਜ਼ੀਰੀਅਨ ਮੂਲ ਦੇ ਵਿਅਕਤੀ ਤੋਂ ਹੈਰੋਇਨ ਖਰੀਦ ਕੇ ਲਿਆਉਂਦਾ ਹੈ, ਜਿਸ ਦੀ ਨਿਸ਼ਾਨਦੇਹੀ 'ਤੇ ਪੁਲਸ ਪਾਰਟੀ ਨੇ ਦਿੱਲੀ ਵਿਖੇ ਛਾਪੇਮਾਰੀ ਕਰਦਿਆਂ ਜੀਨ ਸਾਇਰਿੱਲੀ ਕੋਫੀ ਨਾਮਕ ਨਾਈਜ਼ੀਰੀਅਨ ਮੂਲ ਦੇ ਕਥਿਤ ਵਿਅਕਤੀ ਨੂੰ ਕਾਬੂ ਕਰ ਲਿਆ ਜਿਸ ਦੀ ਜੇਬ 'ਚੋਂ 250 ਗ੍ਰਾਮ ਹੈਰੋਇਨ ਬਰਾਮਦ ਹੋਈ। ਮਾਮਲੇ ਦੀ ਅਦਾਲਤ 'ਚ ਚੱਲੀ ਸੁਣਵਾਈ ਦੌਰਾਨ ਪ੍ਰਾਸੀਕਿਊਸ਼ਨ ਅਤੇ ਬਚਾਅ ਪੱਖ ਵੱਲੋਂ ਪੇਸ਼ ਕੀਤੀਆਂ ਗਈਆਂ ਗਵਾਹੀਆਂ ਅਤੇ ਸਬੂਤਾਂ ਨੂੰ ਵਿਚਾਰਨ ਤੋਂ ਬਾਅਦ ਬੀਤੀ ਸ਼ਾਮ ਸਪੈਸ਼ਲ ਅਦਾਲਤ ਦੀ ਜੱਜ ਡਾ. ਹਰਪ੍ਰੀਤ ਕੌਰ ਨੇ ਬੌਬੀ ਵਰਮਾ ਨੂੰ ਮਾਮਲੇ 'ਚ 21(ਸੀ) ਐਨ ਡੀ ਪੀ ਐਸ ਐਕਟ ਤਹਿਤ ਦੋਸ਼ੀ ਮੰਨਦਿਆਂ 12 ਸਾਲ ਕੈਦ ਬਾਮੁਸ਼ੱਕਤ ਅਤੇ ਸਵਾ ਲੱਖ ਰੁਪਏ ਜੁਰਮਾਨਾ, 21(ਬੀ) ਐਨ ਡੀ ਪੀ ਐਸ ਐਕਟ ਤਹਿਤ ਦੋਸ਼ੀ ਮੰਨਦਿਆਂ ਦੋ ਸਾਲ ਕੈਦ ਬਾਮੁਸ਼ੱਕਤ ਅਤੇ ਦੋ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ ਜਦੋਂ ਕਿ ਜੀਨ ਸਾਇਰਿੱਲੀ ਕੋਫੀ ਨੂੰ ਮਾਮਲੇ 'ਚ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰਨ ਦਾ ਹੁਕਮ ਸੁਣਾਇਆ ਹੈ।

# ਪੰਚਾਂ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ

## ਮਾਮਲਾ ਪਿੰਡ ਲਾਲੇਆਣਾ 'ਚ ਅਧਿਕਾਰਤ ਪੰਚ ਦੀ ਚੋਣ ਨਾ ਕਰਵਾਏ ਜਾਣ ਦਾ




ਲਾਲੇਆਣਾ ਦੇ ਉਨ੍ਹਾਂ ਬਹੁਗਿਣਤੀ ਪੰਚਾਂ ਦੀ ਤਸਵੀਰ ਜਿਹੜੇ ਆਪਣੇ ਨਾਲ ਹੋ ਰਹੀ ਜ਼ਿਆਦਤੀ ਦੀ ਗੁਹਾਰ ਲਾ ਰਹੇ ਹਨ।

**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬੀ ਬੋਲੀ ਦਾ ਇਹ ਮੁਹਾਵਰਾ ਅਖੇ "ਪੰਚਾਂ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥ" ਪਿੰਡ ਲਾਲੇਆਣਾ ਦੇ ਉਨ੍ਹਾਂ ਪੰਜ ਪੰਚਾਂ ਉਪਰ ਪੂਰਾ ਢੁੱਕ ਗਿਆ ਹੈ, ਬਹੁਸੰਮਤੀ ਦਾ ਸਮਰਥਨ ਹੁੰਦੇ ਹੋਏ ਵੀ ਜਿਨ੍ਹਾਂ ਨੂੰ ਸਰਪੰਚ (ਅਧਿਕਾਰਤ ਪੰਚ) ਦੀ ਚੋਣ ਕਰਨ ਲਈ ਬੀ ਡੀ ਪੀ ਓ ਵੱਲੋਂ ਬੁਲਾਈਆਂ ਮੀਟਿੰਗਾਂ 'ਚੋਂ ਮੁੜ ਮੁੜ ਖਾਲੀ ਹੱਥ ਪਰਤਣਾ ਪੈਂਦਾ ਚਲਿਆ ਆ ਰਿਹਾ ਹੈ। ਮਾਜਰਾ ਕੁਝ ਇਸ ਤਰ੍ਹਾਂ ਹੈ ਕਿ ਪਿੰਡ ਲਾਲੇਆਣਾ ਦਾ ਸਰਪੰਚ ਗੁਰਮੇਲ ਸਿੰਘ ਉਥੇ ਹੋਈ ਦੱਸੀ ਜਾਂਦੀ ਦਰੱਖਤਾਂ ਦੀ ਕਿਸੇ ਕਥਿਤ ਧਾਂਦਲੀ 'ਚ ਮੁਅੱਤਲੀ ਅਧੀਨ ਚੱਲ ਰਿਹਾ ਹੈ। ਕਾਫਲੇ ਗੌਰ ਹੈ ਕਿ ਸਰਪੰਚ ਦੀ ਆਪਣੇ ਅਹੁਦੇ ਤੋਂ ਮੁਅੱਤਲੀ ਦੇ ਚਲਦਿਆਂ ਉਕਤ ਪਿੰਡ 'ਚ ਅਧਿਕਾਰਤ ਪੰਚ ਚੁਣੇ ਜਾਣ ਦੀ ਕਵਾਇਦ ਮਹਿਕਮਾ ਪੰਚਾਇਤ ਵੱਲੋਂ ਸ਼ੁਰੂ ਕੀਤੀ ਗਈ ਹੈ। ਮੁਅੱਤਲੀ ਅਧੀਨ ਸਰਪੰਚ ਤੋਂ ਬਿਨਾਂ ਉਥੇ ਚੁਣੇ ਹੋਏ ਕੁੱਲ ਨੌਂ ਪੰਚਾਂ ਵਿੱਚੋਂ ਪੰਜ ਪੰਚਾਂ ਨੇ ਇਹ ਦੋਸ਼ ਲਾਇਆ ਹੈ ਕਿ ਮਹਿਕਮੇ ਦਾ ਸੰਬੰਧਤ ਚੋਣ ਅਧਿਕਾਰੀ ਕਮ ਬੀ ਡੀ ਪੀ ਓ ਤਲਵੰਡੀ ਸਾਬੋ ਉਨ੍ਹਾਂ ਦੀ ਪੰਚਾਇਤ ਦੇ ਸਰਪੰਚ (ਅਧਿਕਾਰਤ ਪੰਚ) ਦੀ ਚੋਣ ਕਰਵਾਉਣ ਲਈ ਤਿੰਨ ਵਾਰ ਮੀਟਿੰਗਾਂ ਸੱਦ ਚੁੱਕਾ ਹੈ। ਪੰਚਾਂ ਨੇ ਕਿਹਾ ਕਿ ਉਨ੍ਹਾਂ ਕੋਲ ਬਹੁਮੱਤ ਹੈ, ਇਸ ਲਈ ਹਕੂਮਤੀ ਧੜੇ ਦਾ ਸਰਪੰਚ ਨਾ ਚੁਣਿਆ ਜਾਂਦਾ ਵੇਖ ਕੇ ਚੋਣ ਅਧਿਕਾਰੀ ਵੱਲੋਂ ਆਨੇ-ਬਹਾਨੇ ਉਕਤ ਚੋਣ ਐਨ ਮੌਕੇ ਉਪਰ ਆ ਕੇ ਟਾਲ ਦਿੱਤੀ ਜਾਂਦੀ ਹੈ।

ਪੰਚਾਂ ਦੇ ਉਕਤ ਗਰੁੱਪ ਨੇ ਦੋਸ਼ ਲਾਇਆ ਹੈ ਕਿ ਪ੍ਰਸ਼ਾਸਨਕ ਪੰਚਾਇਤ ਅਧਿਕਾਰੀ ਵੱਲੋਂ ਕਥਿਤ ਤੌਰ 'ਤੇ ਹਕੂਮਤੀ ਪਾਰਟੀ ਦੀ ਖੁਸ਼ੀ ਪ੍ਰਾਪਤ ਕਰਨ ਲਈ ਇੱਕ ਪੁਲੀਟੀਕਲੀ ਸਾਜ਼ਸ਼ ਦੇ ਚਲਦਿਆਂ ਚੁਣੇ ਹੋਏ ਬਹੁਗਿਣਤੀ ਪੰਚਾਂ ਦੇ ਹੱਕਾਂ ਉਪਰ ਡਾਕਾ ਮਾਰਿਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਪੱਖ ਜਾਣਨ ਲਈ ਜਦੋਂ ਉਕਤ ਚੋਣ ਅਧਿਕਾਰੀ ਕਮ ਬੀ ਡੀ ਪੀ ਓ ਤਲਵੰਡੀ ਸਾਬੋ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਉਕਤ ਪਿੰਡ ਲਾਲੇਆਣਾ ਦੇ ਸਰਪੰਚ ਦੀ ਮੁਅੱਤਲੀ ਦੇ ਚਲਦਿਆਂ ਉਥੇ ਅਧਿਕਾਰਤ ਪੰਚ ਦੀ ਚੋਣ ਕੀਤੀ ਜਾਣੀ ਹੈ। ਸਵਾਲਾਂ ਦੇ ਜਵਾਬ 'ਚ ਉਨ੍ਹਾ ਕਿਹਾ ਕਿ ਸਾਰੇ ਪੰਚਾਂ ਦੇ ਹਾਜ਼ਰ ਨਾ ਆਉਣ ਦੀ ਵਜ੍ਹਾ ਕਰਕੇ ਉਕਤ ਚੋਣ ਨਹੀਂ ਹੋ ਸਕੀ। ਉਨ੍ਹਾ ਕਿਹਾ ਕਿ ਆਉਂਦੇ ਦਿਨਾਂ ਵਿੱਚ ਉਥੇ ਅਧਿਕਾਰਤ ਪੰਚ ਦੀ ਚੋਣ ਕਰਵਾ ਦਿੱਤੀ ਜਾਵੇਗੀ।

## ਕਾਤਰਾਂ

### ਸਰਕਾਰ ਰੇਤਾ ਸਸਤਾ ਕਰਨ ਦੇ ਮਾਮਲੇ 'ਚ ਚੰਨੀ ਦੇ ਮੁਕਾਬਲੇ ਬੁਰੀ ਤਰ੍ਹਾਂ ਫੇਲ੍ਹ : ਧੌਂਸੀ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਪੰਜਾਬ ਸਰਕਾਰ ਰੇਤਾ ਸਸਤਾ ਕਰਨ ਦੇ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਮੁਕਾਬਲੇ ਬੁਰੀ ਤਰ੍ਹਾਂ ਫੇਲ੍ਹ ਰਹੀ। ਇਸ ਗੱਲ ਦਾ ਪ੍ਰਗਟਾਵਾ ਜ਼ਿਲ੍ਹਾ ਕਾਂਗਰਸ ਪਾਰਟੀ ਦੇ ਬੁਲਾਰੇ ਡਬਲਜੀਤ ਸਿੰਘ ਢੌਂਸੀ ਨੇ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 5.50 ਰੁਪਏ ਰੇਤ ਦੀ ਪਾਲਿਸੀ ਜ਼ਰੂਰ ਅਨਾਊਂਸ ਕੀਤੀ ਗਈ ਹੈ, ਪਰ ਛੋਟੇ ਟਰਾਂਸਪੋਰਟਰਾਂ ਲਈ ਟਰੈਕਟਰ-ਟਰਾਲੀਆਂ ਵਾਸਤੇ ਹੈ, ਪਰ ਰੇਤਾ ਉਹੀ ਰੇਟ ਮਿਲਦਾ ਰਿਹਾ ਹੈ ਤੇ ਵੱਡੇ ਟਰਾਸਪੋਟਰਾਂ ਨੂੰ ਜਿਵੇਂ ਟਿੱਪਰ ਜਾਂ ਵੱਡੇ ਟਰਾਲੇ ਨੇ ਉਨ੍ਹਾਂ ਨੂੰ 20 ਰੁਪਏ ਫੁੱਟ ਮਿਲਦਾ ਰਿਹਾ ਹੈ, ਪਰ ਚਰਨਜੀਤ ਚੰਨੀ ਦੀ 5.50 ਰੁਪਏ ਵਾਲੀ ਪਾਲਿਸੀ 'ਚ ਸਾਰੇ ਟਰਾਂਸਪੋਰਟਰਾਂ ਲਈ 5.50 ਰੁਪਏ ਇੱਕੋ ਰੇਟ ਹੀ ਸੀ, ਆਮ ਆਦਮੀ ਦੀ ਸਰਕਾਰ ਝੂਠਾ ਪ੍ਰਚਾਰ ਕਰ ਰਹੀ ਹੈ।

### ਇੰਜ. ਚਰਨਜੀਤ ਸਿੰਘ ਨੇ ਪਾਵਰਕਾਮ ਐਕਸੀਅਨ ਵਜੋਂ ਚਾਰਜ ਸੰਭਾਲਿਆ



**ਧੂਰੀ (ਸੁਖਦੇਵ ਧੂਰੀ)**-ਇੰਜੀਨੀਅਰ ਚਰਨਜੀਤ ਸਿੰਘ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਦੇ ਐਕਸੀਅਨ ਵਜੋਂ ਚਾਰਜ ਸੰਭਾਲਿਆ। ਇਸ ਮੌਕੇ ਇੰਜ: ਚਰਨਜੀਤ ਸਿੰਘ ਨੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ਼ ਨਿਭਾਉਣਗੇ ਅਤੇ ਉਨ੍ਹਾਂ ਕਿਹਾ ਕਿ ਪਾਵਰ ਕਾਮ ਦਫ਼ਤਰ ਵਿਖੇ ਆਉਣ ਵਾਲੇ ਕਿਸੇ ਵੀ ਖਪਤਕਾਰ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਇੰਜ ਚਰਨਜੀਤ ਸਿੰਘ ਵੱਲੋਂ ਅਹੁਦਾ ਸੰਭਾਲਣ ਉਪਰੰਤ ਸਬ ਡਵੀਜ਼ਨ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ।

### ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਦਿਵਿਆਂਗ ਸਹਾਇਤਾ ਕੈਂਪ 20 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ ਵਿਕਾਸ ਪ੍ਰੀਸ਼ਦ ਫਿਰੋਜ਼ਪੁਰ ਸ਼ਹਿਰ ਵੱਲੋਂ 20 ਫਰਵਰੀ ਦਿਨ ਸੋਮਵਾਰ ਨੂੰ ਦਿਵਿਆਂਗ ਸਹਾਇਤਾ ਕੈਂਪ ਬਾਗਵਾਨ (ਬਿਰਧ ਆਸ਼ਰਮ) ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਾਰਤ ਵਿਕਾਸ ਪ੍ਰੀਸ਼ਦ ਆਗੂ ਨੇ ਦੱਸਿਆ ਕਿ ਦਿਵਿਆਂਗ ਸਹਾਇਤਾ ਕੈਂਪ ਪ੍ਰੇਮ ਸ਼ਰਮਾ ਅਤੇ ਰਮਨ ਕੁਮਾਰ ਸ਼ਰਮਾ ਵੱਲੋਂ ਆਪਣੀ ਸਪੁੱਤਰੀ ਸਵ. ਚੇਤਨਾ ਮਲਹੋਤਰਾ ਦੀ ਯਾਦ 'ਚ ਲਗਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਕੈਂਪ 'ਚ ਲੋੜਵੰਦ ਦਿਵਿਆਂਗ ਵਿਅਕਤੀਆਂ ਨੂੰ ਬਨਾਵਟੀ ਅੰਗ, ਟਰਾਈ ਸਾਈਕਲ, ਵਹੀਲ ਚੇਅਰ, ਬੈਸਾਖੀ, ਵਾਕਰ, ਫੌੜ੍ਹੀਆਂ, ਉੱਚਾ ਸੁਣਨ ਵਾਲਿਆਂ ਨੂੰ ਕੰਨਾਂ ਦੀਆਂ ਮਸ਼ੀਨਾਂ ਮੁਫ਼ਤ ਦਿੱਤੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਲੋੜਵੰਦ ਵਿਅਕਤੀ ਜਿਨ੍ਹਾਂ ਦੀ ਆਮਦਨ 30 ਹਜ਼ਾਰ ਰੁਪਏ ਮਹੀਨਾ ਤੋਂ ਘੱਟ ਹੈ, ਉਹੀ ਵਿਅਕਤੀ ਆਪਣਾ ਦਿਵਿਆਂਗ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਆਧਾਰ ਕਾਰਡ ਅਤੇ ਦੋ ਪਾਸਪੋਰਟ ਸਾਈਜ਼ ਫ਼ੋਟੋ ਨਾਲ ਲੈ ਕੇ ਆਉਣ।

### 30 ਪਰਵਾਰਾਂ ਨੂੰ ਵੰਡਿਆ ਰਾਸ਼ਨ

**ਜਗਰਾਓਂ (ਅਮਿਤ ਖੰਨਾ)**-ਸਮਾਜ ਸੇਵੀ ਸੰਸਥਾ 'ਕਰ ਭਲਾ ਹੋ ਭਲਾ' ਵੱਲੋਂ 30 ਪਰਵਾਰਾਂ ਨੂੰ ਰਾਸ਼ਨ ਤਕਸੀਮ ਕੀਤਾ। ਇਸ ਮੌਕੇ ਚੇਅਰਮੈਨ ਅਮਿਤ ਅਰੋੜਾ ਨੇ ਦੱਸਿਆ ਸੰਸਥਾ ਵੱਲੋਂ ਪਿਛਲੇ 32 ਮਹੀਨਿਆਂ ਤੋਂ ਹਰੇਕ ਮਹੀਨੇ ਲੋੜਵੰਦ 30 ਪਰਵਾਰਾਂ ਨੂੰ ਸੁੱਕਾ ਰਾਸ਼ਨ ਦਿੱਤਾ ਜਾ ਰਿਹਾ ਹੈ ਤਾਂ ਜੁ ਉਨ੍ਹਾਂ ਦੇ ਪਰਵਾਰਾਂ ਨੂੰ ਰੋਟੀ ਨਸੀਬ ਹੋ ਸਕੇ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਮਰੀਜ਼ਾਂ ਲਈ ਮੁਫ਼ਤ ਐਂਬੂਲੈਂਸ ਦੀ ਸੇਵਾ ਦਿੱਤੀ ਜਾ ਰਹੀ। ਇਸ ਮੌਕੇ ਜਗਦੀਸ਼ ਖੁਰਾਣਾ, ਵਿਸ਼ਾਲ ਸ਼ਰਮਾ, ਰਾਹੁਲ, ਭੁਪਿੰਦਰ ਸਿੰਘ ਮੁਰਲੀ, ਨਾਨੇਸ਼ ਗਾਂਧੀ ਤੇ ਸੁਨੀਲ ਬਜਾਜ ਆਦਿ ਹਾਜ਼ਰ ਸਨ।

# ਸੀ ਪੀ ਆਈ ਵੱਲੋਂ ਬਜਟ ਵਿਰੋਧੀ ਮੁਜ਼ਾਹਰਾ ਸੰਗਰੂਰ 'ਚ 13 ਨੂੰ : ਸੁਖਦੇਵ ਸ਼ਰਮਾ

**ਸੰਗਰੂਰ (ਪ੍ਰਵੀਨ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸੰਗਰੂਰ ਦੇ ਸਕੱਤਰ ਸਾਥੀ ਕਾ. ਸੁਖਦੇਵ ਸ਼ਰਮਾ, ਮੀਤ ਸਕੱਤਰ ਭਰਪੂਰ ਸਿੰਘ ਬੁਲਾਂਪੁਰ ਤੇ ਨਿਰਮਲ ਸਿੰਘ ਬਟਰਿਆਣਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਕੇਂਦਰੀ ਪਾਰਟੀ ਦੇ ਸੱਦੇ 'ਤੇ 13 ਫਰਵਰੀ ਨੂੰ ਬਜਟ ਵਿਰੋਧੀ ਦਿਵਸ ਤੇ ਅਡਾਨੀ ਵਰਤਾਰੇ ਖਿਲਾਫ ਸਾਂਝੀ ਸੰਸਦ ਕਮੇਟੀ ਤੋਂ ਜਾਂਚ ਦੀ ਮੰਗ ਨੂੰ ਲੈ ਕੇ ਮੁਜ਼ਾਹਰਾ ਕੀਤਾ ਜਾਵੇਗਾ। 13 ਫਰਵਰੀ ਨੂੰ ਅਗਲੇ ਸੰਘਰਸ਼ ਨੂੰ ਲੈ ਕੇ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਹੋਵੇਗੀ, ਜਿਸ ਵਿੱਚ ਨਵੀਨੀਕਰਨ ਤੇ ਫਾਸਿਜ਼ਮ ਵਿਰੋਧੀ ਫਰੰਟ ਵੱਲੋਂ ਕੀਤੀ ਜਾ ਰਹੀ 10 ਮਾਰਚ ਦੀ ਤਿਆਰੀ ਸਬੰਧੀ ਫੈਸਲੇ ਲਏ ਜਾਣਗੇ। ਉਪਰੋਕਤ ਆਗੂਆਂ ਨੇ ਦੱਸਿਆ ਕਿ ਵਨ-ਵੇ ਬਣਾਉਣ ਦੇ ਨਾਮ 'ਤੇ ਸੁਨਾਮ, ਧੂਰੀ, ਲਹਿਰਾਗਾਗਾ ਤੇ ਸੰਗਰੂਰ ਤਹਿਸੀਲ ਦੇ ਪਿੰਡਾਂ ਦੇ ਲੋਕਾਂ ਦਾ ਸੰਗਰੂਰ ਦੇ ਜ਼ਿਲ੍ਹਾ ਹਸਪਤਾਲ ਆਉਣਾ-ਜਾਣਾ ਦੁੱਭਰ ਕਰ ਦਿੱਤਾ ਹੈ। ਇਥੇ ਵਰਨਣਯੋਗ ਹੈ ਕਿ ਹਸਪਤਾਲ ਦੇ ਸਾਹਮਣੇ ਦਵਾਈਆਂ ਦੀਆਂ ਦੁਕਾਨਾਂ ਦੇ ਸਾਹਮਣੇ ਪ੍ਰਾਈਵੇਟ ਗੱਡੀਆਂ ਸਾਰੀ ਸੜਕ ਰੋਕ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ।

ਟ੍ਰੈਫਿਕ ਪੁਲਸ ਦਾ ਨਾਲ ਨਾਕਾ ਹੋਵੇ ਤਾਂ ਵੀ ਨਜ਼ਰ ਨਹੀਂ ਆਉਂਦਾ। ਸੀ.ਪੀ.ਆਈ. ਮੰਗ ਕਰਦੀ ਹੈ ਕਿ ਮਹਾਂਵੀਰ ਚੌਕ ਤੇ ਬੱਸ ਸਟੈਂਡ ਨੂੰ ਜਾਣ ਦਾ ਰਸਤਾ ਬੰਦ ਨਾ ਕੀਤਾ ਜਾਵੇ ਨਹੀਂ ਤਾਂ ਮਜਬੂਰਨ ਸੰਘਰਸ਼ ਦੇ ਰਾਹ ਪੈਣਾ ਪਵੇਗਾ।

# ਪਾਵਰਕਾਮ ਪੈਨਸ਼ਨਰਾਂ ਨੇ ਮੈਨੇਜਮੈਂਟ ਦੀ ਅਰਥੀ ਫੂਕੀ

**ਸਮਰਾਲਾ (ਸੁਰਜੀਤ ਸਿੰਘ)**

ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਮੰਡਲ ਸਮਰਾਲਾ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਸਿਕੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੰਪਲੇਂਟ ਸੈਂਟਰ ਖੰਨਾ ਰੋਡ ਵਿਖੇ ਅਰਥੀ ਫੂਕ ਮੁਜ਼ਾਹਰਾ ਕਰਨ ਉਪਰੰਤ ਵਿਸ਼ਾਲ ਧਰਨਾ ਦਿੱਤਾ ਗਿਆ। ਸਭ ਤੋਂ ਪਹਿਲਾਂ ਵਿੱਛੜ ਗਏ ਮੈਂਬਰ, ਜਿਨ੍ਹਾਂ ਵਿੱਚ ਅੰਮ੍ਰਿਤ ਸਰੂਪ ਫੋਰਮੈਨ ਸਮਰਾਲਾ, ਰਣਜੀਤ ਕੌਰ ਪਤਨੀ ਰਾਮ ਕ੍ਰਿਸ਼ਨ ਘੁਲਾਲ, ਸ਼ਾਂਤੀ ਦੇਵੀ ਪਤਨੀ ਬਚਨ ਲਾਲ ਮਾਲੀ ਨੀਲੋਂ, ਮਹਿੰਦਰ ਕੌਰ ਪਤਨੀ ਜਰਨੈਲ ਸਿੰਘ ਸ਼ਮਸ਼ਪੁਰ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।



ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਮੰਡਲ ਸਮਰਾਲਾ ਵੱਲੋਂ ਧਰਨੇ ਦਾ ਦ੍ਰਿਸ਼।

ਮੋਰਚਾ 19 ਫਰਵਰੀ ਨੂੰ ਮੋਹਾਲੀ ਵਿਖੇ ਦਿੱਤੇ ਜਾ ਰਹੇ ਵਿਸ਼ਾਲ ਧਰਨੇ ਵਿੱਚ ਵੀ ਸ਼ਮੂਲੀਅਤ ਕਰਨਗੇ। ਅੱਜ ਦੇ ਰੋਸ ਮੁਜ਼ਾਹਰੇ ਵਿੱਚ ਉਪਰੋਕਤ ਤੋਂ ਇਲਾਵਾ ਹਰਪਾਲ ਸਿੰਘ ਸਿਹਾਲਾ, ਮਹੇਸ਼ ਕੁਮਾਰ ਖਮਾਣੋਂ, ਅਸ਼ੋਕ ਕੁਮਾਰ ਖਮਾਣੋਂ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਜਸਵੰਤ ਸਿੰਘ ਢੰਡਾ, ਅਮਰਜੀਤ ਸਿੰਘ ਮਾਛੀਵਾੜਾ, ਰਾਜਿੰਦਰਪਾਲ ਵਡੇਰਾ ਡਿਪਟੀ ਸੀ.ਏ.ਓ., ਦਰਸ਼ਨ ਸਿੰਘ ਕੋਟਾਲਾ, ਅਮਰੀਕ ਸਿੰਘ ਮੁਸ਼ਕਾਬਾਦ, ਪ੍ਰੇਮ ਚੰਦ ਭਲਾ ਲੋਕ, ਇੰਜੀ. ਦਰਸ਼ਨ ਸਿੰਘ ਖਜ਼ਾਨਚੀ, ਸੰਗਤ ਸਿੰਘ ਸੇਖੋਂ, ਪ੍ਰੇਮ ਕੁਮਾਰ ਸਮਰਾਲਾ, ਭੁਪਿੰਦਰਪਾਲ ਚਹਿਲਾਂ, ਇੰਜੀ. ਪ੍ਰੇਮ ਸਿੰਘ ਸਾਬਕਾ ਐੱਸ.ਡੀ.ਓ. ਆਦਿ ਨੇ ਸੰਬੋਧਨ ਕਰਦਿਆਂ ਅਰਥੀ ਨੂੰ ਲਾਂਬੂ ਲਾਇਆ ਅਤੇ ਮੈਨੇਜਮੈਂਟ/ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਅਖੀਰ ਵਿੱਚ ਸਿਕੰਦਰ ਸਿੰਘ ਮੰਡਲ ਪ੍ਰਧਾਨ ਵੱਲੋਂ ਧਰਨਾ/ਅਰਥੀ ਫੂਕ ਮੁਜ਼ਾਹਰੇ ਵਿੱਚ ਸ਼ਾਮਲ ਮੈਂਬਾਰਨ ਦਾ ਧੰਨਵਾਦ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਇੰਜੀ. ਜੁਗਲ ਕਿਸ਼ੋਰ ਸਾਹਨੀ ਨੇ ਬਾਖੂਬੀ ਨਿਭਾਈ।

ਇਸ ਧਰਨੇ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਕੱਤਰ ਇੰਜੀ. ਜੁਗਲ ਕਿਸ਼ੋਰ ਸਾਹਨੀ ਨੇ ਦੱਸਿਆ ਕਿ ਮੈਨੇਜਮੈਂਟ ਵੱਲੋਂ ਲੰਮੇ ਸਮੇਂ ਤੋਂ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਟਾਲਾ ਵੱਟਿਆ ਜਾ ਰਿਹਾ ਅਤੇ ਸਮਝੌਤੇ ਕਰਕੇ ਵੀ ਲਾਗੂ ਨਹੀਂ ਕੀਤੇ ਜਾ ਰਹੇ। ਅੱਜ ਦੇ ਧਰਨੇ ਵਿੱਚ ਧਰਨਾਕਾਰੀਆਂ ਨੇ ਮੰਗ ਕੀਤੀ ਕਿ ਪੇ ਸਕੇਲ 01-01-2016 ਤੋਂ ਪਹਿਲਾਂ ਰਟਾਇਰ ਹੋਏ ਪੈਸ਼ਨਰਾਂ ਦੇ ਪੇ ਸਕੇਲ 2.59 ਪ੍ਰਤੀਸ਼ਤ ਰਾਹੀਂ ਸੋਧੇ ਜਾਣ, 23 ਸਾਲਾ ਸਕੇਲ ਦਿੱਤਾ ਜਾਵੇ, ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕੀਤੀ ਜਾਵੇ। ਮੈਡੀਕਲ ਭੱਤਾ ਘੱਟੋ ਘੱਟ 2500 ਰੁਪਏ ਕੀਤਾ ਜਾਵੇ। ਬਿਜਲੀ ਵਰਤੋਂ ਦੀ ਰਿਆਇਤ ਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਬਕਾਇਆ ਵੀ ਜਾਰੀ ਕੀਤਾ ਜਾਵੇ। ਇਸ ਮੌਕੇ ਸਿਕੰਦਰ ਸਿੰਘ ਪ੍ਰਧਾਨ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ 7 ਮਾਰਚ ਨੂੰ ਮੰਗਾਂ ਦੀ ਪ੍ਰਾਪਤੀ ਲਈ ਸਰਕਾਰ ਤੇ ਮੈਨੇਜਮੈਂਟ ਖਿਲਾਫ ਪਟਿਆਲਾ ਹੈੱਡ ਆਫਿਸ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ/ਪਾਵਰਕਾਮ ਮੈਨੇਜਮੈਂਟ ਦੀ ਹੋਵੇਗੀ। ਇਸ ਤੋਂ ਇਲਾਵਾ ਪੰਜਾਬ ਦੇ ਪੈਨਸ਼ਨਰਾਂ ਨਾਲ ਸਾਂਝਾ ਸੰਘਰਸ਼

# 'ਆਪ' ਸਰਕਾਰ ਮੁਫਤ ਨਹੀਂ ਵੰਡ ਰਹੀ, ਸਮਾਜਕ ਬਰਾਬਰੀ ਲਿਆ ਰਹੀ : ਹਰਪਾਲ ਸਿੰਘ ਚੀਮਾ



**ਸੁਨਾਮ ਊਧਮ ਸਿੰਘ ਵਾਲਾ (ਜਸਪ੍ਰੀਤ ਸਿੰਘ ਸੱਗੂ)**-ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਪਿੱਛੇ ਨਹੀਂ ਹਟੇਗੀ ਅਤੇ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਸੂਬੇ 'ਚ ਸਮਾਜਕ ਬਰਾਬਰੀ ਲਿਆਉਣੀ ਜ਼ਰੂਰੀ ਹੈ। ਇਸ ਨੂੰ ਰਿਉੜੀ ਦੀ ਮੁਫਤ ਵੰਡ ਜਾਂ ਵੰਡ ਨਹੀਂ ਕਿਹਾ ਜਾ ਸਕਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁਫਤ ਰਿਉੜੀ ਨੂੰ ਵੰਡਣ ਦੇ ਸੱਭਿਆਚਾਰ ਨੂੰ ਖਤਮ ਕਰਨ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਪੰਜਾਬ 'ਚ ਸਿਹਤ ਅਤੇ ਸਿੱਖਿਆ ਖੇਤਰ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦਾ ਉਦੇਸ਼ ਗਰੀਬ ਅਤੇ ਅਮੀਰ ਦਾ ਦਾਇਰਾ ਖਤਮ ਕਰਨਾ ਅਤੇ ਹਰ ਘਰ ਤੱਕ ਦੋਵੇਂ ਸਹੂਲਤਾਂ ਪਹੁੰਚਾਉਣਾ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਟੀ ਭਾਜਪਾ ਨੇ ਪੰਜਾਬ 'ਚ ਅਕਾਲੀ ਦਲ ਨਾਲ ਸੱਤਾ 'ਚ ਹੁੰਦਿਆਂ ਪੰਜਾਬ ਦੀ ਸਰਕਾਰੀ ਜਾਇਦਾਦ ਵੇਚ ਦਿੱਤੀ ਸੀ ਪਰ 'ਆਪ' ਸਰਕਾਰ ਪੰਜਾਬ ਨੂੰ ਆਰਥਕ ਤੌਰ 'ਤੇ ਮੁੜ ਖੜ੍ਹਾ ਕਰਨ ਲਈ ਯਤਨਸ਼ੀਲ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਤੇ ਨਜਾਇਜ਼ ਕਬਜ਼ਿਆਂ ਵਿਰੁੱਧ 'ਆਪ' ਸਰਕਾਰ ਦੀ ਲੜਾਈ ਜਾਰੀ ਰਹੇਗੀ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਸਾਰੀਆਂ ਗਾਰੰਟੀਆਂ ਪੂਰੀਆਂ ਕਰੇਗੀ ਅਤੇ ਸੱਤਾ 'ਚ ਆਉਂਦੇ ਹੀ ਪੰਜਾਬ ਸਰਕਾਰ ਨੇ 25,000 ਨੌਜਵਾਨਾਂ ਨੂੰ ਨੌਕਰੀ ਦੇ ਨਿਯੁਕਤੀ ਪੱਤਰ ਜਾਰੀ ਕੀਤੇ ਹਨ ਜੋ ਕਿ ਆਪਣੇ ਆਪ 'ਚ ਇੱਕ ਰਿਕਾਰਡ ਹੈ ਜਦੋਂਕਿ ਪਿਛਲੀਆਂ ਸਰਕਾਰਾਂ ਪਿਛਲੇ ਰਹਿੰਦੇ ਟਾਈਮ ਹੀ ਅਜਿਹੇ ਨਿਯੁਕਤੀ ਪੱਤਰ ਵੰਡਦੀਆਂ ਰਹੀਆਂ। ਉਨ੍ਹਾ ਕਿਹਾ ਕਿ ਸਰਕਾਰ ਪੰਜਾਬ ਦੇ ਵਿਕਾਸ 'ਚ ਕੋਈ ਕਮੀ ਨਹੀ ਛੱਡੇਗੀ ਅਤੇ ਆਉਣ ਵਾਲੇ ਦਿਨਾਂ 'ਚ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਆਪ ਆਗੂ ਗਮਦੂਰ ਸਿੰਘ ਆਦਿ ਵੀ ਹਾਜ਼ਰ ਸਨ।

# ਸੇਵਾਮੁਕਤ ਕਾਮਿਆਂ ਦਾ ਏਟਕ ਪੰਜਾਬ ਡਵੀਜ਼ਨ ਵੱਲੋਂ ਸ਼ਾਨਦਾਰ ਸਨਮਾਨ ਸਮਾਰੋਹ




**ਰਾਜਪੁਰਾ (ਰਮੇਸ਼ ਕਟਾਰੀਆ)**

ਸੇਵਾਮੁਕਤ ਯੂਨਿਟ ਵੱਲੋਂ ਪ੍ਰਧਾਨ ਸਾਥੀ ਰਾਮ ਰਤਨ ਦੀ ਅਗਵਾਈ ਹੇਠ ਤੇ ਸੇਵਾਮੁਕਤ ਯੂਨਿਟ ਏਟਕ ਪੰਜਾਬ ਦੇ ਸਰਪ੍ਰਸਤ ਸਾਥੀ ਹਰਭਜਨ ਸਿੰਘ ਪਿਲਖਣੀ ਦੀ ਅਗਵਾਈ ਵਿੱਚ ਸ਼ਾਨਦਾਰ ਢੰਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਧੀਆ ਤਰੀਕੇ ਨਾਲ ਕੀਤਾ ਗਿਆ। ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਪਹੁੰਚੇ ਸੈਂਕੜੇ ਸੇਵਾਮੁਕਤ ਸਾਥੀਆਂ ਨੂੰ ਬੋਲਦੇ ਹੋਏ ਦੱਸਿਆ ਕਿ ਮੋਦੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਾਂ 'ਤੇ ਨਵਾਂ ਕਾਨੂੰਨ ਬਣਾ ਕੇ ਪੈਨਸ਼ਨਰਾਂ 'ਤੇ ਕਟੌਤੀ ਲਈ ਤਿਆਰ ਹੈ, ਜਿਹੜੇ ਮੁਲਾਜ਼ਮਾਂ ਤੇ ਮਜ਼ਦੂਰਾਂ ਕਿਰਤੀ ਲੋਕਾਂ ਦੇ ਹੱਕਾਂ ਲਈ ਕਾਨੂੰਨ ਬਣਾਏ ਹੋਏ ਸਨ, ਉਨ੍ਹਾਂ ਨੂੰ ਤੋੜ-ਮਰੋੜ ਕੇ ਚਾਰ ਕਾਨੂੰਨ ਧਨਾਢ ਲੋਕਾਂ ਦੇ ਹੱਕਾਂ ਲਈ ਬਣਾ ਰਹੀ ਹੈ। ਜੇਕਰ ਮੁਲਾਜ਼ਮ ਨਾਲ ਇਸੇ ਤਰ੍ਹਾਂ ਹੀ ਸਰਕਾਰ ਕਰਦੀ ਰਹੀ ਤਾਂ ਮੁਲਾਜ਼ਮ ਅਤੇ ਸੇਵਾਮੁਕਤ ਕਾਮੇ ਤਕੜਾ ਸੰਘਰਸ਼ ਕਿਸਾਨਾਂ ਦੀ ਤਰਜ਼ 'ਤੇ ਦੇ ਕੇ ਮੋਦੀ ਸਰਕਾਰ ਤੋਂ ਹੱਕੀ ਤੇ ਜਾਇਜ਼ ਮੰਗਾਂ ਮੰਨਵਾ ਕੇ ਹੀ ਰਹਿਣਗੇ।

ਜ਼ੋਨ ਆਗੂ ਸਾਥੀ ਗੁਰਦਿਆਲ ਸਿੰਘ ਬੱਬੂ ਨੇ ਦੱਸਿਆ ਕਿ ਪੰਜਾਬ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਮੁਲਾਜ਼ਮਾਂ ਦੇ ਪੈਡਿੰਗ ਡੀ.ਏ ਦੀਆਂ ਕਿਸ਼ਤਾਂ ਦਾ ਬਕਾਇਆ ਪੇਅ ਕਮਿਸ਼ਨ ਦੀ ਅਧੂਰੀ ਰਿਪੋਰਟ ਦਾ ਏਰੀਅਰ ਤੁਰੰਤ ਰਿਲੀਜ਼ ਕੀਤਾ ਜਾਵੇ। ਸਨਮਾਨ ਸਮਾਰੋਹ ਵਿੱਚ ਸੈਂਕੜੇ ਸੇਵਾਮੁਕਤ ਕਾਮਿਆਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਆਏ ਸਾਥੀਆਂ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਧੀਆ ਗਿਫ਼ਟ ਦੇ ਕੇ ਸਨਮਾਨਤ ਕੀਤਾ।

ਇਹ ਸਨਮਾਨ ਸਮਾਰੋਹ ਹਰੇਕ ਸਾਲ ਕੀਤਾ ਜਾਵੇਗਾ, ਇਸ ਸਮਾਗਮ ਵਿੱਚ ਸਰਕਲ ਪਟਿਆਲਾ ਸੇਵਾਮੁਕਤ ਯੂਨਿਟ ਏਟਕ ਦੇ ਸਰਪ੍ਰਸਤ ਸਾਥੀ ਜ਼ੋਰਾਵਰ ਸਿੰਘ ਸਰਕਲ ਮੀਤ ਪ੍ਰਧਾਨ ਸਾਥੀ ਅਵਤਾਰ ਸਿੰਘ ਡਵੀਜ਼ਨ ਖ਼ਜ਼ਾਨਚੀ ਸਾਥੀ ਹਰਦੀਪ ਸਿੰਘ ਸਾਥੀ ਸਾਮ ਸੁੰਦਰ ਨੇ ਸ਼ਮੂਲੀਅਤ ਕੀਤੀ।

ਇਹ ਸਨਮਾਨ ਸਮਾਰੋਹ ਵਿੱਚ ਖਾਣ-ਪੀਣ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਹ ਸਮਾਰੋਹ ਬਹੁਤ ਵਧੀਆ ਤਰੀਕੇ ਨਾਲ ਹੋ ਨਿੱਬੜਿਆ।

# ਸਾਂਝੇ ਮਜ਼ਦੂਰ ਮੋਰਚੇ ਵੱਲੋਂ ਮੰਗਾਂ ਪ੍ਰਤੀ ਸਰਕਾਰ ਖਿਲਾ.ਫ ਚੇਤਾਵਨੀ ਰੈਲੀ



**ਸੰਗਰੂਰ (ਪ੍ਰਵੀਨ ਸਿੰਘ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ 'ਚ ਸ਼ਾਮਲ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਪੰਜਾਬ ਖੇਤ ਮਜ਼ਦੂਰ ਯੂਨੀਅਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਮਜ਼ਦੂਰ ਮੁਕਤੀ ਮੋਰਚਾ ਨੇ ਤਹਿਸੀਲਦਾਰ ਅਮਿਤ ਕੁਮਾਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ। ਸੈਂਕੜੇ ਮਰਦ ਔਰਤਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੇਤਾਵਨੀ ਪੱਤਰ ਭੇਜ ਕੇ ਮੰਗ ਕੀਤੀ ਕਿ 15 ਫਰਵਰੀ ਨੂੰ ਸਾਂਝੇ ਮਜ਼ਦੂਰ ਮੋਰਚੇ ਨਾਲ ਹੋਣ ਵਾਲੀ ਮੀਟਿੰਗ ਚ ਮਜ਼ਦੂਰ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ।

ਚੇਤਵਨੀ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਪ੍ਰਗਟ ਸਿੰਘ ਕਾਲਾਝਾੜ, ਹਰਭਗਵਾਨ ਮੂਣਕ, ਬਿੱਕਰ ਸਿੰਘ ਹਥੋਆ ਤੇ ਗੋਬਿੰਦ ਸਿੰਘ ਛਾਜਲੀ ਨੇ ਕਿਹਾ ਕਿ ਲੰਮੇ ਸੰਘਰਸ਼ ਦੌਰਾਨ ਤਿੰਨ ਵਾਰ ਮੀਟਿੰਗ ਦਾ ਸਮਾਂ ਦੇ ਕੇ ਮੁੱਖ ਮੰਤਰੀ ਗੈਰ ਹਾਜ਼ਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕਰਕੇ ਮੁੱਖ ਮੰਤਰੀ ਨੇ ਸਮੁੱਚੇ ਮਜ਼ਦੂਰ ਭਾਈਚਾਰੇ ਦਾ ਨਿਰਾਦਰ ਕੀਤਾ ਹੈ। ਆਗੂਆਂ ਨੇ ਕਿਹਾ ਕਿ ਬਹੁਤ ਹੀ ਹੱਕੀ ਤੇ ਵਾਜਬ ਮੰਗਾਂ, ਜਿਨ੍ਹਾਂ 'ਚ ਖੁਦ ਸਰਕਾਰ ਵੱਲੋਂ ਦਿੱਤੀਆਂ ਗਰੰਟੀਆਂ ਵੀ ਸ਼ਾਮਲ ਹਨ, ਪੰਜਾਬ ਸਰਕਾਰ ਅਜੇ ਤਾਈਂ ਇਨ੍ਹਾਂ ਮੰਗਾਂ ਨੂੰ ਮੰਨਣ ਤੋਂ ਇਨਕਾਰੀ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਘਟਾਏ ਜਾ ਰਹੇ ਮਨਰੇਗਾ ਬਜਟ, ਨਿੱਤ ਵਧਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਮਜ਼ਦੂਰਾਂ ਨੂੰ ਦੋ ਡੰਗ ਦਾ ਚੁੱਲ੍ਹਾ ਤਪਾਉਣਾ ਵੀ ਮੁਸ਼ਕਲ ਕੀਤਾ ਹੋਇਆ, ਮਜ਼ਦੂਰਾਂ ਕੋਲ ਰਿਹਾਇਸ਼ੀ ਥਾਂਵਾਂ ਦੀ ਭਾਰੀ ਕਿੱਲਤ ਹੈ, ਪਰ ਸਰਕਾਰਾਂ ਲਗਾਤਾਰ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮਜ਼ਦੂਰ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਮਾਰਚ ਦੇ ਪਹਿਲੇ ਹਫਤੇ ਤੋਂ ਪੰਜਾਬ ਪੱਧਰਾ ਪੱਕਾ ਮੋਰਚਾ ਸ਼ੁਰੂ ਕੀਤਾ ਜਾਵੇਗਾ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਪਰਮਜੀਤ ਕੌਰ ਲੌਂਗੋਵਾਲ, ਬਲਵਿੰਦਰ ਸਿੰਘ ਜਲੂਰ, ਰਘਵੀਰ ਸਿੰਘ ਜਵੰਧਾ ਨੇ ਵੀ ਸੰਬੋਧਨ ਕੀਤਾ।

# ਡੀ ਸੀ ਦਫ਼ਤਰ ਸਾਹਮਣੇ ਰੈਲੀ 'ਚ ਸ਼ਾਮਲ ਹੋਣ ਦਾ ਫੈਸਲਾ



**ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)**

ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਬ੍ਰਾਂਚ ਲੁਧਿਆਣਾ ਦੀ ਮੀਟਿੰਗ ਹੋਈ। ਮੀਟਿੰਗ ਸਾਥੀ ਮਨਜੀਤ ਸਿੰਘ ਮਨਸੂਰਾਂ ਦੀ ਪ੍ਰਧਾਨਗੀ ਹੇਠ ਹੋਈ। ਸਾਥੀ ਹਰਜਿੰਦਰ ਸਿੰਘ ਸੀਲੋ ਜਨਰਲ ਸਕੱਤਰ ਲੁਧਿਆਣਾ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਦੀ ਅਣਦੇਖੀ ਕਰ ਰਹੀ ਹੈ। ਗੁਰਮੇਲ ਸਿੰਘ ਮੈਲਡੇ ਸੂਬਾ ਪ੍ਰਧਾਨ ਤੇ ਅਵਤਾਰ ਸਿੰਘ ਗਗੜਾ ਜਨਰਲ ਸਕੱਤਰ, ਸਾਥੀ ਚਰਨ ਸਿੰਘ ਸਰਾਭਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਆਗੂਆਂ ਨੇ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪੈਨਸ਼ਨਰਾਂ ਦਾ ਕੋਈ ਅਸਲੀ ਹੱਲ ਨਹੀਂ ਕੀਤਾ। ਕੇਵਲ ਬਿਆਨਬਾਜ਼ੀ ਕਰਕੇ ਕੰਮ ਚਲਾਇਆ ਜਾ ਰਿਹਾ। ਪ੍ਰਧਾਨ ਮੈਲਡੇ ਨੇ ਕਿਹਾ ਕਿ ਪੈਨਸ਼ਨ ਸੋਧ ਫਾਰਮੂਲਾ 2.59 ਦੇ ਗੁਣਾਕ ਨਾਲ ਪੈਨਸ਼ਨਾਂ ਸੋਧੀਆਂ ਜਾਣ 1-1-2016 ਤੋਂ ਪੈਨਸ਼ਨਰਾਂ ਨੂੰ ਪੇ-ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ ਬਣਦਾ ਬਕਾਇਆ ਯਕਮੁਸ਼ਤ ਦਿੱਤਾ ਜਾਵੇ, ਅੱਖਾਂ ਦਾ ਅਪ੍ਰੇਸ਼ਨ, ਦੰਦਾਂ ਦਾ ਇਲਾਜ, ਗੋਡਿਆਂ ਆਦਿ ਦੇ ਖਰਚੇ ਦੇ ਰੇਟ ਸੋਧੇ ਜਾਣ ਜੁਲਾਈ 2015 ਤੋਂ ਦਸੰਬਰ 2015 ਤੱਕ ਦਾ ਬਕਾਇਆ ਦੇਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। 19 ਫਰਵਰੀ ਦੀ ਮੋਹਾਲੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ।

ਮੀਟਿੰਗ ਵਿਚ ਅਗਲੇ ਸਮੇਂ ਲਈ ਕਮੇਟੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਜਨਰਲ ਸਕੱਤਰ ਹਰਜਿੰਦਰ ਸਿੰਘ ਸੀਲੋ, ਦਰਸ਼ਨ ਥਰੀਕੇ ਕੈਸ਼ੀਅਰ, ਗੁਲਜ਼ਾਰ ਖਾਨ ਸਰਪ੍ਰਸਤ, ਪਵਿੱਤਰ ਸਿੰਘ, ਲਖਵੀਰ ਸਿੰਘ ਦੋਨੋਂ ਵਾਈਸ ਪ੍ਰਧਾਨ, ਹਰਮਿੰਦਰ ਸਿੰਘ ਬਾਦਲ, ਕਮਿਕਰ ਸਿੰਘ, ਜਸਵੀਰ ਸਿੰਘ ਬੁਆਣੀ ਜੁਆਇੰਟ ਸਕੱਤਰ, ਸੋਹਣ ਸਿੰਘ, ਜੋਰਾ ਸਿੰਘ ਸਨੇਤ ਸਲਾਹਕਾਰ, ਗੁਰਪ੍ਰੀਤ ਸਿੰਘ ਸਹਾਇਕ ਕੈਸ਼ੀਅਰ, ਅਮਰ ਸਿੰਘ ਕਾਨੂੰਨੀ ਸਲਾਹਕਾਰ ਚੁਣੇ ਗਏ। ਪ੍ਰਧਾਨ ਮਨਜੀਤ ਸਿੰਘ ਮਨਸੂਰਾਂ ਨੇ ਧੰਨਵਾਦ ਕੀਤਾ।

# ਸਰਕਾਰੀ ਅਦਾਰਿਆਂ 'ਚ ਜਲਦ ਲੱਗਣਗੇ ਸਮਾਰਟ ਮੀਟਰ : ਚਰਨਜੀਤ ਸਿੰਘ



ਵਧੀਕ ਨਿਗਰਾਨ ਇੰਜੀਨੀਅਰ ਚਰਨਜੀਤ ਸਿੰਘ ਨੂੰ ਗੁਲਦਸਤੇ ਭੇਟ ਕਰਦੇ ਹੋਏ 'ਆਪ' ਆਗੂ ਸਤਿੰਦਰ ਸਿੰਘ ਚੱਠਾ, ਅਨਵਰ ਭਸੌੜ ਤੇ ਹੋਰ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਨਵੇਂ ਆਏ ਪਾਵਰਕਾਮ ਦੇ ਵਧੀਕ ਨਿਗਰਾਨ ਇੰਜੀਨੀਅਰ ਚਰਨਜੀਤ ਸਿੰਘ ਨੇ ਆਪਣਾ ਚਾਰਜ ਸੰਭਾਲਣ ਮੌਕੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰੀ ਅਦਾਰਿਆਂ 'ਚ ਸਮਾਰਟ ਮੀਟਰ ਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਪਹਿਲਾਂ ਚੱਲ ਰਹੇ ਡਿਜ਼ੀਟਲ ਮੀਟਰਾਂ ਦੀ ਖਰੀਦ ਹੁਣ ਬੰਦ ਕਰ ਦਿੱਤੀ ਗਈ ਹੈ, ਜਿਸ ਦੇ ਚੱਲਦਿਆਂ ਆਉਣ ਵਾਲੇ ਸਮੇਂ ਵਿੱਚ ਮੀਟਰ ਲਵਾਉਣ ਵਾਲੇ ਲੋਕਾਂ ਦੇ ਘਰਾਂ ਵਿੱਚ ਸਮਾਰਟ ਮੀਟਰ ਹੀ ਲੱਗਣਗੇ ਪ੍ਰੰਤੂ ਇਸ ਵਿੱਚ ਫਿਲਹਾਲ ਚਿੱਪ ਜਾਂ ਪੇਨ ਡਰਾਈਵ ਜਾਂ ਪ੍ਰੀ-ਪੇਡ ਪੈਮੇਂਟ ਲੈਣ ਵਾਲੀ ਕੋਈ ਪਾਲਿਸੀ ਨਹੀਂ ਹੈ ਤੇ ਨਵੇਂ ਲੱਗਣ ਵਾਲੇ ਸਮਾਰਟ ਮੀਟਰ ਪਹਿਲਾਂ ਚੱਲ ਰਹੇ ਆਮ ਮੀਟਰਾਂ ਵਾਂਗ ਹੀ ਕੰਮ ਕਰਨਗੇ। ਉਨ੍ਹਾਂ ਮੰਨਿਆ ਕਿ ਧੂਰੀ ਮੰਡਲ ਅਧੀਨ ਪੈਂਦੇ ਸਰਕਾਰੀ ਅਦਾਰਿਆਂ ਵੱਲ ਬਿਜਲੀ ਬੋਰਡ ਦਾ ਕਰੋੜਾਂ ਰੁਪਏ ਦਾ ਬਕਾਇਆ ਖੜ੍ਹਾ ਹੈ।

ਉਨ੍ਹਾਂ 300 ਯੂਨਿਟ ਪ੍ਰਤੀ ਮਹੀਨਾ ਬਿਜਲੀ ਦੀ ਮੁਫ਼ਤ ਸੁਵਿਧਾ ਮਾਣ ਰਹੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਜਲੀ ਨੂੰ ਕੇਵਲ ਘਰੇਲੂ ਵਰਤੋਂ ਲਈ ਹੀ ਉਪਯੋਗ ਕਰਨ। ਜ਼ਿਕਰਯੋਗ ਹੈ ਕਿ ਸ਼੍ਰੀ ਚਰਨਜੀਤ ਸਿੰਘ ਵੱਲੋਂ ਬਤੌਰ ਵਧੀਕ ਨਿਗਰਾਨ ਇੰਜਨੀਅਰ ਆਪਣਾ ਚਾਰਜ ਸੰਭਾਲਣ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ, ਘੱਟ ਗਿਣਤੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਡਾ. ਅਨਵਰ ਭਸੌੜ, ਰਿਟਾ. ਐਕਸੀਅਨ ਤੇ ਕੰਜਿਊਮਰ ਕੋਰਟ ਦੇ ਰਿਟਾ. ਮੈਂਬਰ ਪ੍ਰਵੀਨ ਬਾਂਸਲ, ਵਧੀਕ ਨਿਗਰਾਨ ਇੰਜੀਨੀਅਰ ਮਨੋਜ ਗਰਗ ਨੇ ਚਰਨਜੀਤ ਸਿੰਘ ਨੂੰ ਜੀ ਆਇਆਂ ਕਹਿੰਦਿਆਂ ਗੁਲਦਸਤੇ ਭੇਟ ਕੀਤੇ। ਜ਼ਿਕਰਯੋਗ ਹੈ ਕਿ ਸ਼੍ਰੀ ਚਰਨਜੀਤ ਸਿੰਘ ਇਸ ਤੋਂ ਪਹਿਲਾਂ ਬਿਜਲੀ ਬੋਰਡ ਵਿਖੇ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਆਪਣਾ ਕੰਮ ਇਮਾਨਦਾਰੀ ਤੇ ਬਾਖੂਬੀ ਨਾਲ ਨਿਭਾ ਚੁੱਕੇ ਹਨ। ਇਸ ਮੌਕੇ ਪੁਸ਼ਪਿੰਦਰ ਸਿੰਘ ਐਸ.ਡੀ.ਓ, ਪਲਜਿੰਦਰ ਸਿੰਘ ਐਸ.ਡੀ.ਓ, ਮੋਹਨਪ੍ਰੀਤ ਸਿੰਘ ਐਸ.ਡੀ.ਓ, ਬਲਵਿੰਦਰ ਕੁਮਾਰ ਐਸ.ਡੀ.ਓ, ਕੁਲਜਿੰਦਰ ਸਿੰਘ ਐਸ.ਡੀ.ਓ, ਅਮਨਦੀਪ ਸ਼ਰਮਾ ਮੰਡਲ ਲੇਖਾਕਾਰ ਤੇ ਅੰਕੁਸ਼ ਗੋਇਲ ਮੰਡਲ ਸੁਪਰਡੈਂਟ ਆਦਿ ਵੀ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਪਬਲਿਕ ਸਕੂਲ 'ਚ ਪੰਛੀ ਦਿਵਸ ਮਨਾਇਆ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਜੀ ਟੀ ਬੀ ਕੈਂਬਰਿਜ ਵਰਲਡ ਸਕੂਲ 'ਚ ਰਾਸ਼ਟਰੀ ਪੰਛੀ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਹੋਰ ਵੀ ਕਈ ਖੇਤਰਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਹਰ ਸਾਲ ਵਿਦਿਆਰਥੀਆਂ ਦੇ ਇਤਿਹਾਸਕ ਟੂਰ ਲਿਜਾਏ ਜਾਂਦੇ ਹਨ। ਹਰ ਖੇਤਰ 'ਚ ਜੀ ਟੀ ਬੀ ਕੈਂਬਰਿਜ ਵਰਲਡ ਸਕੂਲ ਬੱਚਿਆਂ ਦੀ ਜਾਣਕਾਰੀ 'ਚ ਵਾਧਾ ਕਰਨ ਲਈ ਹਮੇਸ਼ਾ ਅੱਗੇ ਰਹਿੰਦਾ ਹੈ। ਵਿਦਿਆਰਥੀਆਂ 'ਚ ਜਾਗਰੂਕਤਾ ਪੈਦਾ ਕਰਨ ਲਈ ਰਾਸ਼ਟਰੀ ਪੰਛੀ ਦਿਵਸ ਮਨਾਇਆ ਗਿਆ। ਰਾਸ਼ਟਰੀ ਪੰਛੀ ਦਿਵਸ ਹਰ ਸਾਲ 5 ਜਨਵਰੀ ਨੂੰ ਮਨਾਇਆ ਜਾਂਦਾ ਹੈ। ਪੰਛੀ ਰੱਖਿਅਕ ਤੇ ਸੰਯੁਕਤ ਰਾਜ ਅਮਰੀਕਾ ਦੇ ਲੋਕ ਪੰਛੀ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਇਸ ਦਿਵਸ ਦੀ ਸਹਾਇਤਾ ਨਾਲ ਪੂਰੀ ਦੁਨੀਆ ਸਮਝਣ ਲੱਗੀ ਕਿ ਕਿਸ ਤਰ੍ਹਾਂ ਪੰਛੀ ਸਾਡੇ ਜੀਵਨ ਲਈ ਉਪਯੋਗੀ ਹਨ। ਇਸ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਗੋ ਗਰੀਨ ਕਲੱਬ ਦੁਆਰਾ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਹਰੀਕੇ ਝੀਲ ਬਰਡ ਸੈਂਚਰੀ ਲਿਜਾਇਆ ਗਿਆ ਸੀ, ਜਿੱਥੇ ਹਰ ਸਾਲ ਦੇਸ਼ਾਂ ਵਿਦੇਸ਼ਾਂ ਤੋਂ ਵੱਖ ਵੱਖ ਪ੍ਰਜਾਤੀਆਂ ਦੇ ਪੰਛੀ ਠੰਢ ਦੇ ਮੌਸਮ 'ਚ ਇਸ ਝੀਲ ਵਿੱਚ ਆਉਂਦੇ ਹਨ। ਜਿਸ ਦੌਰਾਨ ਵਿਦਿਆਰਥੀਆਂ ਨੂੰ ਵਾਇਲਡ ਲਾਈਫ ਬਾਰੇ ਕਾਫੀ ਜਾਣਕਾਰੀ ਮਿਲੀ। ਰਾਸ਼ਟਰੀ ਪੰਛੀ ਦਿਵਸ 'ਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਟੀਮਾਂ ਬਣਾ ਕੇ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ। ਵਿਦਿਆਰਥੀਆਂ ਤੋਂ ਪੰਛੀ ਦਿਵਸ 'ਤੇ ਪੰਛੀਆਂ ਪ੍ਰਤੀ ਪ੍ਰਸ਼ਨ ਪੁੱਛੇ ਗਏ ਤੇ ਹੋਰ ਜਾਣਕਾਰੀ ਸਾਂਝੀ ਕੀਤੀ ਗਈ। ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਪ੍ਰਤਾਪ ਸਿੰਘ ਵਿਰਕ ਤੇ ਡਾ. ਵਿਜੇ ਵਿਸ਼ਵਾਸ ਦੁਆਰਾ ਸਨਮਾਨਤ ਕੀਤਾ ਗਿਆ।

# ਸੰਤ ਲੌਂਗੋਵਾਲ ਡੀਮਡ ਯੂਨੀਵਰਸਿਟੀ ਸਲਾਈਟ ਦਾ ਵਿੱਦਿਅਕ ਟੂਰ




**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅਤਰੀ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਦੂਰਅੰਦੇਸ਼ੀ ਸੋਚ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਰੇਨੂੰ ਬਾਲਾ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਹਰਕੰਵਲਜੀਤ ਕੌਰ, ਸਿੱਖਿਆ ਸੁਧਾਰ ਟੀਮ ਇੰਚਾਰਜ ਪ੍ਰਿੰਸੀਪਲ ਬਲਜਿੰਦਰਪਾਲ ਸਿੰਘ, ਟੂਰ ਨੋਡਲ ਇੰਚਾਰਜ ਹਰਪ੍ਰੀਤ ਕੌਰ ਸਕੂਲ ਸਰਕਾਰੀ ਹਾਈ ਸਕੂਲ ਕੁੱਬੇ, ਬਲਾਕ ਬਰਨਾਲਾ ਨੋਡਲ ਅਫਸਰ ਹਰਪ੍ਰੀਤ ਕੌਰ, ਸਕੂਲ ਇੰਚਾਰਜ ਜਸਵੀਰ ਸਿੰਘ, ਪ੍ਰਿੰਸੀਪਲ ਸੁਰਜੀਤ ਸਿੰਘ ਭੈਣੀ ਮਹਿਰਾਜ ਦੀ ਰਹਿਨੁਮਾਈ ਹੇਠ ਅਤੇ ਅਨੁਸ਼ਾਸਨ ਕਮੇਟੀ ਮੈਂਬਰ ?ਸਤਿੰਦਰ ਕੌਰ ਡੀ ਪੀ ਸਰਕਾਰੀ ਹਾਈ ਸਕੂਲ, ਅਵਨੀਸ਼ ਕੁਮਾਰ ਲੌਂਗੋਵਾਲ ਐਸ ਐਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ, ਸੀਨੀਅਰ ਅਧਿਆਪਕ ਬਲਵੀਰ ਸਿੰਘ ਭੈਣੀ, ਮਹਿਰਾਜ, ਪ੍ਰਿਤਪਾਲ ਸਿੰਘ ਵੱਲੋਂ ਪੰਜਾਬ ਰਾਜ ਦੀਆਂ ਸਿੱਖਿਆ ਸੰਸਥਾਵਾਂ ਦਾ ਦੌਰਾ ਕਰਵਾਉਣ ਲਈ ਟੂਰ ਸੰਤ ਲੌਂਗੋਵਾਲ ਡੀਮਡ ਯੂਨੀਵਰਸਿਟੀ ਸਲਾਈਟ ਲੌਂਗੋਵਾਲ ਵਿਖੇ ਲਗਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮਲਕੀਤ ਕੌਰ ਨੇ ਦੱਸਿਆ ਕਿ ਉਕਤ ਵਿੱਦਿਅਕ ਟੂਰ ਦਾ ਮਕਸਦ ਵਿਦਿਆਰਥੀ ਵਰਗ ਨੂੰ ਕੈਰੀਅਰ ਦੀ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਲੜੀ ਤਹਿਤ ਜ਼ਿਲ੍ਹੇ ਦੇ 90 ਸਕੂਲਾਂ 'ਚ 1800 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ। ਇਸ ਸੰਬੰਧੀ ਐਸ ਐਸ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਕਿ ਸੰਤ ਲੌਂਗੋਵਾਲ ਇੰਸਟੀਚਿਊਟ ਡੀਮਡ ਯੂਨੀਵਰਸਿਟੀ 'ਚ ਡਾ. ਗੁਲਸ਼ਨ ਜਾਵਾਂ ਸੀਨੀਅਰ ਪ੍ਰੋਫੈਸਰ ਹੈਡ ਆਫ ਡਿਪਾਰਟਮੈਂਟ ਕੰਪਿਊਟਰ ਸਾਇੰਸ, ਚੀਫ ਵਾਰਡਨ ਹੋਸਟਲ ਅਤੇ ਉਨ੍ਹਾ ਦੇ ਐਨ ਐਸ ਐਸ ਵਲੰਟੀਅਰਾਂ ਵੱਲੋਂ ਵਿਦਿਆਰਥੀ ਵਰਗ ਦੀ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਗਈ। ਸੀਨੀਅਰ ਅਧਿਆਪਕ ਬਲਬੀਰ ਸਿੰਘ ਭੈਣੀ ਮਹਿਰਾਜ ਨੇ ਦੱਸਿਆ ਕਿ ਡਾਕਟਰ ਸਾਹਿਬ ਅਤੇ ਉਨ੍ਹਾਂ ਦੀ ਐਨ ਐਸ ਐਸ ਟੀਮ ਵੱਲੋਂ ਵਿਦਿਆਰਥੀਆਂ ਨੂੰ ਕੈਂਪਸ ਦੇ ਕੋਰਸਾਂ ਅਤੇ ਵਿਭਾਗਾਂ ਦੀ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਮੌਕੇ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਗੁਲਸਨ ਜਾਵਾਂ ਨੇ ਕਿਹਾ ਕਿ ਵਿਦਿਆਰਥੀ 10ਵੀਂ ਅਤੇ 12ਵੀਂ ਦੀ ਪੜ੍ਹਾਈ ਤੋਂ ਬਾਅਦ ਆਪਣੇ ਕੈਰੀਅਰ ਦੀ ਚੋਣ ਲਈ ਵੱਖ-ਵੱਖ ਕੋਰਸਾਂ ਨੂੰ ਅਪਣਾ ਸਕਦੇ ਹਨ, ਉਨ੍ਹਾ ਵਿਦਿਆਰਥੀਆਂ ਨੂੰ ਤਕਨੀਕੀ ਸੰਸਥਾ 'ਚ ਹੋਣ ਵਾਲੇ ਪ੍ਰੋਗਰਾਮ ਅਤੇ ਵਿੱਦਿਅਕ ਕੋਰਸਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਪ੍ਰੋਗਰਾਮ ਦੇ ਅੰਤ ਵਿੱਚ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਖਾਣ-ਪੀਣ ਦੀ ਸਮੱਗਰੀ ਪ੍ਰਦਾਨ ਕੀਤੀ ਗਈ।

CMYK

page-6-11-(FEB)-2023-G-(BV).qxd 2/10/2023 9:11 PM Page 1



# ਦਿਹਾਤੀ ਮਜ਼ਦੂਰ ਸਭਾ ਨੇ ਮੁੱਖ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ




**ਪਠਾਨਕੋਟ (ਦਵਿੰਦਰ ਸਿੰਘ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ ਪਿਛਲੇ ਲੰਮੇ ਸਮੇਂ ਤੋਂ ਮਜ਼ਦੂਰਾਂ ਦੀਆਂ ਲਟਕਦੀਆਂ ਆ ਰਹੀਆਂ ਮੁੱਖ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਅਣਡਿੱਠ ਕਰਨ 'ਤੇ ਅੱਜ ਪਠਾਨਕੋਟ ਵਿਖੇ ਮਜ਼ਦੂਰਾਂ ਵੱਲੋਂ ਮੁਜ਼ਾਹਰੇ ਉਪਰੰਤ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਕਾਮਰੇਡ ਅਜੀਤ ਰਾਮ ਗੰਦਲਾਂ ਲਾਹੜੀ, ਪ੍ਰਵੀਨ ਕੁਮਾਰ ਦੋਸਤਪੁਰ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਦੀਪ ਸਿੰਘ ਤੇ ਮਨੋਹਰ ਲਾਲ ਅੰਤੋਰ ਦੀ ਅਗਵਾਈ ਹੇਠ ਐੱਸਡੀਐੱਮ ਪਠਾਨਕੋਟ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣ ਲਈ ਮੰਗ ਪੱਤਰ ਦਿੱਤਾ। ਆਗੂਆਂ ਨੇ ਪ੍ਰੈੱਸ ਬਿਆਨ ਵਿਚ ਕਿਹਾ ਕਿ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮਜ਼ਦੂਰਾਂ ਦੀਆਂ ਬਹੁਤ ਹੀ ਹੱਕੀ ਮੰਗਾਂ ਨੂੰ ਲੈ ਕੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕਈ ਮਹੀਨਿਆਂ ਤੋਂ ਸੰਘਰਸ਼ ਕਰਦੇ ਰਹੇ ਹਾਂ। ਪਹਿਲਾਂ ਮਿਤੀ 12 ਸਤੰਬਰ ਤੋਂ ਲੈ ਕੇ ਹਜ਼ਾਰਾਂ ਮਜ਼ਦੂਰ ਮਰਦ ਔਰਤਾਂ ਵੱਲੋਂ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਅੱਗੇ ਧਰਨਾ ਲਾਇਆ ਗਿਆ ਸੀ ਅਤੇ ਮੁੱਖ ਮੰਤਰੀ ਵਲੋਂ 3 ਅਕਤੂਬਰ ਨੂੰ ਮੀਟਿੰਗ ਦਿੱਤੀ ਗਈ ਸੀ ਜੋ ਅਣਮਿੱਥੇ ਸਮੇਂ ਤੱਕ ਮੁਲਤਵੀ ਕਰਨ ਕਰਕੇ ਜਥੇਬੰਦੀਆਂ ਨੂੰ ਮੁੜ 30 ਨਵੰਬਰ ਨੂੰ ਸੰਗਰੂਰ ਵਿਖੇ ਪ੍ਰਦਰਸ਼ਨ ਕਰਨਾ ਪਿਆ ਜਿਸ ਉੱਪਰ ਪੁਲਸ ਵੱਲੋਂ ਲਾਠੀਚਾਰਜ ਵੀ ਕੀਤਾ ਗਿਆ ਜੋ ਬੇਹੱਦ ਨਿੰਦਣਯੋਗ ਹੈ। ਇਸ ਲਾਠੀਚਾਰਜ ਉਪਰੰਤ 21 ਦਸੰਬਰ 2022 ਨੂੰ ਮੁੱਖ ਮੰਤਰੀ ਨਾਲ ਪੈਨਲ ਮੀਟਿੰਗ ਦਾ ਲਿਖਤੀ ਪੱਤਰ ਪ੍ਰਸ਼ਾਸਨ ਵੱਲੋਂ ਸੌਂਪਿਆਂ ਗਿਆ ਸੀ ਪਰ ਇਸ ਮੀਟਿੰਗ ਵਿੱਚ ਵੀ ਮੁੱਖ ਮੰਤਰੀ ਨਹੀਂ ਆਏ। ਇਸ ਦੇ ਰੋਸ ਵਜੋਂ 26 ਜਨਵਰੀ ਨੂੰ ਸਾਡੀਆਂ ਜਥੇਬੰਦੀਆਂ ਵੱਲੋਂ ਬਠਿੰਡਾ ਵਿਖੇ ਮੁੜ ਉਲੀਕੇ ਪ੍ਰਦਰਸ਼ਨ ਤੋਂ ਬਾਅਦ ਮੁੜ ਪ੍ਰਸ਼ਾਸਨ ਵੱਲੋਂ 15 ਫਰਵਰੀ ਨੂੰ ਸੱਦੀ ਗਈ ਮੀਟਿੰਗ ਯਕੀਨੀ ਹੋਣ ਦੀ ਮੰਗ ਕੀਤੀ।

ਮੰਗਾਂ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਦੱਸਿਆ ਕਿ ਪੇਂਡੂ ਤੇ ਖੇਤ ਮਜ਼ਦੂਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਮਨਰੇਗਾ ਕਾਨੂੰਨ ਤਹਿਤ ਹਰ ਬਾਲਗ ਮਜ਼ਦੂਰ ਮਰਦ/ਔਰਤ ਨੂੰ ਸਾਲ ਭਰ ਕੰਮ ਦਿੱਤਾ ਜਾਵੇ। ਮਨਰੇਗਾ ਕਾਨੂੰਨ ਤਹਿਤ ਮਿਲਦੀ ਮਜ਼ਦੂਰੀ ਸਮੇਤ ਹਰ ਤਰ੍ਹਾਂ ਦੀ ਮਜ਼ਦੂਰੀ ਦੀ ਦਰ 700 ਰੁਪਏ ਪ੍ਰਤੀ ਦਿਨ ਤੈਅ ਕੀਤੀ ਜਾਵੇ। ਮਨਰੇਗਾ ਸਕੀਮ ਦੇ ਕੰਮਾਂ ਵਿੱਚ ਕੀਤੀ ਜਾਂਦੀ ਸਿਆਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਪੰਚਾਇਤੀ ਜ਼ਮੀਨ ਵਿਚੋਂ ਤੀਸਰਾ ਹਿੱਸਾ ਸਮੁੱਚੇ ਐੱਸ. ਸੀ. ਭਾਈਚਾਰੇ ਨੂੰ ਘੱਟ ਰੇਟ ਤੇ ਠੇਕੇ ਉੱਤੇ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਬੋਲੀ ਐਸ.ਸੀ. ਧਰਮਸ਼ਾਲਾ ਵਿੱਚ ਕੀਤੀ ਜਾਵੇ। ਡੰਮੀ ਬੋਲੀਆਂ ਰੱਦ ਕੀਤੀਆਂ ਜਾਣ ਅਤੇ ਇਸ ਦਾ ਪੱਕਾ ਹੱਲ ਕੀਤਾ ਜਾਵੇ, ਨਜ਼ੂਲ ਜ਼ਮੀਨਾਂ ਦੇ ਮਾਲਕੀ ਹੱਕ ਮਜ਼ਦੂਰਾਂ ਨੂੰ ਦਿੱਤੇ ਜਾਣ ਅਤੇ ਇਨ੍ਹਾਂ ਉਪਰ ਧਨਾਢਾਂ ਦੇ ਕੀਤੇ ਕਬਜ਼ੇ ਹਟਾਏ ਜਾਣ ਸਣੇ ਹੋਰ ਵੀ ਢੇਰ ਸਾਰੀਆਂ ਅਹਿਮ ਮੰਗਾਂ ਨੂੰ ਮੰਗ ਪੱਤਰ 'ਚ ਸ਼ਾਮਲ ਕੀਤਾ ਗਿਆ। ਮਜ਼ਦੂਰਾਂ ਦੇ ਸਮਰਥਨ ਵਿਚ ਪਹੁੰਚੇ ਜਮਹੂਰੀ ਕਿਸਾਨ ਸਭਾ ਦੇ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਾਮਰੇਡ ਮੁਖਤਿਆਰ ਸਿੰਘ ਅੰਤੋਰ ਨੇ ਮਜ਼ਦੂਰਾਂ ਦੇ ਹਰ ਸੰਘਰਸ਼ ਵਿੱਚ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕਾਮਰੇਡ ਦੇਵ ਰਾਜ ਸੁਜਾਨਪੁਰ, ਤਿਲਕ ਰਾਜ ਜਿਆਣੀ, ਬਲਕਾਰ ਚੰਦ ਭਰਿਆਲ ਲਾਹੜੀ, ਗੁਰਬਚਨ ਸਿੰਘ, ਸੁਰਤ ਸਿੰਘ, ਯਸ਼ਪਾਲ, ਓਮ ਪ੍ਰਕਾਸ਼, ਗੁਲਜ਼ਾਰ ਮਸੀਹ ਅਤੇ ਹੋਰ ਸਾਥੀ ਹਾਜ਼ਰ ਸਨ।

# ਅਰਦਾਸ ਮੈਡੀਕਲ ਸਟੋਰ 'ਤੇ ਅਚਨਚੇਤ ਛਾਪੇਮਾਰੀ, ਬਿਨਾਂ ਬਿੱਲ ਦਵਾਈਆਂ ਫੜੀਆਂ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਥਾਣਾ ਭਿੱਖੀਵਿੰਡ ਦੇ ਐੱਸਐੱਚਓ ਬਲਜਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਤਰਨਤਾਰਨ ਦੇ ਡਰੱਗ ਇੰਸਪੈਕਟਰ ਹਰਪ੍ਰੀਤ ਸਿੰਘ ਵੱਲੋਂ ਅੱਜ ਭਿੱਖੀਵਿੰਡ ਪਿੰਡ 'ਚ ਸਥਿਤ ਅਰਦਾਸ ਮੈਡੀਕਲ ਸਟੋਰ 'ਤੇ ਅਚਨਚੇਤ ਛਾਪੇਮਾਰੀ ਕੀਤੀ ਗਈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਭਿੱਖੀਵਿੰਡ ਦੇ ਐੱਸਐੱਚਓ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਤਰਨਤਾਰਨ ਦੇ ਡਰੱਗ ਇੰਸਪੈਕਟਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਭਿੱਖੀਵਿੰਡ ਪਿੰਡ ਦੇ ਅਰਦਾਸ ਮੈਡੀਕਲ ਸਟੋਰ 'ਤੇ ਅਚਨਚੇਤ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਨੇ ਮੈਡੀਕਲ ਸਟੋਰ 'ਚ ਬਿਨਾਂ ਬਿੱਲ ਤੋਂ ਪੰਜ ਵੱਖ-ਵੱਖ ਕਿਸਮ ਦੀਆਂ ਦਵਾਈਆਂ ਬਰਾਮਦ ਕੀਤੀਆਂ। ਉਨ੍ਹਾਂ ਦੱਸਿਆ ਕਿ ਛਾਪੇਮਾਰੀ ਦੌਰਾਨ ਜਦੋਂ ਡਰੱਗ ਇੰਸਪੈਕਟਰ ਹਰਪ੍ਰੀਤ ਸਿੰਘ ਵੱਲੋਂ ਉਪਰੋਕਤ ਕੈਮਿਸਟ ਨੂੰ ਉਸ ਦੇ ਮੈਡੀਕਲ 'ਚ ਮੌਜੂਦ ਪੰਜ ਵੱਖ-ਵੱਖ ਤਰ੍ਹਾਂ ਦੀਆਂ ਦਵਾਈਆਂ ਦਾ ਬਿੱਲ ਦਿਖਾਉਣ ਲਈ ਕਿਹਾ ਗਿਆ ਤਾਂ ਉਪਰੋਕਤ ਕੈਮਿਸਟ ਦਵਾਈਆਂ ਦਾ ਕੋਈ ਵੀ ਬਿੱਲ ਡਰੱਗ ਇੰਸਪੈਕਟਰ ਸਾਹਮਣੇ ਪੇਸ਼ ਨਹੀਂ ਕਰ ਸਕਿਆ, ਜਿਸ ਤੋਂ ਬਾਅਦ ਡਰੱਗ ਇੰਸਪੈਕਟਰ ਵੱਲੋਂ ਦਵਾਈਆਂ ਨੂੰ ਸੀਲ ਕਰ ਦਿੱਤਾ ਗਿਆ। ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਡਰੱਗ ਇੰਸਪੈਕਟਰ ਹਰਪ੍ਰੀਤ ਸਿੰਘ ਵੱਲੋਂ ਸਮੂਹ ਕੈਮਿਸਟਾਂ ਨੂੰ ਅਪੀਲ ਕੀਤੀ ਗਈ ਕਿ ਉਹ ਡਾਕਟਰ ਦੀ ਪਰਿਸਕਰਿਪਸ਼ਨ ਤੋਂ ਬਿਨਾਂ ਕਿਸੇ ਵੀ ਵਿਅਕਤੀ ਨੂੰ ਦਵਾਈ ਨਾ ਦੇਣ। ਇਸ ਦੇ ਨਾਲ ਹੀ ਡਰੱਗ ਇੰਸਪੈਕਟਰ ਵੱਲੋਂ ਕੈਸਿਟਾਂ ਨੂੰ ਉਨ੍ਹਾਂ ਦੇ ਮੈਡੀਕਲ ਸਟੋਰਾਂ ਅੰਦਰ ਮੌਜੂਦ ਦਵਾਈਆਂ ਦੇ ਬਿੱਲ ਸੰਭਾਲ ਕੇ ਰੱਖਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ।

# 18 ਨੂੰ ਡੇਰਾ ਬਾਬਾ ਨਾਨਕ ਵਿਖੇ ਹੋਵੇਗਾ ਇਤਿਹਾਸਕ ਖੂਹ ਦਾ ਉਦਘਾਟਨ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਪਹਿਲੀ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ 4 ਉਦਾਸੀਆਂ ਦੌਰਾਨ ਜਦ ਆਪਣੇ ਪਰਿਵਾਰ ਨੂੰ ਮਿਲਣ ਵਾਸਤੇ ਪਿੰਡ ਪੱਖੋਕੇ ਰੰਧਾਵਾ ਆਏ ਸਨ ਤਾਂ ਸਭ ਤੋਂ ਪਹਿਲਾਂ ਪਿੰਡੋਂ ਬਾਹਰ ਪਿੰਡ ਪੱਖੋਕੇ ਰੰਧਾਵਾ ਦੇ ਜੱਟ ਬਾਬਾ ਅਜਿੱਤਾ ਰੰਧਾਵਾ ਦੇ ਇਸ ਖੂਹ 'ਤੇ ਹੀ ਬਿਰਾਜੇ ਸਨ ਤੇ ਵਿਸ਼ਰਾਮ ਕੀਤਾ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਬਾ ਅਜਿੱਤਾ ਰੰਧਾਵਾ ਨਾਲ ਕਈ ਦਿਨ ਗੋਸ਼ਟੀ ਵੀ ਹੋਈ ਸੀ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪਿਛਲੇ ਲੰਮੇ ਸਮੇਂ ਤੋਂ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਕਾਰ ਸੇਵਾ ਦੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਇਮਾਰਤ ਦੀ ਕਾਰ ਸੇਵਾ ਨੂੰ ਮੁਕੰਮਲ ਕਰਨ ਉਪਰੰਤ ਬਾਬਾ ਜੀ ਵੱਲੋਂ ਪਿਛਲੇ ਕਈ ਦਿਨਾਂ ਤੋਂ ਗੁੰਬਦਾਂ 'ਤੇ ਸੋਨਾ ਚੜ੍ਹਾਉਣ ਅਤੇ ਇਸ ਇਤਿਹਾਸਕ ਖੂਹ ਬਾਬਾ ਅਜਿੱਤਾ ਰੰਧਾਵਾ ਦੀ ਕਾਰ ਸੇਵਾ ਚਲਦੀ ਆ ਰਹੀ ਹੈ। ਇਸ ਇਤਿਹਾਸਕ ਖੂਹ (ਸ੍ਰੀ ਬਾਉਲੀ ਸਾਹਿਬ) ਨੂੰ ਮਹਾਂਪੁਰਖਾਂ ਵੱਲੋਂ ਫਿਰ ਉਹੀ ਪੁਰਾਤਨ ਦਿੱਖ ਦਿੱਤੀ ਜਾ ਰਹੀ ਹੈ। ਅਗਲੇ ਕੁਝ ਦਿਨਾਂ ਤਕ ਹਰਟ ਅਤੇ ਟਿੰਡਾਂ ਸਮੇਤ ਫਿਰ ਪੁਰਾਣੀ ਦਿੱਖ ਨਜ਼ਰ ਆਵੇਗੀ। ਇਸ ਇਤਿਹਾਸਕ ਖੂਹ ਦੀ ਕਾਰਸੇਵਾ ਜੋ ਬਹੁਤ ਹੀ ਜਲਦ ਮੁਕੰਮਲ ਹੋ ਰਹੀ ਹੈ ਅਤੇ 18 ਫਰਵਰੀ ਨੂੰ ਇਸ ਇਤਿਹਾਸਕ ਖੂਹ ਨੂੰ ਦਰਸ਼ਨਾਂ ਲਈ ਸੰਗਤਾਂ ਦੇ ਸਪੁਰਦ ਕਰ ਦਿੱਤਾ ਜਾਵੇਗਾ ਅਤੇ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮੌਕੇ ਦੇਸ਼ਾਂ-ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਇਸ ਪੁਰਾਤਨ ਖੂਹ ਦੇ ਦਰਸ਼ਨ ਦੀਦਾਰੇ ਵੀ ਕਰਨਗੀਆਂ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਬਿਸ਼ਨ ਸਿੰਘ ਕਾਰ ਸੇਵਾ ਖਡੂਰ ਸਾਹਿਬ ਤੇ ਗੁਰਦੁਆਰਾ ਦਰਬਾਰ ਸਾਹਿਬ ਦੇ ਮੈਨੇਜਰ ਬਲਜੀਤ ਸਿੰਘ ਤਲਵੰਡੀ ਰਾਮਾ ਨੇ ਦੱਸਿਆ ਕਿ 18 ਫਰਵਰੀ 2023 ਨੂੰ ਇਸ ਖੂਹ ਦੇ ਸੇਵਾ ਕਾਰਜਾਂ ਦੀ ਸੰਪੂਰਨਤਾ 'ਤੇ ਹੋ ਰਹੇ ਉਦਘਾਟਨੀ ਸਮਾਗਮ ਵਿੱਚ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪੰਥਕ ਪੰਥ ਦੀਆਂ ਮਹਾਨ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਰਹੀਆਂ ਹਨ।

## ਅਦਾਲਤੀ ਇਸ਼ਤਿਹਾਰ

ਅਦਾਲਤ ਵਿੱਚ ਵਿਅਕਤੀਗਤ ਹਾਜ਼ਰੀ ਲਈ ਸੰਮਨ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਇਮ ਸ਼ਾਹਕੋਟ

ਕੇਸ ਨੰਬਰ 44/ਟੀ/2022 ਬਾਬਤ : ਤਕਸੀਮ

ਨੋਟਿਸ ਬਨਾਮ

1. ਬਚਨੋ ਪੁੱਤਰੀ ਚੰਦਾ ਸਿੰਘ, 2. ਜੀਤ ਸਿੰਘ ਪੁੱਤਰ ਹਰੀ ਸਿੰਘ, 3. ਜਸਵਿੰਦਰ ਸਿੰਘ, 4. ਸੁਖਦੇਵ ਸਿੰਘ ਪੁਤਰਾਨ ਸੁੱਚਾ ਸਿੰਘ, 5 ਵਰਿੰਦਰ ਸਿੰਘ ਪੁੱਤਰ ਚਰਨਜੀਤ ਸਿੰਘ, 6 ਗੁਰਜੀਤ ਕੌਰ ਵਿਧਵਾ ਵਾ, 7. ਵੀਰਪਾਲ ਕੌਰ, 8. ਕੁਲਵਿੰਦਰ ਕੌਰ ਪੁਤਰੀਆਂ ਰਣਜੀਤ ਸਿੰਘ, 9. ਬਲਵਿੰਦਰ ਕੌਰ ਵਿਧਵਾ ਵਾ, 10. ਗੁਰਮੁਖ ਸਿੰਘ, 11. ਰਣਜੀਤ ਸਿੰਘ, 12. ਜਗਦੇਵ ਸਿੰਘ ਪੁਤਰਾਨ ਮਹਿੰਦਰ ਸਿੰਘ, 13. ਨਿਰਮਲ ਸਿੰਘ, 14 ਸੁਰਿੰਦਰ ਸਿੰਘ ਪੁਤਰਾਨ ਆਤਮਾ ਸਿੰਘ, 15 ਜਰਨੈਲ ਸਿੰਘ, 16. ਸੁਰਿੰਦਰ ਸਿੰਘ ਪੁੱਤਰ ਸਾਧੂ ਸਿੰਘ, 17. ਗੁਰਮੇਜ ਕੌਰ ਵਿਧਵਾ ਬਿਕਰ ਸਿੰਘ, 18. ਅਮਰਜੀਤ ਕੌਰ ਪੁੱਤਰੀ ਸਾਧੂ ਸਿੰਘ, 19. ਦਿਲਬਾਗ ਸਿੰਘ ਪੁੱਤਰ ਬਿਕਰ ਸਿੰਘ, 20. ਚਰਨ ਸਿੰਘ, 21. ਸੁਖਦੇਵ ਸਿੰਘ, 22. ਕੁਲਦੀਪ ਸਿੰਘ ਪੁਤਰਾਨ ਗੁਰਦਿਆਲ ਸਿੰਘ, 23. ਧਨ ਕੌਰ ਵਿਧਵਾ ਮਿਲਖਾ ਸਿੰਘ, 24. ਅਮਰ ਕੌਰ ਪੁੱਤਰੀ ਮਿਲਖਾ ਸਿੰਘ, 25. ਜੀਤ ਕੌਰ ਪਤਨੀ ਗੁਰਚਰਨ ਸਿੰਘ, 26. ਬਲਵਿੰਦਰ ਸਿੰਘ, 27. ਹਰਜਿੰਦਰ ਸਿੰਘ, 28. ਨਰਿੰਦਰ ਸਿੰਘ ਪੁਤਰਾਨ ਮੋਹਨ ਸਿੰਘ, 29. ਮੁਖਤਿਆਰ ਸਿੰਘ, 30. ਰਣਜੀਤ ਸਿੰਘ, 31. ਹਰਮੇਲ ਸਿੰਘ, 32. ਦਲਬੀਰ ਸਿੰਘ ਪੁਤਰਾਨ ਬਖਸ਼ੀਸ਼ ਸਿੰਘ, 33. ਗਰਿੰਦਰ ਸਿੰਘ ਪੁੱਤਰ ਦਲਬੀਰ ਸਿੰਘ, 34. ਬੰਤ ਸਿੰਘ, 35 ਸ਼ਿੰਗਾਰਾ ਸਿੰਘ ਪੁਤਰਾਨ ਸੋਹਨ ਸਿੰਘ, 36. ਪਰਗਟ ਸਿੰਘ ਪੁੱਤਰ ਬਚਨ ਸਿੰਘ, 37 ਆਤਮਾ ਸਿੰਘ, 38. ਜਗਤਾਰ ਸਿੰਘ ਪੁਤਰਾਨ ਕਰਨੈਲ ਸਿੰਘ, 39 ਗੁਰਜੀਤ ਸਿੰਘ, 40 ਸਤਬੀਰ ਸਿੰਘ ਪੁਤਰਾਨ ਗੁਰਮੇਜ ਸਿੰਘ, 41. ਅਜਮੇਰ ਸਿੰਘ ਪੁੱਤਰ ਕਰਨੈਲ ਸਿੰਘ, 42 ਬਲਦੇਵ ਸਿੰਘ, 43. ਹਰਮੀਤ ਸਿੰਘ ਪੁਤਰਾਨ ਮਹਿੰਦਰ ਸਿੰਘ, 44. ਬਲਵਿੰਦਰ ਕੌਰ ਪੁਤਰੀ ਮਹਿੰਦਰ ਸਿੰਘ, 45. ਗੁਰਦੀਪ ਸਿੰਘ ਪੁੱਤਰ ਜਗੀਰ ਸਿੰਘ, 46. ਕਸ਼ਮੀਰ ਸਿੰਘ ਪੁੱਤਰ ਆਤਮਾ ਸਿੰਘ, 47. ਅਵਤਾਰ ਸਿੰਘ ਪੁੱਤਰ ਕਰਨੈਲ ਸਿੰਘ, 48. ਅਵਤਾਰ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ।

ਕਿਉਂਕਿ ਜੋ ਸ੍ਰੀ ਜਗਵਿੰਦਰ ਸਿੰਘ, ਜਸਪਿੰਦਰ ਸਿੰਘ ਪੁੱਤਰਾਨ ਮਲਕੀਤ ਸਿੰਘ ਵਾਸੀ ਪਿੰਡ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੇ ਦਰਖਾਸਤ ਬਰਾਏ ਤਕਸੀਮ ਅਰਾਜ਼ੀ ਦਰਖਾਸਤ ਬਾਬਤ ਰਕਬਾ 299 ਕਨਾਲ 06 ਮਰਲੇ ਖੇਵਟ/ਖਤੌਨੀ ਨੰਬਰ 471/521, 242/281, 343/389, 390, 391, 352/400, 401, 57/62, 350/398, 58/63, 222/257, 243/282, 244/283 ਵਾਕਿਆ ਰਕਬਾ ਪਿੰਡ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦਾਇਰ ਕੀਤਾ ਹੈ ਕਿ ਇਸ ਲਈ ਤੁਹਾਨੂੰ ਇਸ ਲਿਖਤ ਦੁਆਰਾ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਤੁਸੀਂ ਮਿਤੀ 24.02.2023 ਨੂੰ ਪੂਰਬ ਦੁਪਹਿਰ 2 ਵਜੇ ਇਸ ਅਦਾਲਤ ਵਿੱਚ ਖੁਦ ਆਪ ਹਾਜ਼ਰ ਹੋ ਕਿ ਦਾਅਵੇ ਦਾ ਜਵਾਬ ਦੇਵੋ ਅਤੇ ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤੁਸੀਂ ਉਪਰੋਕਤ ਦਿਨ ਉਹ ਸਾਰੇ ਦਸਤਾਵੇਜ਼ ਪੇਸ਼ ਕਰੋ, ਜਿਨ੍ਹਾਂ ਨੂੰ ਤੁਸੀਂ ਆਪਣੇ ਜਵਾਬ ਦੀ ਪੁਸ਼ਟੀ ਵਿੱਚ ਸਬੂਤ ਵਜੋਂ ਪੇਸ਼ ਕਰਨਾ ਚਾਹੁੰਦੇ ਹੋ। ਤੁਹਾਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਤੁਸੀਂ ਉਪਰੋਕਤ ਦਿਨ ਹਾਜ਼ਰ ਨਾ ਹੋਏ ਤਾਂ ਮੁਕੱਦਮਾ ਤੁਹਾਡੀ ਹਾਜ਼ਰੀ ਤੋਂ ਬਗੈਰ ਹੀ ਸੁਣਿਆ ਜਾਵੇਗਾ ਅਤੇ ਫੈਸਲਾ ਕਰ ਦਿੱਤਾ ਜਾਵੇਗਾ।

ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਅੱਜ ਮਿਤੀ 7.2.2023 ਨੂੰ ਜਾਰੀ ਕੀਤਾ।

ਸਹਾਇਕ ਕੁਲੈਕਟਰ ਦਰਜਾ ਅੱਵਲ, ਸ਼ਾਹਕੋਟ

ਨੰਬਰ 2/ਐੱਸ ਪੀ ਐੱਲ/ਰੀਡਰ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਗੁਰਜਿੰਦਰ ਸਿੰਘ ਬੈਨੀਪਾਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

1. ਕੇਸ ਨੰਬਰ 5-7/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ

ਤਾਰੀਖ ਦਾਇਰ : 21/12/2022

ਤਕਸੀਮ ਖੇਵਟ ਨੰ: 18, 19, 1336, 1987, 1989, 1990, 2637 ਖਤੌਨੀ ਨੰ: 27, 28, 1746, 2576, 2578, 2579, 3432 ਮੁਤਾਬਕ ਜਮ੍ਹਾਂਬੰਦੀ ਸਾਲ 2014-2015, ਵਾਕਿਆ ਰਕਬਾ ਪਿੰਡ : ਤਲਵੰਡੀ ਚੌਧਰੀਆਂ, ਹਦਬਸਤ ਨੰ: 73, ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ।

2. ਸੁਰਿੰਦਰ ਸਿੰਘ ਪੁੱਤਰ ਲਛਮਣ ਸਿੰਘ ਪੁੱਤਰ ਹੀਰਾ ਸਿੰਘ ਵਾਸੀ 7 Green Lane, Stockton On Tees 19 OPD U.K. ਰਾਹੀਂ ਮੁਖਤਾਰ ਬਲਵਿੰਦਰ ਸਿੰਘ ਪੁੱਤਰ ਜੈਲ ਸਿੰਘ ਵਾਸੀ ਪਿੰਡ ਰਾਮਪੁਰ ਜਗੀਰ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ। (ਫਰੀਕ ਅੱਵਲ)

ਬਨਾਮ-1. ਕਰਮਜੀਤ ਸਿੰਘ ਪੁੱਤਰ ਲਛਮਣ ਸਿੰਘ ਪੁੱਤਰ ਹਰੀ ਸਿੰਘ 2. ਸੁਖਬੀਰ ਸਿੰਘ ਪੁੱਤਰ ਚੰਦਰ ਮੋਹਣ ਸਿੰਘ ਪੁੱਤਰ ਲਛਮਣ ਸਿੰਘ 3. ਦਲਜੀਤ ਸਿੰਘ ਪੁੱਤਰ ਲਛਮਣ ਸਿੰਘ ਪੁੱਤਰ ਹੀਰਾ ਸਿੰਘ

ਖੇਵਟਦਾਰ ਵਾਸੀਆਨ ਪਿੰਡ ਤਲਵੰਡੀ ਚੌਧਰੀਆਂ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ।

(ਫਰੀਕ ਦੋਮ)

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉੱਪਰ ਲਿਖੇ ਫਰੀਕੈਨ ਦੋਇਮ ਦੀ ਸਾਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ। ਇਸ ਲਈ ਇਸ ਅਦਾਲਤ ਰਾਹੀਂ ਸਾਰੇ ਫਰੀਕੈਨ ਦੋਇਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਹਨਾਂ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 16.2.2023 ਨੂੰ ਦੁਪਹਿਰ 2 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 24.1.2023 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਹੋਇਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

ਨੰਬਰ 32/ਰੀਡਰ/ਮਿਤੀ : 6.2.2023

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਜਸ਼ਨਜੀਤ ਸਿੰਘ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਜਲੰਧਰ।

ਕੇਸ ਅਨੁਵਾਨ : 416/ਐੱਫ ਟੀ ਸੀ/ਐੱਨ ਆਰ ਆਈ

ਖੇਵਟ ਨੰ: 317/333, 330/346, 331/347, 332/348, 334/350, 319/335, 320/336, ਵਾਕਿਆ ਪਿੰਡ : ਮੋਹੇਮ

ਇਸ ਨੋਟਿਸ ਰਾਹੀਂ ਹਰ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਰਿੰਦਰ ਕੌਰ ਪਤਨੀ ਕੁਲਵੰਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਮੋਹੇਮ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ ਹਾਲ ਵਾਸੀ Via Don Calro Scartabellati, 6 24040 Gorlago BG Italy.

...Petitioner

ਬਨਾਮ-1. ਦਲਵੀਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਊਧੋ ਚੰਦ 2. ਜਸਬੀਦਾਰ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਕਿਸ਼ਨ ਸਿੰਘ 3. ਜਸਪਾਲ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਕਿਸ਼ਨ ਸਿੰਘ 4. ਮਨਜਿੰਦਰ ਸਿੰਘ ਪੁੱਤਰ ਰਾਖਾ ਰਾਮ ਪੁੱਤਰ ਵਰੀਆਮਾ 5. ਬਲਵੀਰ ਸਿੰਘ ਪੁੱਤਰ ਦਰਬਾਰਾ ਸਿੰਘ ਪੁੱਤਰ ਵਰੀਆਮਾ 6. ਗੁਰਬਕਸ਼ ਕੌਰ ਪੁੱਤਰੀ ਦਰਸ਼ਨ ਸਿੰਘ ਪੁੱਤਰ ਸ਼ਾਮਾਂ 7. ਰਤਨ ਕੌਰ ਵਿਧਵਾ ਕਰਨੈਲ ਸਿੰਘ ਪੁੱਤਰ ਸ਼ਾਮਾਂ 8. ਮੋਹਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਸ਼ਾਮਾਂ 9. ਪਰਮਜੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਸ਼ਾਮਾਂ 10. ਮੇਜਰ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਸ਼ਾਮਾਂ 11. ਕੁਲਦੀਪ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਸ਼ਾਮਾਂ 12. ਹਾਕਮ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਪ੍ਰਤਾਪ ਸਿੰਘ 13. ਤੀਰਥਪਾਲ ਸਿੰਘ, ਬਲਵਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ 14. ਮੁਖਤਿਆਰ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਦਰਬਾਰਾ ਸਿੰਘ 15. ਕਸ਼ਮੀਰ ਸਿੰਘ ਉਰਫ ਰਤਨ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਦਰਬਾਰਾ ਸਿੰਘ 16. ਪਾਲ ਕੌਰ ਪਤਨੀ ਧਿਆਨ ਸਿੰਘ ਪੁੱਤਰ ਲੈਂਬਰ ਸਿੰਘ 17. ਸ਼ਿੰਗਾਰਾ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਊਧੋ ਚੰਦ 18. ਜਸਵੀਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਊਧੋ ਚੰਦ 19. ਜਸਵੰਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਊਧੋ ਚੰਦ 20. ਕੁਲਵੰਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਊਧੋ ਚੰਦ 21. ਲਵਜੀਤ ਸਿੰਘ ਪੁੱਤਰ ਜਸਵੀਰ ਸਿੰਘ ਪੁੱਤਰ ਬਖਸ਼ੀਸ਼ ਸਿੰਘ 22. ਸਕਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਊਧੋ ਚੰਦ 23. ਜਸਵਿੰਦਰ ਸਿੰਘ ਪੁੱਤਰ ਨਰੰਜਨ ਸਿੰਘ ਪੁੱਤਰ ਊਧੋ ਚੰਦ 24. ਮੋਹਿੰਦਰ ਸਿੰਘ ਪੁੱਤਰ ਸੁਚੇਤ ਸਿੰਘ ਪੁੱਤਰ ਖਜਾਨਾ 25. ਸੁਖਵਿੰਦਰ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਚਰਨ ਸਿੰਘ 26. ਬਖਸ਼ੀਸ਼ ਸਿੰਘ ਪੁੱਤਰ ਊਧੋ ਚੰਦ ਪੁੱਤਰ ਰੂੜਾ 27. ਸੰਤਾ ਸਿੰਘ ਪੁੱਤਰ ਈਸ਼ਰ ਸਿੰਘ ਪੁੱਤਰ ਕਾਬਲ ਸਿੰਘ 28. ਬਲਵਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਊਧੋ ਚੰਦ 29. ਗੁਲਜਾਰ ਸਿੰਘ ਪੁੱਤਰ ਬਿਸ਼ਨ ਸਿੰਘ ਸਾਰੇ ਵਾਸੀਆਨ ਪਿੰਡ ਮੋਹੇਮ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ 30. ਕੈਪੀਟਲ ਲੋਕਲ ਏਰੀਆ ਬੈਂਕ, ਬਰਾਂਚ ਨਕੋਦਰ, ਜ਼ਿਲ੍ਹਾ ਜਲੰਧਰ 31. ਕੈਨਰਾ ਬੈਂਕ, ਬਰਾਂਚ ਸ਼ੰਕਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ 32. ਕੈਪੀਟਲ ਲੋਕਲ ਏਰੀਆ ਬੈਂਕ, ਬਰਾਂਚ ਨੂਰਮਹਿਲ, ਜ਼ਿਲ੍ਹਾ ਜਲੰਧਰ 33. ਸਟੇਟ ਬੈਂਕ ਆਫ ਪਟਿਆਲਾ, ਬਰਾਂਚ ਨਕੋਦਰ, ਜ਼ਿਲ੍ਹਾ ਜਲੰਧਰ 34. ਦੀ ਨਕੋਦਰ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ।

...Respondents

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਲ ਹੈ। ਇਸ ਲਈ ਮਿਤੀ 6.3.2023 ਨੂੰ ਦੁਪਹਿਰ 2.00 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 10.2.2023 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਜਲੰਧਰ।

ਨੰ: 36/ਰੀਡਰ/ਡੀ ਆਰ ਓ/ਮਿਤੀ : 10.2.2023

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਨੰ: ਬੀ-29/73/26 ਵਿਜੇ ਕੁਮਾਰ ਪੁੱਤਰ ਸਤਪਾਲ ਵਾਕਿਆ ਆਊਟ ਸਾਈਡ ਠਠਿਆਰੀ ਗੇਟ ਬਟਾਲਾ, ਜੋ ਕਿ ਨਗਰ ਨਿਗਮ ਬਟਾਲਾ ਦੇ ਟੀ ਐੱਸ। ਰਜਿਸਟਰ ਵਿੱਚ ਦੇ ਨਾਂਅ 'ਤੇ ਦਰਜ ਹੈ। ਪ੍ਰਾਰਥੀ ਜਤਿੰਦਰ ਕੁਮਾਰ ਪੁੱਤਰ ਗੁਰਬਚਨ ਲਾਲ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ ਕਿ ਮੇਰੇ ਪ੍ਰਾਪਰਟੀ ਨੰ: ਬੀ-29/73/26 ਵਿਜੇ ਕੁਮਾਰ ਪੁੱਤਰ ਸਤਪਾਲ ਦੇ ਲਾਗੇ ਮੇਰੇ ਨਾਂਅ 'ਤੇ ਨਵਾਂ ਨੰਬਰ ਦਰਜ ਕੀਤਾ ਜਾਵੇ। ਪ੍ਰਾਰਥੀਆਂ ਵੱਲੋਂ ਰਜਿਸਟਰੀ ਦੀ ਕਾਪੀ ਲਗਾਈ ਹੈ, ਜਿਸ ਵਿੱਚ ਸੁਰਿੰਦਰ ਪਾਲ ਪੁੱਤਰ ਹਰੀ ਰਾਮ ਵੱਲੋਂ ਵਸੀਕਾ ਨੰ: 819199 ਮਿਤੀ 9.9.99 ਰਾਹੀਂ ਦਰਸ਼ਨਾ ਰਾਣੀ ਪਤਨੀ ਗੁਰਬਚਨ ਲਾਲ ਦੇ ਹੱਕ ਵਿੱਚ ਰਜਿਸਟਰੀ ਕਰ ਦਿੱਤੀ ਸੀ। ਪ੍ਰਾਰਥੀ ਦੀ ਰਜਿਸਟਰੀ ਦੇ ਮੁਤਾਬਕ ਲਹਿੰਦੇ ਵੱਲ ਵਿਜੇ ਕੁਮਾਰ ਪੁੱਤਰ ਸਤਪਾਲ ਹੈ, ਜੋ ਕਿ ਪ੍ਰਾਰਥੀ ਦਾ ਗੁਆਂਢੀ ਹੈ। ਜਤਿੰਦਰ ਕੁਮਾਰ ਪੁੱਤਰ ਗੁਰਬਚਨ ਲਾਲ ਵੱਲੋਂ ਸੇਵਾ ਕੇਂਦਰ ਵਾਲਾ ਹਲਫੀਆ ਦਿੱਤਾ ਹੈ ਕਿ ਮੇਰੀ ਮਾਤਾ ਦੇ ਨਾਂਅ ਇੱਕ ਦੁਕਾਨ ਕੀਤੀ ਗਈ ਸੀ, ਜੋ ਕਿ ਨਗਰ ਨਿਗਮ ਦੇ ਰਿਕਾਰਡ ਵਿੱਚ ਦਰਜ ਨਹੀਂ ਹੈ। ਜੋ ਕਿ ਮੇਰੀ ਮਾਤਾ ਦੀ ਮੌਤ ਹੋ ਚੁੱਕੀ ਹੈ। ਮੇਰੇ ਪਿਤਾ ਦੀ ਮੌਤ ਹੋ ਚੁੱਕੀ ਹੈ। ਉਹਨਾਂ ਦੀ ਮੌਤ ਤੋਂ ਬਾਅਦ ਅਸੀਂ ਜਤਿੰਦਰ ਕੁਮਾਰ, ਬਲਵਿੰਦਰ ਕੁਮਾਰ, ਕੁਲਦੀਪ ਕੁਮਾਰ, ਰਜਨੀ, ਸਵਿਤਾ, ਪਰਮਜੀਤ ਪੁੱਤਰ/ਪੁੱਤਰੀ ਗੁਰਬਚਨ ਲਾਲ ਦੇ ਕਾਨੂੰਨੀ ਵਾਰਸ ਹਾਂ। ਜਤਿੰਦਰ ਕੁਮਾਰ ਵੱਲੋਂ ਸੇਵਾ ਕੇਂਦਰ ਵਾਲਾ ਹਲਫੀਆ ਦਿੱਤਾ ਹੈ ਕਿ ਇਹ ਕਿ ਉਕਤ ਯੂਨਿਟ ਨਗਰ ਨਿਗਮ ਦੇ ਰਿਕਾਰਡ ਵਿੱਚ ਦਰਜ ਨਹੀਂ ਹੈ। ਮੈਂ ਇਹ ਕਿ ਨਵੇਂ ਨੰਬਰ ਦੀ ਐਂਟਰੀ ਕਰਵਾ ਰਿਹਾ ਹਾਂ ਅਤੇ ਮੈਂ ਕਿਸੇ ਵੀ ਬੈਂਕ ਲੋਨ ਵਾਸਤੇ ਪਿਛਲੇ 20 ਸਾਲਾਂ ਦੇ ਰਿਕਾਰਡ ਦੀ ਮੰਗ ਨਹੀਂ ਕਰਾਂਗਾ। ਜੇਕਰ ਇਸ ਪ੍ਰਾਪਰਟੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨ ਦੇ ਅੰਦਰ-ਅੰਦਰ ਦਫਤਰ ਨਗਰ ਨਿਗਮ ਬਟਾਲਾ ਵਿੱਚ ਇਤਰਾਜ਼ ਦੇ ਸਕਦਾ ਹੈ। ਇਸ ਸਮੇਂ ਤੱਕ ਜੇਕਰ ਕੋਈ ਇਤਰਾਜ਼ ਨਾ ਆਇਆ ਜਾਂ ਇਤਰਾਜ਼ ਵਾਜਬ ਨਾ ਹੋਇਆ ਤਾਂ ਇਹ ਸਿਰਫ ਪ੍ਰਾਪਰਟੀ ਟੈਕਸ ਮੰਤਵ ਲਈ ਨਗਰ ਨਿਗਮ ਬਟਾਲਾ ਦੇ ਟੀ ਐੱਸ। ਰਜਿਸਟਰ ਵਿੱਚ ਪ੍ਰਾਪਰਟੀ ਨੰ: ਬੀ-29/73/26 ਵਿਜੇ ਕੁਮਾਰ ਪੁੱਤਰ ਸਤਪਾਲ ਦੇ ਲਾਗੇ ਨਵਾਂ ਨੰਬਰ ਜਤਿੰਦਰ ਕੁਮਾਰ ਪੁੱਤਰ ਗੁਰਬਚਨ ਲਾਲ ਦੇ ਨਾਂਅ 'ਤੇ ਦਰਜ ਕਰ ਦਿੱਤੀ ਜਾਵੇਗੀ। ਪ੍ਰਾਰਥੀ ਵੱਲੋਂ ਦਿੱਤੇ ਗਏ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਤਾਂ ਇਸ ਇੰਦਰਾਜ਼ ਨੂੰ ਰੱਦ ਕਰਨ ਦਾ ਅਧਿਕਾਰ ਨਗਰ ਨਿਗਮ ਦੇ ਪਾਸ ਰਾਖਵਾਂ ਹੋਵੇਗਾ ਅਤੇ ਇਸ ਤੋਂ ਬਾਅਦ ਕੋਈ ਵੀ ਉਜਰ ਨਹੀਂ ਸੁਣਿਆ ਜਾਵੇਗਾ।

ਸਹੀ/-

ਸੁਪਰਡੈਂਟ, ਨਗਰ ਨਿਗਮ ਬਟਾਲਾ

## Court Notice

In the Court of Ms. Kiran Bala Addl. Principal Judge Family Court, Garhshankar.

CNR No. PBHOF3-000026-2020

Next Date : 27.3.2023

Nisha Rani age 25 years wife of Dinesh Kumar S/o Late Ravinder Kumar R/o Vill. Panjaura, Tehsil Garhshankar, Distt. Hoshiarpur now residing in the house of her father Jarnail Singh R/o Vill. Moranwali, Tehsil Garhshankar, Distt. Hoshiarpur & others.

Petitioner

Versus

Dinesh Kumar S/o Ravinder Kumar R/o Vill. Panjaura, Tehsil Garhshankar, Distt. Hoshiarpur.

Respondent

Petition Under Section 125 Cr. P.C.

Publication issued to : Dinesh Kumar S/o Ravinder Kumar R/o Vill. Panjaura, Tehsil Garhshankar, Distt. Hoshiarpur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.3.2023 at 10.00 a.m.

For details logon to https://highcourtchd.gov.in/?trs=district notice&district=Hoshiarpur

Addl. Principal Judge Family Court, Garhshankar.

Dated, this day of 8.2.2023

## Court Notice

In the Court of Ms. Ashima Sharma Civil Judge (Junior Division), Ludhiana.

CNR No. PBLD02-004350-2020

Next Date : 3.3.2023

Canara Bank

Versus

M/S Uday and Aziz Embroidery Works

Publication issued to : 1. M/S Uday and Aziz Embroidery Works 1712, Punjabi Bagh Opp. Gate Sarab Sanjha Gurudwara Tibba Road, LDH, Ludhiana, Punjab 2. Balwinder Kaur Proprietor M/S Uday and Azia Embroidery Works R/o 1452 Gali No. 2 Ward No. 8 Maharana Partap Nagar Tibba Road, Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.3.2023 at 10.00 a.m.

For details logon to https://highcourtchd.gov.in/?trs=district notice&district=Ludhiana

Civil Judge (Junior Division), Ludhiana.

Dated, this day of 2.2.2023

## Court Notice

In the Court of Ms. Anubha Jindal Civil Judge (Junior Division), Ludhiana.

Case No. CS/5500/2016

CNR No. PBLD02-009513-2016

Next Date : 27.2.2023

Divisional Forest Officers

Versus

Narinder Kaur

Publication issued to : Dilvar Father Madho Ram R/o Rahon, Tehsil and Distt. Nawanshahar (Shaheed Bhagat Singh Nagar).

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.2.2023 at 10.00 a.m.

For details logon to https://highcourtchd.gov.in/?trs=district notice&district=Ludhiana

Civil Judge (Junior Division), Ludhiana

Dated, this day of 2.2.2023

## Court Notice

In the Court of Ms. Jasleen Narang Judicial Magistrate Ist Class, Ludhiana.

CNR No. PBLD03-055307-2018

Next Date : 16.3.2023

HDFC Bank

Versus

Daljit Singh

Publication issued to : Daljit Singh S/o Taran Singh R/o Vill. Chaunta, Ludhiana.

In above titled case, the accused could not be served. It is ordered that accused should appear in person or through counsel on 16.3.2023 at 10.00 a.m.

For details logon to https://highcourtchd.gov.in/?trs=district notice&district=Ludhiana

Judicial Magistrate Ist Class, Ludhiana.

Dated, this day of 6.2.2023

## Court Notice

(Succession Case)

In the Court of Jaapinder Singh Civil Judge (Senior Division), Amritsar.

CNR No. PBAS02-000356-2023

Next Date : 19.4.2023

Saneh W/o Sh. Mohinder Kapoor R/o 581, Basant Avenue, Amritsar.

Versus

General Public

Application under section act for the grant of Succession Certificate in favour of the applicant with respect to the estate of deceased Late Sh. Mohinder Kapoor.

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 19.4.2023 at 10.00 a.m.

For details logon to https://highcourtchd.gov.in/?trs=district notice&district=Amritsar

Civil Judge (Senior Division), Amritsar.

Dated, this day of 10.2.2023

## ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ (ਤਰਨ ਤਾਰਨ)

### ਕੰਟੀਨ ਦੀ ਅਲਾਟਮੈਂਟ

ਯੂਨੀਵਰਸਿਟੀ ਕਾਲਜ ਚੁੰਘ ਦੀ ਕੰਟੀਨ, 01 ਸਾਲ ਦੇ ਸਮੇਂ ਦੀ ਅਲਾਟਮੈਂਟ ਲਈ ਬਿਨੈ-ਪੱਤਰ, ਇਸ਼ਤਿਹਾਰ ਛਪਣ ਦੀ ਮਿਤੀ ਤੋਂ 12 ਦਿਨਾਂ (11-02-2023 ਤੋਂ 22-02-2023) ਦੇ ਅੰਦਰ-ਅੰਦਰ ਮੰਗੇ ਜਾਂਦੇ ਹਨ। ਇਸ ਸੰਬੰਧੀ ਫਾਰਮ ਅਤੇ ਸ਼ਰਤਾਂ ਕਾਲਜ ਦਫਤਰ ਤੋਂ ਪ੍ਰਾਪਤ ਕੀਤੀਆਂ ਜਾਣ।

ਫੋਨ-98551-76056

ਆਫਿਸ ਆਨ ਸਪੈਸ਼ਲ ਡਿਊਟੀ

# 'ਪੰਜਾਬ 'ਚ ਤਾਂ ਰੱਬ ਵੱਸਦੈ, ਬਹੁਤ ਚੰਗਾ ਲੱਗਿਆ ਇੱਥੇ ਆ ਕੇ'

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਪੰਜਾਬ ਵਿੱਚ ਤਾਂ ਰੱਬ ਵੱਸਦਾ, ਬਹੁਤ ਚੰਗਾ ਲੱਗਿਆ ਪੰਜਾਬ ਆ ਕੇ ਕਿਉਂਕਿ ਇੱਥੋਂ ਦੇ ਲੋਕ ਆਪਸ ਵਿੱਚ ਬਹੁਤ ਪਿਆਰ ਤੇ ਸਤਿਕਾਰ ਨਾਲ ਰਹਿੰਦੇ ਹਨ ਤੇ ਵੱਡਿਆਂ ਦਾ ਬਹੁਤ ਆਦਰ ਕਰਦੇ ਹਨ। ਇਹ ਸ਼ਬਦ ਨਿਊਜ਼ੀਲੈਂਡ ਤੋਂ ਪੰਜਾਬ ਵੇਖਣ ਆਏ ਦੋ ਅੰਗਰੇਜ਼ ਡੈਲੋਰੀਨਾ ਤੇ ਐਂਡਰੋ ਕੈਟੀ ਨੇ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਦੇ ਗ੍ਰਹਿ ਵਿਖੇ ਗੱਲਬਾਤ ਕਰਦਿਆਂ ਕਹੇ। ਇਹ ਦੋਵੇਂ ਅੰਗਰੇਜ਼ ਕਹਿੰਦੇ ਹਨ ਕਿ ਸਿੱਖ ਬਹੁਤ ਸੇਵਾ ਭਾਵਨਾ ਵਾਲੇ ਹਨ, ਮਿਹਨਤ ਕਰਨ ਵਾਲੇ ਅਤੇ ਪਿਆਰ ਕਰਨ ਵਾਲੇ ਹਨ। ਸਾਡਾ ਤਾਂ ਪੰਜਾਬ ਤੋਂ ਜਾਣ ਨੂੰ ਦਿਲ ਨਹੀਂ ਕਰਦਾ। ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਇਨ੍ਹਾਂ ਦੋਵੇਂ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਹਰਮਨਜੀਤ ਸਿੰਘ ਜੱਲੂਪੁਰ, ਕੁਲਵਿੰਦਰ ਕੌਰ ਭੋਲੀ, ਕਵਲਜੀਤ ਕੌਰ ਤਰਸਿੱਕਾ, ਅਮਨਦੀਪ ਕੌਰ, ਸੁਖਨਦੀਪ ਕੌਰ, ਗੁਰਵਿੰਦਰ ਸਿੰਘ ਲਾਡੀ, ਅਨਮੋਲਦੀਪ ਕੌਰ ਤੇ ਅਨਮੋਲਜੀਤ ਸਿੰਘ ਆਦਿ ਹਾਜ਼ਰ ਸਨ।

# ਕਲਾਸੀਫਾਈਡ ਇਸ਼ਤਿਹਾਰ

## Notice

I, Amarjit Kaur w/o Harwinder Singh r/o Village Kathiala Tehsil Dera Baba Nanak Distt Gurdaspur declare that in my pass book of State Bank of India, my name is wrongly written as Harjeet Kaur. My correct name is Amarjit Kaur. Concerned note. (KP)

## Public Notice

I, Jaswant Singh Sandhu S/o Gurdip Singh Sandhu R/o Brampton, Ontario, Canada, permanent resident of Village Basarke, Distt. Tarntaran hereby inform that my son Prinebir Singh Sandhu and my daughter Kiranbir Kaur Sandhu, both Canada Citizen are out of my control. I have disowned them, They have no share or entitlement in my property in India. They are not legal heirs anymore. I have already revoked all my previous attorneys given to my son Princebir Singh Sandhu. I am not responsible for his any act/deed or transaction made in this regard.

## ਆਮ ਸੂਚਨਾ

ਮੈਂ ਗੁਰਨਾਮ ਸਿੰਘ ਮੇਹਤਾ ਪੁੱਤਰ ਲੇਟ ਸ੍ਰ. ਸੋਹਨ ਸਿੰਘ ਮੇਹਤਾ ਵਾਸੀ ਬੀ-318,ਰਣਜੀਤ ਐਵੀਨਿਊ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਰਵਪ੍ਰੀਤ ਸਿੰਘ ਮੇਹਤਾ ਨੂੰ ਕਹਿਣੇ ਤੋ ਬਾਹਰ ਹੋਣ ਕਾਰਨ ਨਵਾਂ ਜਮਾਨਾ ਅਖਬਾਰ ਵਿਚ ਇਸ਼ਤਿਹਾਰ ਦੇ ਕੇ 15.12.2022 ਨੂੰ ਆਪਣੀ ਚੱਲ-ਅਚੱਲ,ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿਚ ਹੈ,ਮੇਰੇ ਨਾਲ ਸਹਿਮਤ ਹੋ ਗਿਆ ਹੈ ਅਤੇ ਮੇਰੀ ਸੇਵਾ ਸੰਭਾਲ ਕਰਦਾ ਹੈ। ਮੈਂ ਉਸਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ।

ਮੋਟਰ ਕੁਨੈਕਸ਼ਨ ਖਾਤਾ ਨੰ: (ਬੀ ਯੂ-84) ਭਜਨ ਸਿੰਘ ਉਰਫ ਹਰਭਜਨ ਸਿੰਘ ਪੁੱਤਰ ਬਲਕਾਰ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਹਰਮਨਪ੍ਰੀਤ ਕੌਰ ਪਤਨੀ ਭੁਪਿੰਦਰ ਸਿੰਘ ਰਕਬਾ ਬੱਗੂ ਵਾਲਾ, ਤਹਿ: ਵਾ ਜ਼ਿਲ੍ਹਾ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿੱਚ ਐੱਸ ਡੀ ਓ (ਵੰਡ) ਮੱਲਾਂਵਾਲਾ ਨਾਲ ਸੰਪਰਕ ਕਰੇ। (ਲਖਵਿੰਦਰ)

ਟਿਊਬਵੈੱਲ ਖਾਤਾ ਕੁਨੈਕਸ਼ਨ ਖਾਤਾ ਨੰਬਰ ਏਪੀ 30/ 0554 ਐਨ ਜੋ ਕਿ ਨਸੀਬ ਸਿੰਘ ਪੁੱਤਰ ਬੁਲੋ ਰਾਮ ਦੇ ਨਾਮ ਤੇ ਪਿੰਡ ਮਛਰਾਲਾ ਜ਼ਿਲਾ ਗੁਰਦਾਸਪੁਰ ਵਿੱਚ ਚੱਲ ਰਿਹਾ ਹੈ, ਨੂੰ ਨਸੀਬ ਸਿੰਘ ਦੀ ਮੌਤ ਮਗਰੋਂ ਉਸ ਦੇ ਲੜਕੇ ਸੁਭਾਸ਼ ਸਿੰਘ ਵਾਸੀ ਪਿੰਡ ਮਛਰਾਲਾ ਡਾਕਖਾਨਾ ਬਹਿਰਾਮਪੁਰ ਤਹਿਸੀਲ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਦੇ ਨਾਮ ਤਬਦੀਲ ਕਰਨਾ ਹੈ। ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਅੰਦਰ ਉਪ ਮੰਡਲ ਅਫਸਰ, ਪੀ.ਐੱਸ.ਪੀ.ਸੀ.ਐੱਲ, ਸਬ ਡਿਵੀਜਨ ਬਹਿਰਾਮਪੁਰ (ਗੁਰਦਾਸਪੁਰ) ਨੂੰ ਸੂਚਿਤ ਕਰੇ। (KP)

## ਬੇਦਖਲੀ ਨੋਟਿਸ

ਮੈਂ, ਪਰਮਜੀਤ ਕੌਰ ਵਿਧਵਾ ਜਸਪਾਲ ਵਾਸੀ ਚਵਿੰਡਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਬਿੱਟੂ)

ਮੈਂ, ਰਾਮ ਲਾਲ ਮਹਤੋ ਪੁੱਤਰ ਇੰਦਰ ਦੇਵ ਮਹਤੋ ਵਾਸੀ ਔਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਸ਼ੰਕਰ ਮਹਤੋ ਅਤੇ ਇਸ ਦੀ ਪਤਨੀ ਮੋਨਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਿਲਬਾਗ ਸਿੰਘ ਪੁੱਤਰ ਬਾਵਾ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਲੱਖਣ ਖੁਰਦ, ਕਪੂਰਥਲਾ, ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਲੜਕਾ ਸੁਲੱਖਣ ਸਿੰਘ ਅਤੇ ਉਸਦੀ ਪਤਨੀ ਜਸਵੀਰ ਕੌਰ, ਮੇਰੇ ਕਹਿਣੇਕਾਰ ਤੋਂ ਬਾਹਰ ਹਨ ਅਤੇ ਮੇਰੇ ਨਾਲ ਤੇ ਪਰਿਵਾਰ ਨਾਲ ਲੜਾਈ-ਝਗੜਾ ਕਰਦੇ ਹਨ, ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਅੱਜ ਤੋਂ ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਦੋਵਾਂ ਨਾਲ ਕੋਈ ਵੀ ਤਲਕ-ਵਾਸਤਾ ਨਹੀਂ ਹੋਵੇਗਾ।

ਅਸੀ ਬਿੱਟੂ ਪੁੱਤਰ ਕਰਨੈਲ ਸਿੰਘ ਅਤੇ ਵਿਨਸ ਪਤਨੀ ਸੁਰਜੀਤ ਸਿੰਘ ਵਾਸੀ ਪਿੰਡ ਸੁਲਤਾਨਵਿੰਡ,ਪੱਤੀ ਛੇ ਵਾਰਡ ਪੰਡੋਰਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੇ ਦੋ ਲੜਕੇ ਰਿੰਕੂ ਅਤੇ ਟਿੰਕੂ ਸਾਡੇ ਕਹਿਣੇ ਤੋ ਬਾਹਰ ਹਨ ਅਤੇ ਗਲਤ ਸੋਸਾਇਟੀ ਵਿਚ ਪੈ ਗਏ ਹਨ ਅਤੇ ਸਾਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ ਹੈ।

ਮੈਂ ਸਤਨਾਮ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਚੇਲਾ,ਤਹਿਸੀਲ ਪੱਟੀ,ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਿੰਦਰਬੀਰ ਸਿੰਘ ਜੋ ਕਿ ਮਾੜੀ ਸੰਗਤ ਵਿਚ ਪੈ ਗਿਆ ਹੈ ਅਤੇ ਮੇਰੀ ਪਤਨੀ ਰੁਪਿੰਦਰ ਕੌਰ ਇਹ ਦੋਨੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦਾ ਮੈਂ ਜਿੰਮੇਵਾਰ ਨਹੀਂ ਹੋਵਾਂਗਾ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਅਸੀਂ ਵਿਪਨ ਖੰਨਾ ਪੁੱਤਰ ਰਾਮ ਕਿਸ਼ਨ ਅਤੇ ਪੂਨਮ ਖੰਨਾ ਪਤਨੀ ਵਿਪਨ ਖੰਨਾ ਵਾਸੀ 2207/9, ਗਲੀ ਜਸਵੰਤ ਕਟੜਾ ਦੂਲੋ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੇ ਲੜਕੇ ਵਿਕਰਮ ਖੰਨਾ ਅਤੇ ਸ਼ਿਵਮ ਖੰਨਾ ਦੋਨੋ ਸ਼ਾਦੀਸ਼ੁਦਾ ਸਾਡੇ ਕੰਟਰੋਲ ਤੋਂ ਬਾਹਰ ਹਨ। ਅਸੀਂ ਇਨ੍ਹਾਂ ਦੋਹਾਂ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਦੇ ਕਿਸੇ ਵੀ ਲੈਣ ਦੇਣ ਜਾਂ ਕਾਰ ਵਿਹਾਰ ਦੇ ਅਸੀਂ ਜਾਂ ਸਾਡਾ ਬਾਕੀ ਪਰਿਵਾਰ ਕਤਈ ਜਿੰਮੇਵਾਰ ਨਹੀਂ ਹੋਵਾਂਗੇ। (Soni)

ਮੈਂ ਦਲੀਪ ਸਿੰਘ ਪੁੱਤਰ ਫੁੰਮਣ ਸਿੰਘ ਵਾਸੀ ਪਿੰਡ ਚੱਕ ਕੰਧੇ ਸ਼ਾਹ ਤਹਿਸੀਲ ਗੁਰੂਹਰਸਹਾਇ ਜਿਲ੍ਹਾ ਫਿਰੋਜ਼ਪੁਰ ਨੇ ਆਪਣੇ ਲੜਕੇ ਮਹਿੰਦਰ ਸਿੰਘ, ਨੂੰਹ ਪਰਮਜੀਤ ਕੌਰ ਪੋਤਰੀ ਰੂਹਾਨੀਅਤ ਕੌਰ ਜੋ ਕਿ ਸਾਡੇ ਤੋਂ ਵੱਖ ਰਹਿੰਦੇ ਹਨ, ਸਾਡੇ ਨਾਲ ਲੜਾਈ ਝਗੜਾ ਕਰਦੇ ਹਨ ਤੇ ਬੁਰੀ ਸੰਗਤ ਦਾ ਸ਼ਿਕਾਰ ਹਨ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ. ਲਿਹਾਜਾ ਉਹਨਾਂ ਦੇ ਕਿਸੇ ਵੀਂ ਤਰਾਂ ਦੇ ਲੈਣ ਦੇਣ ਜਾਂ ਚੰਗੇ ਮਾੜੇ ਕੰਮ ਦੇ ਮੈ ਤੇ ਮੇਰਾ ਪਰਿਵਾਰ ਜੁੰਮੇਵਾਰ ਨਹੀਂ ਹੋਵਾਂਗੇ. ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ ਰੂਪਾ ਦੇਵੀ ਪਤਨੀ ਦਰੀਆ ਰਾਮ, ਵਾਸੀ ਇੰਦਰਾ ਬਸਤੀ ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ) ਆਪਣੇ ਲੜਕਿਆਂ ਸਤੀਸ਼ ਕੁਮਾਰ, ਸੁਰਿੰਦਰ ਕੁਮਾਰ, ਨੂੰਹ ਸਰੋਜ ਪਤਨੀ ਸਤੀਸ਼ ਕੁਮਾਰ, ਸਿੰਦਰ ਪਤਨੀ ਸੁਰਿੰਦਰ, ਸੀਆ ਪੁੱਤਰੀ, ਅਨਿਲ, ਜੋਨੀ ਪੁੱਤਰਾਨ ਸਤੀਸ਼ ਕੁਮਾਰ, ਅਸ਼ੀਸ, ਅਭਿਸੇਕ ਪੁੱਤਰਾਨ ਸੁਰਿੰਦਰ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਦਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਸਲੌਦੀ ਤਹਿਸੀਲ ਸਮਰਾਲਾ ਜਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਹੈ। ਮੇਰਾ ਲੜਕਾ ਜਸਵਿੰਦਰ ਸਿੰਘ ਜੋ ਸਾਦੀਸੁਦਾ ਹੈ। ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹੈ। ਅੱਜ ਤੋਂ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ, ਦਵਿੰਦਰ ਸਿੰਘ ਪੁੱਤਰ ਸ੍ਰੀ ਤਰਸੇਮ ਲਾਲ ਅਤੇ ਸਰਬਜੀਤ ਕੌਰ ਪਤਨੀ ਦਵਿੰਦਰ ਸਿੰਘ ਵਾਸੀਆਨ ਮਕਾਨ ਨੰ: ਐੱਨ ਬੀ ਐੱਨ-397, ਨਿਊ ਬਲਦੇਵ ਨਗਰ, ਕਿਸ਼ਨਪੁਰਾ, ਜਲੰਧਰ ਆਪਣੇ ਬੇਟੇ ਨਰਿੰਦਰ ਸਿੰਘ ਉਰਫ ਨਿਖਿਲ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਵਾਰ ਉਸ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਅਸੀਂ ਉਸ ਨਾਲ ਸਾਰੇ ਰਿਸ਼ਤੇ-ਨਾਤੇ ਖਤਮ ਕਰਦੇ ਹਾਂ। ਸੰਬੰਧਤ ਨੋਟ ਕਰਨ। (6982)

ਮੈਂ ਗੁਰਦੀਪ ਚੰਦ ਪੁੱਤਰ ਹਰਬੰਸ ਲਾਲ, ਵਾਸੀ ਧਰਮਪੁਰਾ ਮੁਹੱਲਾ, ਧੂਰੀ (ਸੰਗਰੂਰ) ਆਪਣੇ ਲੜਕੇ ਹਰਪ੍ਰੀਤ ਸ਼ਰਮਾ ਅਤੇ ਨੂੰਹ ਕੋਮਲਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਕ੍ਰਿਸ਼ਨ ਗੋਪਾਲ ਸ਼ਰਮਾ ਪੁੱਤਰ ਸੰਤ ਰਾਮ ਵਾਸੀ ਮਕਾਨ ਨੰਬਰ ਬੀ-2/70, ਮੁਹੱਲਾ ਸ਼ੇਰਾਂਵਾਲਾ ਗੇਟ, ਕਪੂਰਥਲਾ ਆਪਣੇ ਲੜਕੇ ਵਰੁਣ ਸ਼ਰਮਾ, ਨੂੰਹ ਪ੍ਰਿਆ ਸੂਦ ਅਤੇ ਪੋਤੇ ਵੰਸ਼ ਸ਼ਰਮਾ ਨੂੰ ਆਪਣੀ ਤਮਾਮ ਚੱਲ ਅਤੇ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ ਮਧੂ ਬਾਲਾ ਪਤਨੀ ਗੁਰਦੀਪ ਕੌਸ਼ਲ, ਵਾਸੀ ਜਨਤਾ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਮਧੂ ਸ਼ਰਮਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਪਰਮਿੰਦਰ ਸਿੰਘ (PARMINDER SINGH) ਪੁੱਤਰ ਸ. ਨਿਰਮਲ ਸਿੰਘ, ਵਾਸੀ ਪਿੰਡ ਕੁੱਬਾ, ਜ਼ਿਲ੍ਹਾ ਲੁਧਿਆਣਾ, ਪੰਜਾਬ,141418 ਨੇ ਆਪਣਾ ਨਾਂ ਬਦਲ ਪਰਮਿੰਦਰ ਸਿੰਘ ਮਾਂਗਟ (PARMINDER SINGH MANGAT) ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸੁਖਵੀਰ ਪਤਨੀ ਸਤਨਾਮ ਸਿੰਘ ਵਾਸੀ ਪਿੰਡ ਢਡਿਆਲਾ, ਡਾਕ. ਟਾਂਡਾ, ਤਹਿ. ਟਾਂਡਾ (ਹੁਸ਼ਿਆਰਪੁਰ) ਨੇ ਆਪਣਾ ਨਾਂਅ ਸੁਖਵੀਰ ਤੋਂ ਬਦਲ ਕੇ ਸੁਖਵੀਰ ਕੌਰ ਰੱਖ ਲਿਆ ਹੈ, ਸੰਬੰਧਤ ਨੋਟ ਕਰਨ।

## Change of Name

I, Yashvati w/o Kailash Chander, Street Number 2 Una road Opp. Hari Cold Store Shri Har Krishan Nagar Bajwara Kalan, Hoshiarpur, have changed my name to Yashvati Sharma. All Please Note.

I, Karanvir Singh Gill s/o Manmohan Singh r/o B-1/34, Anand Nagar, Maqsudan, Jalandhar have changed my name from Karanvir Singh Gill to Karanvir Singh. All Please Note.

I, Poonam w/o Sourav Narang r/o WP-99, Mohalla Nasirdeen, Nr Chota Gurudwara, Basti Sheikh, Jalandhar have changed my name to Poonam Narang, After Marriage. All Please Note.

I, Saffi s/o Sher Mohmmad r/o Vill. Talwandi Araian, Po. Adampur Doaba, Distt. Jalandhar have changed my name from Saffi to Saif Ali. All Please Note.

I, Kulwinder Pal S/o Dharam Pal R/o E-502, Jalandhar Heights-1, 66 Feet Road, Near Urban Estate-2, Jalandhar, Punjab changed my name as Kulwinder and Pal as Surname. All Please Note.

I, Sunayna Alias Kanishka Khurana d/o Jatinder Suri w/o Saurav Khurana r/o 189, Shakti Nagar, Jalandhar, Punjab have changed my name to Kanishka Khurana. All Please Note.

I, Raghubir Singh S/o Harnam Singh R/o H.No.22, Village Nahal, Mira Garden Colony, Jalandhar have changed my name to Raghubir Singh Randhawa (Randhawa as Surname) All Please Note.

I, Pooja D/o Lakhbir Singh R/o H.No.159-160, New Geeta Colony, Basti Sheikh, Jalandhar have changed my name from Pooja to Pooja Sharma (Sharma as Surname). All Please Note.

I, Harvinder Singh S/o Gurmail Singh R/o Dumna, Rupnagar, Punjab-140102, have changed my name and shall hereafter be Known as Harwinder Singh. All Please Note.

I, Karan S/o Parveen Kumar R/o H.No.378, Ward No-14, Jawahar Nagar, Moga, Punjab-142001, have changed my name and shall hereafter be Known as Karan Mittal. All Please Note.

I, Gurmeet Singh s/o Surinder Singh r/o Baba Fateh Singh Nagar, Street No. 2, Phagwara, Distt. Kapurthala have changed my name to Gurmit Singh. All Please Note.

I, hitherto known as Pachpinder Kaur Wife of Balwinder Singh residing at Vill.Daulatpur, Distt Kapurthala, Pin:144819, Punjab have changed my name and shall hereafter be known as Pushpinder Kaur.

I, Kiran Bala W/o Parwinder Jeet Sund R/o Vill. Nawan Pind, PO. Nussi, Jalandhar, Punjab have changed my name to Kiran Bala Sund, after marriage (Surname as Sund). All Please Note.

I. Kamlesh Rani W/o. Raj Kumar Batra R/o. Army Public School Beas, Village Gazi Gudana, P.O. Dhilwan (Kapurthala) have changed my name from Kamlesh Rani to Kamlesh.

I, Monika W/o Kailash Chander Khurana R/o H. No. NH 328 Mohalla Neela Mahal Jalandhar have changed my name from Monika to Monika Khurana. All concerned please note. (6988)

## Change of Name

I, Sandhina D/o Sh. Sunil Sharma R/o H.No. 193/13, Near Old Hospital, Kotwali Bazar Kacha Toba Distt. Hoshiarpur Punjab have changed my name from Sandhina to Sandhina Sharma. Concerned Note. (HITESH)

I, Manpreet S/o Gurmit Singh R/o V.P.O. Maksudpur, Tehsil Bholath, Distt. Kapurthala, Punjab, India, have changed my name from Manpreet to Manpree Manpreet. (6984)

I, Gurmail Chand S/o Nama Ram R/o Vill. Khera, P.O. Jamsher Khas, Distt. Jalandhar, have changed the name my son from Harman Preet to Harman Preet Singh. Please note. (6985)

I, Narinder Kaur W/o Parmjit Singh R/o Village Achharwal Distt. Hoshiarpur Pb. Declare that my Passport my husband name wrongly mention Paramjit Singh But Correct name is Parmjit Singh. Concerned note. (HITESH)

I, Mandip Kaur W/o Amandeep Singh R/o Mohalla Dhakki, VPO. Kalanaur, Distt. Gurdaspur, (Pb.) have Changed my name Mandip Kaur to Mandeep Kaur. All Concerned please note. (Vig)

I, Mandeep Kaur D/o Rajwinder Singh R/o VPO. Madhopur, Distt. Jalandhar, (Pb.) have Changed my name Mandeep Kaur to Mandeep Kaur Sangha. All Concerned please note. (Vig)

I, Baljinder Singh Nannar S/O Surjit Singh R/O Vill. Babak, Post Office Ghorewaha, Distt. Hoshiarpur, Punjab, Have Changed My Name From Baljinder Singh Nannar To Baljinder Singh.

I, Rupinderjeet Kaur W/O Dhillon Pavitter Singh R/O Chakoki, Distt. Kapurthala, Punjab, I Have Changed My Name As Dhillon Rupinderjeet Kaur.

I Akash S/O Sh. Rakesh, House No. 29,Indra Colony, Village Dhina, Po Jalandhar Cantt, Have Chenged My Name Akash To Akash Farmahe

I Hitherto Known As: Ankit S/O: Abhay Kant Sharma, R/O: Vpo: Lidhran, District:-jalandhar-144004 (Punjab), Have Changed My Name And Shall Hereafter Be Known As: Ankit Sharma.

I, Hitherto Known As Arshveer Singh Aujla S/O Ajit Singh Residing At Vpo Jaitewali, , Distt. Jalandhar - 144025, Punjab, India Have Changed My Name And Shall Hereafter Be Known As Arshveer Singh.

I, Deepanshu S/o: Raj Kumar, R/o H.NO:B1/916-Ram Nagar, Jalandhar-144008 (Punjab), have changed my name to: Deepanshu Paul.

I, Amardeep S/o: Balbir, R/O H.NO:B-1/214, Ravidass Nagar, Maqsudan, Jalandhar, have changed my name to: Amardeep Singh.

I, Gurmail Chand S/o: Saran Dass, R/o: H. NO:152-Beant Nagar, PO: PAP Lines, Jalandhar-144006 (PB), have changed my name to: Gurmail Singh.

I Shikha Bhatia Alias Divya Sharma W/O Manish Sharma R/O 61, Basant Avenue, Amritsar, Have Changed My Name To: Divya Sharma.

Ranjit Singh S/O Balwinder Singh R/O H. No. 275,Gali No.1, Moon Avenue, Majitha Road Amritsar I Have Changed My Name Ranjit Singh To Ranjit Singh Sandhu

I, Kuldip Kaur W/O Birinder Singh R/O 3524, Azad Nagar, Putlighar, Amritsar Have Changed My Name To Kuldeep Kaur.

I, Jatinderpal Singh S/O Piara Singh Chugh R/O 76-i, Grace Avenue, Lawrence Road, Amritsar Have Changed My Name To Jatinder Singh Chugh.

I, Pratiba W/O Vijay Kumar Sehgal R/O H.no. 153-a, Gali No.2, Shaheed Udham Singh Colony, Amritsar Have Change My Name To Pratibha Sehgal. All Concerned Note.

I, Kuldip Singh S/o Harnam Singh R/o V.P.O. Talwandi Dadian, Tehsil Dasuya (Hoshiarpur) Punjab, have changed my name from Kuldip Singh to Kuldeep Singh. Concerned please note. (Behl)

I, Manmohan Singh Gill s/o Mukhtiar Singh r/o B-1/34, Anand Nagar, Maqsudan, Jalandhar have changed my name from Manmohan Singh Gill to Manmohan Singh. All Please Note.

I, Manpreet s/o Mohan Lal r/o VPO. Kangniwal, Distt.Jalandhar have changed my name from Manpreet to Manpreet Kainth. All Please Note.

I, Raghav S/o Ashok Kumar R/o H.No. B-29/102, Langian Gali, Thathiari Gate, Batala, Distt. Gurdaspur, Punjab have changed my name from Raghav to Raghav Badyal. Concerned note.

I,Gurbax Singh S/O Kartar Singh R/O 07/2269,Main Chownk,Kot Khalsa,Amritsar, Punjab have changed my name from Gurbax Singh to Gurbaksh Singh.Concerned note.

I,Tejindeer Singh Dhillon S/O Gurbax Singh R/O H.No.950,Sector-3,Ranjit Avenue, Amritsar, Punjab have changed my name from Tejindeer Singh Dhillon to Tejinder Singh Dhillon.Concerned note.

I,Sukhpreet W/O Ranbir Singh R/O Chawinda Kalan,Amritsar, Punjab have changed my name from Sukhpreet to Sukhpreet Kaur.Concerned note.

I, Monika Khurana W/o Kailash Chander Khurana R/o H. No. NH 328, Mohalla Neela Mahal Jalandhar have changed the name of my daughter from Arohi to Arohi Khurana Please note. (6988)

I, Monika Khurana W/o Kailash Chander Khurana R/o H. No. NH 328, Mohalla Neela Mahal Jalandhar have changed the name of my daughter from Dhruhi to Dhruhi Khurana. All concerned please note. (6988)

# 14 ਨੂੰ ਸੁਜਾਨਪੁਰ ਵਿਖੇ ਲੱਗੇਗਾ ਬਲਾਕ ਪੱਧਰੀ ਜਾਗਰੂਕਤਾ ਕੈਂਪ

**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਸਰਕਾਰ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਅੰਕੁਰਜੀਤ ਸਿੰਘ ਨੇ ਦੱਸਿਆ ਕਿ 14-02-2023 ਦਿਨ ਮੰਗਲਵਾਰ ਨੂੰ ਸੁਜਾਨਪੁਰ ਗਊਸ਼ਾਲਾ ਮੇਨ ਬਜ਼ਾਰ ਵਿਖੇ ਬਲਾਕ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਸਵੈ-ਰੋਜ਼ਗਾਰ, ਰੋਜ਼ਗਾਰ ਸਕਿੱਲ ਕੋਰਸ ਅਤੇ ਕਰੀਅਰ ਗਾਈਡੈਂਸ ਆਦਿ ਸਬੰਧੀ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਜਾਗਰੂਕਤਾ ਕੈਂਪ ਵਿੱਚ ਵੱਧ ਤੋਂ ਵੱਧ ਨੌਜਵਾਨ ਹਾਜ਼ਰ ਹੋਣ ਅਤੇ ਪੰਜਾਬ ਸਰਕਾਰ ਦੇ ਵੱਖ -ਵੱਖ ਵਿਭਾਗਾਂ ਦੁਆਰਾ ਦਿੱਤੀਆਂ ਜਾ ਰਹੀਆਂ ਸਕੀਮਾਂ ਦਾ ਲਾਭ ਉਠਾਉਣ। ਇਸ ਜਾਗਰੂਕਤਾ ਕੈਂਪ ਸਬੰਧੀ ਰਮਨ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਟ੍ਰੇਨਿੰਗ ਅਫ਼ਸਰ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਹੋਰ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਠਾਨਕੋਟ ਦੇ ਹੈਲਪਲਾਈਨ ਨੰਬਰ 7657825214 'ਤੇ ਸੰਪਰਕ ਕਰ ਸਕਦੇ ਹਨ।

# ਕੌਮੀ ਇਨਸਾਫ ਮੋਰਚੇ 'ਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ 'ਚ ਨਿੰਦਾ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ ਪੰਜਾਬ ਸਰਕਾਰ ਦਾ ਰੋਸ ਵਜੋਂ ਪੁਤਲਾ ਫੂਕਿਆ ਗਿਆ ਜਿਸ ਦੀ ਅਗਵਾਈ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸੀਨੀਅਰ ਆਗੂ ਬਾਬਾ ਸਵਿੰਦਰ ਸਿੰਘ ਖਾਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸ਼ਾਂਤੀਪੂਰਵਕ ਬੈਠੇ ਕੌਮੀ ਇਨਸਾਫ ਮੋਰਚੇ ਦੇ ਆਗੂ ਅਤੇ ਹੋਰ ਸੰਗਤ ਉਪਰ ਲਾਠੀਚਾਰਜ ਕੀਤਾ, ਜਿਸ ਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ, ਕੌਮੀ ਇਨਸਾਫ ਮੋਰਚੇ ਦਾ ਪੂਰਨ ਸਮਰਥਨ ਕਰਦੇ ਹਾਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਪੁਰਜ਼ੋਰ ਮੰਗ ਕਰਦੇ ਹਾਂ। ਭਗਵੰਤ ਮਾਨ ਸਰਕਾਰ ਇਨ੍ਹਾਂ ਕੋਝੀਆਂ ਚਾਲਾਂ ਤੋਂ ਬਾਜ਼ ਆਵੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਕੇਂਦਰ ਸਰਕਾਰ ਅੱਗੇ ਮੰਗ ਰੱਖੇ। ਇਸ ਮੌਕੇ ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਦਰਬਾਰਾ ਸਿੰਘ ਗੋਹਲਵੜ, ਪ੍ਰਧਾਨ ਗੁਰਮੀਤ ਸਿੰਘ ਜੌਹਲ, ਜਸਮੇਲ ਸਿੰਘ ਜੌਹਲ, ਗੁਰਮੇਜ ਸਿੰਘ ਜੌਹਲ, ਪ੍ਰਧਾਨ ਪਾਲ ਸਿੰਘ ਠੱਠੀ ਆਦਿ ਨੇ ਹਾਜ਼ਰੀ ਭਰੀ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਧੰਨ-ਧੰਨ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਸ਼ਾਹਪੁਰ ਜਾਜਨ ਵਿੱਚ ਸਮੂਹ ਮਹਿਰਾ ਬਰਾਦਰੀ ਵੱਲੋਂ ਨਗਰ ਅਤੇ ਇਲਾਕੇ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਧਾਰਮਿਕ ਸਮਾਗਮ ਦੀ ਆਰੰਭਤਾ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਗੁਰਦੁਆਰਾ ਸ੍ਰੀ ਕੋਠੜੀ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਹਰਦੀਪ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਇੰਟਰਨੈਸ਼ਨਲ ਢਾਡੀ ਜਥਾ ਭਾਈ ਗੁਰਮੀਤ ਸਿੰਘ ਐੱਮਏ ਵੱਲੋਂ ਸਮਾਗਮ ਵਿੱਚ ਆਈਆਂ ਹੋਈਆਂ ਸੰਗਤਾਂ ਨੂੰ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਜੀਵਨ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਮਾਗਮ ਵਿੱਚ ਸਹਿਯੋਗ ਦੇਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸੇਵਾਦਾਰਾਂ ਵੱਲੋਂ ਆਈਆਂ ਹੋਈਆਂ ਸੰਗਤਾਂ ਲਈ ਦੁੱਧ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਪ੍ਰਧਾਨ ਬਲਵਿੰਦਰ ਸਿੰਘ, ਡਾ: ਇੰਦਰਜੀਤ ਸਿੰਘ, ਰਵਿੰਦਰ ਸਿੰਘ ਸ਼ਾਹਪੁਰ, ਜੀਵਨ ਸਿੰਘ, ਸੁਰਜੀਤ ਸਿੰਘ, ਬਾਬਾ ਮੇਲਾ ਸਿੰਘ, ਪਲਵਿੰਦਰ ਸਿੰਘ, ਕੁਲਵਿੰਦਰ ਸਿੰਘ (ਸ਼ਕਤੀ), ਨਵਜੋਤ ਸਿੰਘ, ਜੁਗਿੰਦਰ ਸਿੰਘ ਬਿਜਲੀ ਬੋਰਡ, ਜਗਤਾਰ ਸਿੰਘ ਦੁਕਾਨਦਾਰ, ਰਤਨ ਸਿੰਘ ਪੰਚ ਅਤੇ ਜਗਤਾਰ ਸਿੰਘ ਘੁੱਦਾ ਆਦਿ ਹਾਜ਼ਰ ਸਨ।

# ਬਰੇਟਾ ਦਾ ਨੌਜਵਾਨ ਮਧੂਸੂਦਨ ਇੰਡੀਅਨ ਏਅਰ ਲਾਈਨਜ਼ 'ਚ ਬਣਿਆ ਪਾਇਲਟ



**ਬਰੇਟਾ ( ਗੋਬਿੰਦ ਸ਼ਰਮਾ)** : ਬਰੇਟਾ ਵਿਖੇ 1996 ਵਿੱਚ ਰਾਜੀਵ ਸਿੰਗਲਾ ਦੇ ਘਰ ਜਨਮੇ ਮਧੂਸੂਦਨ ਸਿੰਗਲਾ ਨੇ ਏਅਰ ਲਾਈਨ ਵਿੱਚ ਪਾਇਲਟ ਬਣ ਕੇ ਇਸ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਮਧੂਸੂਦਨ ਨੇ ਮੁਢਲੀ ਪੜ੍ਹਾਈ ਗਰੀਨਲੈਂਡ ਸਕੂਲ ਤੋਂ ਪ੍ਰਾਪਤ ਕੀਤੀ ਸੀ। ਬੀ ਟੈਕ ਦੀ ਉੱਚ ਸਿੱਖਿਆ ਇਲੈਕਟ੍ਰਾਨਿਕ ਪੀ ਈ ਸੀ ਚੰਡੀਗੜ੍ਹ ਤੋਂ ਕਰਨ ਉਪਰੰਤ ਪਾਇਲਟ ਦੀ ਟ੍ਰੇਨਿੰਗ ਮੈਲਬੋਰਨ (ਆਸਟ੍ਰੇਲੀਆ ) ਵਿਖੇ ਲਈ। ਇਹ ਨੌਜਵਾਨ ਇਸ ਇਲਾਕੇ ਦੇ ਰਾਜੀਵ ਸਿੰਗਲਾ ਪੁੱਤਰ ਦੀਵਾਨ ਚੰਦ ਸਿੰਗਲਾ ਬਹਾਦਰਪੁਰ ਵਾਲੇ ਪਰਵਾਰ ਦਾ ਪਹਿਲਾ ਨੌਜਵਾਨ ਹੈ, ਜਿਸ ਨੇ ਪੂਰੇ ਇਲਾਕੇ ਦਾ ਨਾਂਅ ਰੌਸ਼ਨ ਕਰਕੇ ਸ਼ਹਿਰ ਵਾਸੀਆਂ 'ਚ ਖੁਸ਼ੀ ਦੀ ਲਹਿਰ ਪੈਦਾ ਕੀਤੀ ਹੈ।

# ਪੈਟਰੋਲ-ਡੀਜ਼ਲ ਦੇ ਰੇਟਾਂ 'ਚ ਵਾਧੇ ਖਿਲਾਫ ਮੁੱਖ ਮੰਤਰੀ ਦਾ ਪੁਤਲਾ ਫੂਕਿਆ




**ਬਾਘਾ ਪੁਰਾਣਾ (ਮਨੀ ਸਿੰਗਲਾ)**

ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਕੈਬਨਿਟ ਵਿੱਚ ਪੈਟਰੋਲ-ਡੀਜ਼ਲ ਉੱਪਰ ਸੈੱਸ ਵਧਾਉਣ ਦਾ ਫੈਸਲਾ ਲਿਆ ਗਿਆ ਸੀ, ਜਿਸ ਕਰਕੇ ਹਜ਼ਾਰਾਂ ਕਰੋੜਾਂ ਰੁਪਏ ਦਾ ਆਮ ਲੋਕਾਂ ਉੱਪਰ ਵਾਧੂ ਬੋਝ ਪਵੇਗਾ, ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਦੇ ਯੂਥ ਦਸਤੇ ਵੱਲੋਂ ਜਥੇਦਾਰ ਤੀਰਥ ਸਿੰਘ ਮਾਹਲਾ ਜਨਰਲ ਸਕੱਤਰ ਦੇ ਸਪੁੱਤਰ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਹੇਠ ਜ਼ਬਰਦਸਤ ਰੋਸ ਮਾਰਚ ਕੱਢਿਆ ਗਿਆ। ਰੋਸ ਮਾਰਚ ਨੂੰ ਲੈ ਕੇ ਸਥਾਨਕ ਸ਼ਹਿਰ ਦੀ ਮੁੱਦਕੀ ਸੜਕ ਉੱਪਰਲੇ ਤਹਿਸੀਲ ਕੰਪਲੈਕਸ ਦੇ ਬਾਹਰ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ 'ਚ ਨੌਜਵਾਨ ਇਕੱਤਰ ਹੋਏ। ਉਪਰੰਤ ਮੁੱਖ ਚੌਕ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ। ਮਾਰਚ ਕਰਦਿਆਂ ਨੌਜਵਾਨਾਂ ਨੇ ਵੱਡੇ ਪੱਧਰ 'ਤੇ ਪੰਜਾਬ ਸਰਕਾਰ, ਮੁੱਖ ਮੰਤਰੀ ਮਾਨ ਮੁਰਦਾਬਾਦ ਦੇ ਨਾਅਰੇ ਲਗਾਏ। ਇਨ੍ਹਾਂ ਨਾਅਰਿਆਂ ਨਾਲ ਸਾਰਾ ਸ਼ਹਿਰ ਗੂੰਜ ਉੱਠਿਆ ਤੇ ਸਰਕਾਰ ਵੱਲੋਂ ਆਮ ਜਨਤਾ ਉੱਪਰ ਪਾਏ ਇਸ ਵਾਧੂ ਬੋਝ ਨੂੰ ਲੈ ਕੇ ਕੀਤੇ ਜਾ ਰਹੇ ਪ੍ਰਦਰਸ਼ਨ ਦੀ ਲੋਕਾਂ ਵੱਲੋਂ ਸ਼ਲਾਘਾ ਕੀਤੀ ਗਈ। ਇਸ ਮੌਕੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਮਾਨ ਸਰਕਾਰ ਨੂੰ ਇੱਕ ਸਾਲ ਹੋਣ ਵਾਲਾ ਹੈ ਤੇ ਲੋਕ ਪਹਿਲੇ ਸਾਲ ਵਿੱਚ ਹੀ ਅੰਤਾਂ ਦੇ ਦੁਖੀ ਹਨ, ਹੁਣ ਪੈਟਰੋਲ-ਡੀਜ਼ਲ ਦੇ ਰੇਟ ਵਧਾ ਕੇ ਲੋਕਾਂ ਉੱਪਰ ਨਜਾਇਜ਼ ਬੋਝ ਪਾਇਆ ਗਿਆ ਹੈ, ਜੋ ਕਿ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਇਹ ਰੇਟ ਵਧਣ ਨਾਲ ਕਿਸਾਨਾਂ ਦੀ ਵੱਡੀ ਢਾਅ ਲੱਗੇਗੀ। ਇਸ ਤੋਂ ਇਲਾਵਾ ਸੁਖਜੀਤ ਮਾਹਲਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਖਤਮ ਕਰਨ ਦਾ ਰਾਗ ਅਲਾਪਣ ਵਾਲੀ 'ਆਪ' ਸਰਕਾਰ ਇਸ ਮਕਸਦ ਵਿੱਚ ਬੁਰੀ ਤਰ੍ਹਾਂ ਅਸਫਲ ਹੈ, ਅਜਿਹਾ ਹਾਲ ਹੀ ਨਸ਼ਾ ਖਤਮ ਕਰਨ ਵਾਲੀ ਗਰੰਟੀ ਦਾ ਹੈ।

ਇਸ ਮੌਕੇ ਸੁਖਜੀਤ ਸਿੰਘ ਜੀਤ ਲੰਗੇਆਣਾ, ਨਵਜੋਤ ਸਿੰਘ ਮਾਹਲਾ, ਗੁਰਵੀਰ ਸਿੰਘ ਚੰਨੂੰਵਾਲਾ, ਹਰਪ੍ਰੀਤ ਸਿੰਘ ਰੋਡੇ, ਤਾਰਾ ਸਿੰਘ ਰੋਡੇ, ਪ੍ਰਿਤਪਾਲ ਸਿੰਘ ਖੋਸਾ, ਬਲਜੀਤ ਸਿੰਘ ਚੰਦ ਨਵਾਂ, ਰਾਜਵਿੰਦਰ ਸਿੰਘ ਬਰਾੜ ਜੈਮਲਵਾਲਾ, ਸੁਲੱਖਣ ਸਿੰਘ ਕਾਲੇਕੇ, ਜੀਤੂ ਬਰਾੜ ਕੋਟਲਾ, ਸਰਬਜੀਤ ਸਿੰਘ ਮਾਹਲਾ, ਸੰਨੀ ਗਿੱਲ ਆਦਿ ਯੂਥ ਆਗੂ ਤੇ ਵਰਕਰ ਵੱਡੇ ਪੱਧਰ 'ਤੇ ਇਸ ਰੋਸ ਮਾਰਚ ਤੇ ਪੁਤਲਾ ਫੂਕ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ।

## ਸਿਹਤ ਵਿਭਾਗ ਵੱਲੋਂ ਆਇਰਨ ਦੀਆਂ ਗੋਲੀਆਂ ਸੰਬੰਧੀ ਵਿਸ਼ੇਸ਼ ਸਿਖਲਾਈ ਪ੍ਰੋਗਰਾਮ

**ਬਰਨਾਲਾ (ਰਜਿੰਦਰ ਬਾਰੜ, ਰਾਕੇਸ਼ ਨੀਟਾ)**

ਸਿਹਤ ਵਿਭਾਗ ਬਰਨਾਲਾ ਵੱਲੋਂ ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ ਅਧੀਨ ਕਿਸ਼ੋਰ- ਕਿਸ਼ੋਰੀਆਂ ਨੂੰ ਸਕੂਲਾਂ ਅਤੇ ਘਰ ਰਹਿ ਰਹੀਆਂ ਲੜਕੀਆਂ ਨੂੰ ਆਇਰਨ ਦੀਆਂ ਗੋਲੀਆਂ ਦੇਣ ਸੰਬੰਧੀ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਸਮੂਹ ਨੋਡਲ ਅਧਿਆਪਕਾਂ ਅਤੇ ਆਂਗਣਵਾੜੀ ਵਰਕਰਾਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਬਰਨਾਲਾ ਡਾ.ਜਸਬੀਰ ਸਿੰਘ ਔਲਖ ਨੇ ਦੱਸਿਆ ਕਿ ਕਿਸ਼ੋਰ ਲੜਕੇ-ਲੜਕੀਆਂ ਸਾਡੇ ਭਵਿੱਖ ਦਾ ਅਧਾਰ ਹਨ ਅਤੇ ਇਨ੍ਹਾਂ ਦੀ ਸਿਹਤ 'ਚ ਹੋਣ ਵਾਲੇ ਕੁਦਰਤੀ ਵਿਕਾਸ, ਇਸ ਸੰਬੰਧੀ ਸਹੀ ਗਿਆਨ ਅਤੇ ਅਨੀਮੀਆ ਤੋਂ ਬਚਾਅ ਲਈ ਆਇਰਨ ਦੀ ਗੋਲੀ ਦੇਣ ਲਈ ਸਿਹਤ ਵਿਭਾਗ ਤਨਦੇਹੀ ਤੇ ਜ਼ਿੰਮੇਵਾਰੀ ਨਾਲ ਆਪਣਾ ਕੰਮ ਕਰ ਰਿਹਾ ਹੈ। ਇਸ ਪ੍ਰੋਗਰਾਮ ਦੇ ਨੋਡਲ ਅਫਸਰ ਡਾ. ਗੁਰਬਿੰਦਰ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਨੇ ਦੱਸਿਆ ਕਿ ਇਸ ਟ੍ਰੇਨਿੰਗ ਸੈਸ਼ਨ ਦੇ ਮਾਸਟਰ ਟ੍ਰੇਨਰ ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਅਫਸਰ, ਮੈਡਮ ਸੁਖਪਾਲ ਕੌਰ ਜ਼ਿਲ੍ਹਾ ਸਕੂਲ ਹੈਲਥ ਕੋਆਰਡੀਨੇਟਰ ਅਤੇ ਹਰਜੀਤ ਸਿੰਘ ਬਾਗੀ ਜ਼ਿਲ੍ਹਾ ਬੀ ਸੀ ਸੀ ਕੋਆਰੀਨੇਟਰ ਵੱਲੋਂ ਸਕੂਲਾਂ ਦੇ ਨੋਡਲ ਅਧਿਆਪਕਾਂ ਨੂੰ ਸਕੂਲਾਂ 'ਚ ਕਿਸ਼ੋਰ-ਕਿਸ਼ੋਰੀਆਂ ਨੂੰ ਅਤੇ ਆਂਗਣਵਾੜੀ ਵਰਕਰਾਂ ਵੱਲੋਂ ਕਿਸੇ ਵੀ ਕਾਰਨ ਘਰਾਂ 'ਚ ਰਹਿ ਰਹੀਆਂ ਲੜਕੀਆਂ ਨੂੰ ਆਇਰਨ ਦੀਆਂ ਗੋਲੀਆਂ ਦੇਣ ਸੰਬੰਧੀ ਜਾਗਰੂਕ ਕੀਤਾ ਗਿਆ ਤਾਂ ਜੋ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ।

# ਸੀ ਪੀ ਐੱਫ ਕਰਮਚਾਰੀ ਯੂਨੀਅਨ ਵੱਲੋਂ ਮੋਟਰਸਾਈਕਲ ਰੈਲੀ, ਮੁੱਖ ਮੰਤਰੀ ਦਾ ਫੂਕਿਆ ਪੁਤਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਪ੍ਰਭਜੋਤ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਖਿਲਾਫ ਮੋਟਰਸਾਈਕਲ ਰੈਲੀ ਕੀਤੀ ਤੇ ਪੰਜਾਬ ਦੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ। ਆਗੂਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦੇ ਸਬੰਧ ਵਿੱਚ ਮੁਕੰਮਲ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ, ਇਸ ਕਰਕੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਪੰਜਾਬ ਭਰ ਵਿੱਚ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਵੱਲੋਂ ਮੋਟਰਸਾਈਕਲ ਰੈਲੀਆਂ ਕਰਕੇ ਪੰਜਾਬ ਦੇ ਮੁੱਖ ਮੰਤਰੀ ਦਾ ਪੁਤਲੇ ਫੂਕੇ ਜਾ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਜਲਦੀ ਹੀ ਪੈਨਸ਼ਨ ਨੂੰ ਲੈ ਕੇ ਮੁਕੰਮਲ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਨੂੰ ਭਾਰੀ ਰੋਸ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਸੰਗਰੂਰ ਦੀ ਜ਼ਿਮਨੀ ਚੋਣ ਵਿੱਚ ਪੰਜਾਬ ਸਰਕਾਰ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਉਸੇ ਤਰ੍ਹਾਂ ਆਉਣ ਵਾਲੀ ਜਲੰਧਰ ਜ਼ਿਮਨੀ ਚੋਣ ਵਿੱਚ ਵੀ ਸੀ ਪੀ ਐੱਫ ਕਰਮਚਾਰੀ ਯੂਨੀਅਨ ਸਰਕਾਰ ਨੂੰ ਹਰਾਉਣ ਵਿੱਚ ਆਪਣਾ ਵੱਡਾ ਰੋਲ ਅਦਾ ਕਰਨਗੇ। ਇਸ ਮੌਕੇ ਜ਼ਿਲ੍ਹਾ ਕਮੇਟੀ ਮੈਂਬਰ ਜਸਕਰਨ ਬਰੇਂ, ਰਾਕੇਸ਼ ਬੋਹਾ, ਹਰਦੀਪ ਸਿੰਘ, ਪ੍ਰਦੀਪ ਸ਼ਰਮਾ, ਸੁਖਵਿੰਦਰ ਜਵਾਹਰਕੇ, ਨਵਦੀਪ ਕੌਰ, ਪਰਮਿੰਦਰ ਕੌਰ, ਦਲਜੀਤ ਕੌਰ ਤੇ ਨਸੀਬ ਕੌਰ ਹਾਜ਼ਰ ਸਨ। ਭਰਾਤਰੀ ਜਥੇਬੰਦੀ ਵੱਲੋਂ ਪ੍ਰਤਾਪ ਸਿੰਘ ਜ਼ਿਲ੍ਹਾ ਪ੍ਰਧਾਨ ਪੀ ਐੱਸ ਐੱਮ ਯੂ, ਜਸਵੰਤ ਸਿੰਘ ਮੌਜੋ ਜ਼ਿਲ੍ਹਾ ਚੇਅਰਮੈਨ ਪੀ ਐੱਸ ਐੱਮ ਯੂ ਵੱਲੋਂ ਵੀ ਸਮਰਥਨ ਕੀਤਾ ਗਿਆ।

## ਮਜ਼ਦੂਰ ਜਥੇਬੰਦੀਆਂ ਵੱਲੋਂ ਐੱਸ ਐੱਸ ਪੀ ਦਫ਼ਤਰ ਅੱਗੇ ਧਰਨਾ ਅੱਜ

**ਜਗਰਾਉਂ (ਸੰਜੀਵ ਅਰੋੜਾ)**-ਤਹਿਸੀਲ ਜਗਰਾਉਂ ਦੀਆਂ ਤਿੰਨ ਜਥੇਬੰਦੀਆਂ ਆਲ ਇੰਡੀਆ ਕਿਸਾਨ ਸਭਾ, ਆਲ ਇੰਡੀਆ ਖੇਤ ਮਜ਼ਦੂਰ ਯੂਨੀਅਨ ਤੇ ਸੀਟੂ ਦੀ ਮੀਟਿੰਗ ਕਾਮਰੇਡ ਪਾਲ ਸਿੰਘ ਭੰਮੀਪੁਰਾ ਦੀ ਅਗਵਾਈ ਹੇਠ ਪਿੰਡ ਕੋਠੇ ਰਾਹਲਾਂ ਵਿਖੇ ਹੋਈ। ਮੀਟਿੰਗ 'ਚ 11 ਫਰਵਰੀ ਨੂੰ ਤਿੰਨੋਂ ਜਥੇਬੰਦੀਆਂ ਦੀ ਸਾਂਝੀ ਕਨਵੈਨਸ਼ਨ ਦੀਆਂ ਤਿਆਰੀਆਂ ਸਬੰਧੀ ਤੇ ਕੁਝ ਦਿਨ ਪਹਿਲਾਂ, ਜੋ ਅਗਵਾੜ ਲੋਪੋ ਕਲਾਂ ਵਿਖੇ ਲੜਾਈ ਝਗੜਾ ਹੋਇਆ ਸੀ, ਪੁਲਸ ਪ੍ਰਸ਼ਾਸਨ ਵੱਲੋਂ ਦਲਿਤ ਪਰਿਵਾਰ ਉਪਰ 307 ਦੀ ਧਾਰਾ ਦਾ ਨਜਾਇਜ਼ ਪਰਚਾ ਕੀਤਾ ਗਿਆ, ਉਸ ਦੇ ਵਿਰੋਧ 'ਚ ਅਤੇ ਪਰਚਾ ਰੱਦ ਕਰਵਾਉਣ ਲਈ ਵਿਸ਼ਾਲ ਇਕੱਠ ਲਾਲਾ ਲਾਜਪਤ ਰਾਏ ਬੱਸ ਸਟੈਂਡ ਵਿਖੇ ਕਰਕੇ ਪੈਦਲ ਮਾਰਚ ਕਰਦੇ ਹੋਏ ਐੱਸ. ਐੱਸ. ਪੀ. ਦਫ਼ਤਰ ਸਾਹਮਣੇ ਧਰਨਾ ਦੇ ਕੇ ਮੰਗ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਵੱਲੋਂ ਦਲਿਤ ਪਰਿਵਾਰ ਨੂੰ ਇਨਸਾਫ਼ ਨਾ ਦਿੱਤਾ ਗਿਆ ਤਾਂ ਸਮੁੱਚੀ ਲੀਡਰਸ਼ਿਪ ਨਾਲ ਗੱਲਬਾਤ ਕਰਕੇ ਇਕ ਵਿਸ਼ਾਲ ਐਕਸ਼ਨ ਕੀਤਾ ਜਾਵੇਗਾ। ਇਸ ਮੌਕੇ ਕਾਮਰੇਡ ਗੁਰਦੀਪ ਸਿੰਘ ਕੋਟਉਮਰਾ ਤਹਿਸੀਲ ਸਕੱਤਰ ਜਗਰਾਉਂ, ਪਰਮਜੀਤ ਸਿੰਘ ਪੰਮਾ ਸੀਟੂ, ਭਰਪੂਰ ਸਿੰਘ ਛੱਜਾਵਾਲ, ਬਲਦੇਵ ਸਿੰਘ ਰੂਮੀ ਭੱਠਾ ਮਜ਼ਦੂਰ ਆਗੂ, ਡਾ: ਜਗਜੀਤ ਸਿੰਘ ਡਾਂਗੀਆਂ ਕਿਸਾਨ ਆਗੂ, ਬਲਵਿੰਦਰ ਸਿੰਘ ਕੋਠੇ ਰਾਹਲਾਂ, ਰਾਜੂ ਸਿੰਘ, ਮੇਜਰ ਸਿੰਘ, ਮਨਪ੍ਰੀਤ ਸਿੰਘ, ਨਛੱਤਰ ਸਿੰਘ, ਧਰਮਪਾਲ ਸਿੰਘ, ਚੜਤ ਸਿੰਘ, ਗਿਆਨ ਸਿੰਘ, ਗੁਰਨਾਮ ਸਿੰਘ, ਦਰਸ਼ਨ ਸਿੰਘ, ਰਣਜੀਤ ਸਿੰਘ, ਕਰਮਜੀਤ ਸਿੰਘ ਤੇ ਦਰਸ਼ਨ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਕਰਜ਼ਈ ਕਿਸਾਨ ਵੱਲੋਂ ਆਤਮ ਹੱਤਿਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿੰਡ ਤੋਲਾਵਾਲ ਦੇ 62 ਸਾਲਾ ਇੱਕ ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੁਨਾਮ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਨੇ ਦੱਸਿਆ ਕਿ ਕਿਸਾਨ ਗੁਰਮੀਤ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਤੋਲਾਵਾਲ ਨੇ ਖੇਤ ਵਿੱਚ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਹੈ। ਉਨ੍ਹਾ ਦੱਸਿਆ ਕਿ ਮ੍ਰਿਤਕ ਕਿਸਾਨ ਸਿਰ ਸੱਤ-ਅੱਠ ਲੱਖ ਦੇ ਕਰੀਬ ਕਰਜ਼ਾ ਸੀ। ਇਸ ਕਰਜ਼ੇ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਕਿਸਾਨ ਆਗੂ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਪਿਛਲੇ ਕਾਫੀ ਸਮੇਂ ਤੋਂ ਜੁੜਿਆ ਹੋਇਆ ਸੀ। ਇਸ ਸਬੰਧੀ ਚੀਮਾ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

### ਹੈਰੋਇਨ ਸਮੇਤ ਔਰਤ ਕਾਬੂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਸ਼ਾ ਤਸਕਰਾਂ ਖਿਲਾਫ ਆਰੰਭੀ ਮੁਹਿੰਮ ਤਹਿਤ ਪੁਲਸ ਥਾਣਾ ਪਸਿਆਣਾ ਇੰਚਾਰਜ ਅੰਕੁਰਦੀਪ ਸਿੰਘ ਦੀ ਅਗਵਾਈ ਹੇਠ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਦੇ ਹੋਏ ਇੱਕ ਔਰਤ ਨੂੰ 8 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਐੱਸ ਐੱਚ ਓ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਅਮਨਦੀਪ ਕੌਰ ਉਰਫ ਪਿੰਕੀ ਪਤਨੀ ਨੀਰੂ ਉਰਫ ਕਾਲਾ ਪਿੰਡ ਬਾਗੜੀਆਂ ਥਾਣਾ ਅਮਰਗੜ੍ਹ ਨੂੰ ਪਿੰਡ ਤਰੈਂ ਲੰਗੜੋਈ ਰੋਡ ਤੋਂ ਗ੍ਰਿਫਤਾਰ ਕੀਤਾ ਅਤੇ ਉਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

### ਖੇਮਾਖੇੜਾ 'ਚ ਬਜ਼ੁਰਗ ਦਾ ਕਤਲ



**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਖੇਮਾਖੇੜਾ ਵਿੱਚ ਡੇਅਰੀ ਤੇ ਕਰਿਆਨਾ ਦੀ ਦੁਕਾਨ ਦੇ ਅੰਦਰ ਸੌਂ ਰਹੇ ਬਜ਼ੁਰਗ ਮੰਗਲਾ ਰਾਮ ਦੀ ਹੱਤਿਆ ਕਰ ਦਿੱਤੀ ਗਈ। ਸਵੇਰੇ ਦੁਕਾਨ ਦੇ ਪਿਛਲੇ ਪਾਸੇ ਸੌਂ ਰਹੇ ਪਰਵਾਰਕ ਮੈਂਬਰਾਂ ਨੂੰ ਉੱਠਣ 'ਤੇ ਘਟਨਾ ਦਾ ਪਤਾ ਲੱਗਾ। ਜ਼ਿਕਰਯੋਗ ਹੈ ਕਿ ਦੁਕਾਨ ਵਿਚ ਸੌਂ ਰਹੇ ਬਜ਼ੁਰਗ ਦੀ ਹੱਤਿਆ ਕਰਕੇ ਚੋਰਾਂ ਨੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਤੇ ਦੁੱਧ ਚੈੱਕ ਕਰਨ ਵਾਲੀ ਮਸ਼ੀਨ ਲੈਕਟੋਸਕੈਨ, ਵਾਈਬ੍ਰੇਟਰ ਸਮੇਤ ਦੁਕਾਨ ਦਾ ਹੋਰ ਕਾਫੀ ਸਾਮਾਨ ਚੋਰੀ ਕਰਕੇ ਲੈ ਗਏ। ਘਟਨਾ ਸਥਾਨ 'ਤੇ ਪਹੁੰਚੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਸਾਲਾਨਾ ਇਨਾਮ ਵੰਡ ਸਮਾਰੋਹ ਸੰਪੰਨ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਸਰਕਾਰੀ ਹਾਈ ਸਕੂਲ ਰਾਜੋਮਾਜਰਾ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਸਕੂਲ ਮੁਖੀ ਵਿਪਨ ਕੁਮਾਰ ਗਰਗ ਦੀ ਅਗਵਾਈ ਹੇਠ ਕਰਾਇਆ ਗਿਆ। ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਸਕੂਲ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਕੂਲ ਮੁਖੀ ਵਿਪਨ ਕੁਮਾਰ ਗਰਗ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਦੀਆਂ ਸਿੱਖਿਆ ਭਲਾਈ ਨੀਤੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਸਕੂਲ ਦੇ ਮੈਥ ਮਾਸਟਰ ਰੋਹਿਤ ਕੁਮਾਰ ਨੂੰ ਟੀਚਰ ਫੈਸਟ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਇਨਾਮ ਜਿੱਤਣ ਤੇ ਮੁਬਾਰਕ ਦਿੰਦਿਆਂ ਸਨਮਾਨ ਵੀ ਕੀਤਾ ਗਿਆ। ਸਕੂਲੀ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ, ਮੈਂਬਰ ਤੇ ਸਮੂਲ ਸਕੂਲ ਸਟਾਫ਼ ਦੀ ਹਾਜ਼ਰ ਸੀ।

### 'ਆਪ' ਨਿਗਮ ਚੋਣਾਂ 'ਚ ਭਾਰੀ ਜਿੱਤ ਹਾਸਲ ਕਰੇਗੀ : ਡਾ. ਲਾਂਬਾ

**ਰਾਜਪੁਰਾ (ਰਮੇਸ਼ ਕਟਾਰੀਆ)**-ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਤੇ ਮਾਨਵ ਅਧਿਕਾਰ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਕੁਲਵੰਤ ਸਿੰਘ ਲਾਂਬਾ ਨੇ ਪੂਰੇ ਦਾਅਵੇ ਨਾਲ ਕਿਹਾ ਹੈ ਕਿ ਆਉਂਦੀਆਂ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੰਮਾਂ ਨੂੰ ਵੇਖਦੇ ਹੋਏ ਇਹ ਮਨ ਬਣਾਇਆ ਹੈ। ਡਾਕਟਰ ਕੁਲਵੰਤ ਸਿੰਘ ਲਾਂਬਾ ਨੇ ਕਿਹਾ ਕਿ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨਾਲ ਚੋਣਾਂ ਵਿਚ ਕੀਤੇ ਵਾਅਦੇ ਪੂਰੇ ਕਰਨ ਤੋਂ ਪ੍ਰਭਾਵਤ ਹੋ ਕੇ ਲੋਕਾਂ ਨੇ ਮਾਨ ਸਰਕਾਰ ਦਾ ਸਮਰਥਨ ਕਰਨ ਦਾ ਫ਼ੈਸਲਾ ਕੀਤਾ ਹੈ। ਡਾ. ਲਾਂਬਾ ਜੋ ਪਾਰਟੀ ਦੇ ਨਾਲ-ਨਾਲ ਲੋਕਾਂ ਵਿੱਚ ਚੰਗਾ ਰਸੂਖ ਰੱਖਦੇ ਹਨ, ਨੇ ਵਿਧਾਨ ਸਭਾ ਚੋਣਾਂ ਵਿੱਚ ਵੀ ਪਾਰਟੀ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦਿੱਤਾ ਸੀ, ਦਾ ਇਲਾਕੇ ਵਿੱਚ ਕਾਫੀ ਰਸੂਖ ਰੱਖਦੇ ਹਨ।

# ਸਿਹਤ ਵਿਭਾਗ ਦੇ ਮੁਲਾਜ਼ਮ ਤਿੰਨ ਮਹੀਨੇ ਤੋਂ ਤਨਖਾਹੋਂ ਵਾਂਝੇ

**ਅੱਜ ਕੀਤਾ ਜਾਵੇਗਾ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਰੋਸ ਮੁਜ਼ਾਹਰਾ**



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਿਹਤ ਵਿਭਾਗ ਨੇ ਹਜ਼ਾਰਾਂ ਮੁਲਾਜ਼ਮਾਂ ਨੂੰ ਨਵੰਬਰ ਤੋਂ ਲੈ ਕੇ ਹੁਣ ਤੱਕ ਤਨਖਾਹਾਂ ਨਾ ਮਿਲਣ ਦੇ ਰੋਸ ਵਜੋਂ ਇਨ੍ਹਾਂ ਮੁਲਾਜ਼ਮਾਂ ਦੀ ਜਥੇਬੰਦੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ ਪੰਜਾਬ ਵੱਲੋਂ 11 ਫਰਵਰੀ ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਥੇਬੰਦੀ ਦੇ ਜ਼ਿਲਾ ਆਗੂ ਰਮੇਸ਼ ਕੁਮਾਰ ਨੇ ਕੀਤਾ। ਉਨ੍ਹਾ ਦੱਸਿਆ ਕਿ ਸਿਹਤ ਵਿਭਾਗ ਦੇ ਮਲਟੀਪਰਪਜ਼ ਹੈੱਲਥ ਵਰਕਰ ਮੇਲ ਤੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ ਦੇ 2210 ਹੈੱਡ 06 ਦੇ ਵਿੱਚ ਨਵੰਬਰ ਤੇ ਦਸੰਬਰ ਤੋਂ ਲੈ ਕੇ ਤਨਖਾਹਾਂ ਹੁਣ ਤੱਕ ਨਹੀਂ ਮਿਲੀਆਂ।ਪਿਛਲੇ ਸਮੇਂ ਤਨਖਾਹ ਦੇ ਬਜਟ ਸਬੰਧੀ ਪਿਛਲੇ ਸਮੇਂ ਜਥੇਬੰਦੀ ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਨੂੰ ਭੇਜੇ ਮੰਗ ਪੱਤਰ 9 ਜਨਵਰੀ ਅਨੁਸਾਰ ਵੱਖ-ਵੱਖ ਅਧਿਕਾਰੀਆਂ ਨੂੰ ਬਜਟ ਸਬੰਧੀ ਮਿਲਦੇ ਰਹੇ, ਪਰ ਹੁਣ ਤੱਕ ਵਿੱਤ ਵਿਭਾਗ ਤੋਂ ਬਜਟ ਦੀ ਮਨਜ਼ੂਰੀ ਨਹੀਂ ਆਈ।ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਤਨਖਾਹਾਂ ਨਾ ਮਿਲਣ ਕਾਰਨ ਮੁਲਾਜ਼ਮਾਂ ਦੇ ਰੋਜ਼ ਦੇ ਖਰਚੇ ਤੇ ਡਿਊਟੀਆਂ ਇਸ ਤੋਂ ਪ੍ਰਭਾਵਿਤ ਹੋ ਰਹੀਆਂ ਹਨ, ਇਸ ਦੇ ਕਾਰਨ ਮੁਲਾਜ਼ਮਾਂ ਦੀ ਘਰੇਲੂ ਹਾਲਾਤ ਕਮਜ਼ੋਰ ਹੋਈ ਪਈ ਹੈ। ਤਨਖਾਹਾਂ ਨਾ ਮਿਲਣ ਕਾਰਨ ਮੁਲਾਜ਼ਮਾਂ ਵਿੱਚ ਵਿਆਪਕ ਰੋਸ ਪੈਦਾ ਹੋਇਆ ਹੈ।

ਇਸੇ ਦੇ ਰੋਸ ਵਜੋਂ ਜੇ 11 ਫਰਵਰੀ ਤੱਕ ਤਨਖਾਹਾਂ ਦਾ ਬਜਟ ਜੇਕਰ ਵਿੱਤ ਵਿਭਾਗ ਨੇ ਮਨਜ਼ੂਰ ਕਰਕੇ ਨਾ ਭੇਜਿਆ ਤਾਂ ਉਸ ਦਿਨ ਸੰਗਰੂਰ ਸਿਵਲ ਹਸਪਤਾਲ ਵਿਖੇ ਹਰ ਜ਼ਿਲ੍ਹੇ ਦੇ ਚੁਣੇ ਨੁਮਾਇੰਦਾ ਆਗੂ 11 ਫਰਵਰੀ ਨੂੰ ਸਵੇਰੇ ਸਾਢੇ ਦਸ ਵਜੇ ਸਿਵਲ ਹਸਪਤਾਲ ਇੱਕਠੇ ਹੋਣ ਉਪਰੰਤ ਰੋਸ ਮਾਰਚ ਕਰਦੇ ਹੋਏ ਪੰਜਾਬ ਦੇ ਕੈਬਨਿਟ ਮੰਤਰੀ ਵਿੱਤ ਤੇ ਯੋਜਨਾ ਹਰਪਾਲ ਸਿੰਘ ਚੀਮਾ ਦੀ ਨਿੱਜੀ ਰਿਹਾਇਸ਼ ਬਾਹਰ ਰੋਸ ਮੁਜ਼ਾਹਰਾ ਕਰਨਗੇ।ਇਸ ਰੋਸ ਮੁਜ਼ਾਹਰੇ ਸਬੰਧੀ ਵਿੱਤ ਮੰਤਰੀ, ਪ੍ਰਮੁੱਖ ਸਕੱਤਰ ਵਿੱਤ ਵਿਭਾਗ, ਪ੍ਰਮੁੱਖ ਸਕੱਤਰ ਸਿਹਤ ਵਿਭਾਗ, ਵਿਭਾਗ ਦੇ ਦੋਵੇਂ ਡਾਇਰੈਕਟਰ ਸਮੇਤ ਹਰ ਜ਼ਿਲ੍ਹੇ ਦੇ ਸਿਵਲ ਸਰਜਨ ਨੂੰ ਜਥੇਬੰਦੀ ਨੇ ਲਿਖਤੀ ਨੋਟਿਸ ਭੇਜ ਦਿੱਤਾ ਗਿਆ ਹੈ।ਇਸ ਰੋਸ ਮੁਜ਼ਾਹਰੇ ਸਬੰਧੀ ਡਿਊਟੀਆਂ ਲਗਾ ਦਿੱਤੀਆਂ ਹਨ।

# ਧੂਰੀ ਦੇ ਪਹੁੰਚ ਮਾਰਗਾਂ ਦੀ ਹਾਲਤ ਖਸਤਾ

**ਧੂਰੀ (ਸੁਖਦੇਵ ਧੂਰੀ)**

ਧੂਰੀ ਸ਼ਹਿਰ ਜੋ ਖੁਦ ਮੁੱਖ-ਮੰਤਰੀ ਭਗਵੰਤ ਮਾਨ ਦਾ ਵਿਧਾਨ ਸਭਾ ਹਲਕਾ ਹੈ, ਦੇ ਪਹੁੰਚ ਮਾਰਗਾਂ ਦੀ ਹਾਲਾਤ ਪਿਛਲੇ ਸਾਲਾਂ ਤੋਂ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਪਰ ਜਾਪਦਾ ਹੈ ਕਿ ਪ੍ਰਸ਼ਾਸਨ ਇਸ ਪੱਖੋਂ ਅਵੇਸਲਾ ਹੀ ਹੈ। ਧੂਰੀ ਨੂੰ ਜੋੜਨ ਵਾਲੀਆਂ ਲਗਭਗ ਸਾਰੀਆਂ ਸੜਕਾਂ ਆਪਣੀ ਮਾੜੀ ਹੋਣੀ ਦੀ ਕਹਾਣੀ ਖੁਦ ਕਹਿੰਦੀਆਂ ਪ੍ਰਤੀਤ ਹੁੰਦੀਆਂ ਹਨ। ਨਵੀਂ ਦਾਨਾ ਮੰਡੀ ਰੋਡ ਜੋ ਤੋਤਾਪੁਰੀ ਬਸਤੀ ਨੇੜਿਓਂ ਲੰਘਦੀ ਹੈ ਤੇ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਥਾਨਕ ਦਫ਼ਤਰ ਹੈ, ਦੀ ਤਰਸਯੋਗ ਹਾਲਤ ਦੇ ਨਾਲ ਨਾਲ ਅਸ਼ੋਕਾ ਫਾਰਮ ਹਾਊਸ ਦੇ ਨੇੜੇ ਸੀਵਰੇਜ ਦੇ ਮੇਨਹੋਲ ਵਾਲੀ ਥਾਂ ਦੀ ਦੋਸ਼ ਪੂਰਨ ਬਣਤਰ ਨਿੱਤ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਇਸ ਸੜਕ 'ਤੇ ਸੀਵਰੇਜ ਦੇ ਹੋਰ ਵੀ ਕਈ ਮੇਨ-ਹੋਲਜ਼ ਨੂੰ ਵੀ ਦਰੁਸਤ ਕਰਨ ਦੀ ਲੋੜ ਹੈ। ਨਵੀਆਂ ਕਚਿਹਰੀਆਂ ਦੇ ਨੇੜੇ ਵੀ ਸੜਕ ਦੀ ਤਰਸਯੋਗ ਹਾਲਤ ਬਣੀ ਹੋਈ ਹੈ, ਜਿੱਥੇ ਸੜਕ 'ਤੇ ਪਏ ਹੋਏ ਟੋਏ ਵੱਡੀ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ। ਇਸ ਦੇ ਨਾਲ ਹੀ ਸ਼ੇਰਪੁਰ ਸਾਈਡ 'ਤੇ ਬਣੀ ਓਵਰਬ੍ਰਿਜ ਵਾਲੀ ਸੜਕ ਵੀ ਮੁਰੰਮਤ ਦੀ ਮੰਗ ਕਰ ਰਹੀ ਹੈ। ਮਾਲੇਰਕੋਟਲਾ ਬਾਈਪਾਸ ਤੋਂ ਪ੍ਰਜਾ ਮੰਡਲ ਲਹਿਰ ਦੇ ਸ਼ਹੀਦ ਭਗਤ ਸਿੰਘ ਢਢੋਗਲ ਦੇ ਬੁੱਤ ਵਾਲੀ ਸੜਕ ਤੋਂ ਲੰਘਣਾ ਹਰ ਕਿਸੇ ਦੇ ਬਸ ਦੀ ਗੱਲ ਨਹੀਂ। ਰੇਲਵੇ ਦੇ ਨਵੀਨੀਕਰਨ ਤੇ ਜੰਮੂ ਕਟੜਾ ਐਕਸਪ੍ਰੈਸ ਵੇਅ ਦਾ ਕੰਮ ਚੱਲਦਾ ਹੋਣ ਕਾਰਨ ਧੂਰੀ ਛੀਂਟਾਂਵਾਲਾ ਰੋਡ ਦੀ ਹਾਲਤ ਏਨੀ ਮਾੜੀ ਹੈ ਕਿ ਕੋਈ ਅਣਸਰਦੇ ਹੀ ਉਸ ਪਾਸੇ ਵੱਲ ਮੂੰਹ ਕਰਦਾ ਹੈ। ਇਸੇ ਤਰ੍ਹਾਂ ਲੱਛਮੀ ਬਾਗ ਤੋਂ ਨਵੀਂ ਦਾਣਾ ਮੰਡੀ ਵਾਲੀ ਸੜਕ ਵੀ ਬਹੁਤ ਮਾੜੀ ਸਥਿਤੀ ਵਿੱਚ ਹੈ। ਇੱਥੇ ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਉਹ ਓਵਰਬ੍ਰਿਜ ਦੇ ਦੋਵੇਂ ਪਾਸੇ ਬਣੇ ਨਿਕਾਸੀ ਨਾਲੇ ਜੋ ਕਿ ਕਦੇ ਚੱਲੇ ਹੀ ਨਹੀਂ, ਤੋੜ ਕੇ ਸੜਕ ਨੂੰ ਚੌੜਾ ਕਰਨ ਦਾ ਕੰਮ ਜੋ ਪਿਛਲੇ ਸਾਲ ਸਾਬਕਾ ਐੱਮ ਐਲ ਏ ਦਲਬੀਰ ਸਿੰਘ ਗੋਲਡੀ ਨੇ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸ਼ੁਰੂ ਕਰਾਇਆ ਸੀ, ਵੀ ਮੱਧਮ ਰਫ਼ਤਾਰ ਨਾਲ ਜਾਰੀ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਹਲਕੇ ਦੇ ਲੋਕਾਂ ਲਈ ਵਿਕਾਸ ਦੇ ਚਰਚਿਤ ਵਿਕਾਸ ਮਾਡਲ ਦੇ ਮਾਸਟਰ ਪਲਾਨ ਦੀ ਸ਼ੁਰੂਆਤ ਕਦੋਂ ਤੇ ਕਿਵੇਂ ਕਰਦੇ ਹਨ?



ਮਾੜੀ ਸੜਕ ਦੀ ਮੂੰਹ ਬੋਲਦੀ ਤਸਵੀਰ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ 'ਮਾਂ ਤੇ ਮੈਂ ਫੈਸ਼ਨ ਟੇਲੈਂਟ' ਸ਼ੋਅ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਦੇਸ਼ ਭਗਤ ਕੈਂਪਸ ਵਿੱਚ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਅਤੇ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਅਗਵਾਈ ਹੇਠ 'ਮਾਂ ਤੇ ਮੈਂ ਫੈਸ਼ਨ ਟੇਲੈਂਟ' ਸ਼ੋਅ ਕਰਵਾਇਆ ਗਿਆ। ਇਸ ਵਿੱਚ ਬੱਚਿਆਂ ਤੇ ਮਾਪਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਵਿੱਚ ਤਿੰਨ ਰਾਊਂਡ ਕਰਵਾਏ ਗਏ। ਪਹਿਲੇ ਦੌਰ ਵਿੱਚ ਮਾਂ ਤੇ ਬੱਚੇ ਦੀ ਮਾਡਲਿੰਗ ਕਰਵਾਈ ਗਈ। ਦੂਸਰਾ ਦੌਰ ਟੇਲੈਂਟ (ਡਾਂਸ, ਐਕਟਿੰਗ, ਗੀਤ) ਦਾ ਰਿਹਾ। ਤੀਸਰੇ ਚਰਨ ਵਿੱਚ ਮਾਂ ਤੇ ਬੱਚੇ ਤੋਂ ਪ੍ਰਸ਼ਨ ਪੁੱਛੇ ਗਏ। ਜੇਤੂਆਂ ਨੂੰ ਟਰਾਫੀਆਂ ਤੇ ਸਰਟੀਫਿਕੇਟ ਵੰਡੇ ਗਏ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਜਿਵੇਂ ਆਤਮ ਵਿਸ਼ਵਾਸ, ਵਧੀਆ ਡਰੈੱਸ, ਵਧੀਆ ਟੇਲੈਂਟ, ਸਨਮਾਨਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਤੇਜਿੰਦਰ ਕੌਰ ਨੇ ਕਿਹਾ ਕਿ "ਚੁਣੌਤੀਆਂ ਉਹ ਹਨ ਜੋ ਜੀਵਨ ਨੂੰ ਦਿਲਚਸਪ ਤੇ ਸਾਰਥਕ ਬਣਾਉਂਦੀਆਂ ਹਨ"। ਸਾਨੂੰ ਹਮੇਸ਼ਾ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਆਪਣਾ ਟੈਲੈਂਟ ਦਿਖਾਉਂਦੇ ਹੋਏ ਡਾਂਸ ਕੀਤਾ। ਸਮਾਜ ਸੇਵੀ ਡਾਕਟਰ ਜ਼ੋਰਾ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਟੇਲੈਂਟ ਸ਼ੋਅ ਕਰਾਉਣ ਦਾ ਮਕਸਦ ਬੱਚਿਆਂ ਤੇ ਮਾਪਿਆਂ ਨੂੰ ਮਨੋਰੰਜਨ ਸਬੰਧੀ ਉਤਸ਼ਾਹਤ ਕਰਨਾ ਹੈ। ਇਸ ਮੌਕੇ ਉਨ੍ਹਾ ਸਾਰੇ ਭਾਗ ਲੈਣ ਵਾਲੇ ਬੱਚਿਆਂ ਤੇ ਮੰਮੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਪਰਮਪ੍ਰੀਤ ਕੌਰ ਨੇ ਕਿਹਾ ਕਿ ਅਸੀਂ ਅੱਗੇ ਤੋਂ ਅਜਿਹੇ ਹੋਰ ਟੇਲੈਂਟ ਸ਼ੋਅ ਕਰਵਾਉਂਦੇ ਰਹਾਂਗੇ।




ਮਾਂ ਤੇ ਬੱਚਿਆਂ ਨੂੰ ਸਨਮਾਨਤ ਕਰਦੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਤੇ ਪ੍ਰਿੰਸੀਪਲ ਪਰਮਪ੍ਰੀਤ ਕੌਰ।

# ਅਣ-ਅਧਿਕਾਰਤ ਤੇ ਗ਼ੈਰ-ਮਨਜ਼ੂਰ 4 ਇਮਾਰਤਾਂ ਨੂੰ ਕੀਤਾ ਸੀਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਕਮਿਸ਼ਨਰ ਨਗਰ ਨਿਗਮ ਸ੍ਰੀ ਰਾਹੁਲ ਨੇ ਦੱਸਿਆ ਵੱਲੋਂ ਅਣ-ਅਧਿਕਾਰਤ ਤੇ ਗੈਰ ਮਨਜ਼ੂਰ ਇਮਾਰਤਾਂ ਦੀ ਉਸਾਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਚੈਕਿੰਗ ਕੀਤੀ ਗਈ। ਇਸੇ ਤਹਿਤ 4 ਗੈਰ ਮਨਜ਼ੂਰ ਇਮਾਰਤਾਂ ਨੂੰ ਸੀਲ ਕੀਤਾ ਗਿਆ। ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਇਹ ਸੀਲ ਕੀਤੀਆਂ ਇਮਾਰਤਾਂ, ਜੋ 80 ਫੁੱਟ ਰੋਡ 'ਤੇ ਛਾਬੜਾ ਹਸਪਤਾਲ ਦੇ ਸਾਹਮਣੇ, ਭੱਟੀ ਰੋਡ ਤੇ ਵਰਮਾ ਹਸਪਤਾਲ ਦੇ ਸਾਹਮਣੇ, ਭੱਟੀ ਰੋਡ ਤੇ ਵਿਰਦੀ ਮਾਰਕਿਟ ਅਤੇ ਭਾਗੂ ਰੋਡ ਗਲੀ ਨੰਬਰ 10 ਚ ਸਥਿਤ ਸਨ। ਸ੍ਰੀ ਰਾਹੁਲ ਨੇ ਇਹ ਵੀ ਦੱਸਿਆ ਕਿ ਜਿੱਥੇ ਕਿਤੇ ਵੀ ਕਿਸੇ ਬਿਲਡਿੰਗ ਦੀ ਉਸਾਰੀ ਬਿਨਾਂ ਮਨਜ਼ੂਰੀ ਤੋਂ ਸ਼ੁਰੂ ਕੀਤੀ ਗਈ ਹੈ, ਉਸ ਦਾ ਕੰਮ ਰੋਕ ਦਿੱਤਾ ਗਿਆ ਤੇ ਸਬੰਧਤ ਉਸਾਰੀ ਕਰਤਾ ਨੂੰ ਉਸਾਰੀ ਤੋਂ ਪਹਿਲਾਂ ਆਪਣੀ ਆਨ-ਲਾਈਨ ਫਾਈਲ ਅਪਲਾਈ ਕਰਕੇ ਮਨਜ਼ੂਰੀ ਲੈਣ ਲਈ ਹਦਾਇਤ ਵੀ ਕੀਤੀ ਗਈ।

# ਸਰਹੱਦੀ ਪਿੰਡਾਂ ਦੀ ਵੱਡੀ ਤੇ ਪੁਰਾਣੀ ਮੰਗ ਹੋਈ ਪੂਰੀ, ਵਿਧਾਇਕ ਸਵਨਾ ਨੇ ਸਤਲੁਜ 'ਤੇ ਪੁਲ ਦਾ ਰੱਖਿਆ ਨੀਂਹ ਪੱਥਰ

**ਪੁਲ ਬਣਨ ਨਾਲ ਸਰਹੱਦੀ ਪਿੰਡਾਂ ਦੀ ਫਾਜ਼ਿਲਕਾ ਤੋਂ ਦੂਰੀ ਘਟੇਗੀ**



**ਫਾਜ਼ਿਲਕਾ (ਕ੍ਰਿਸ਼ਨ ਸਿੰਘ, ਨਿਸ਼ਾ ਸ਼ਰਮਾ)**

ਫਾਜ਼ਿਲਕਾ ਦੇ ਸਤਲੁਜ ਦਰਿਆ ਦੇ ਪਾਰ ਵਸਦੇ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਅਜ਼ਾਦੀ ਦੇ ਸਾਢੇ 7 ਦਹਾਕੇ ਬਾਅਦ ਪੁਲ ਦੀ ਮੰਗ ਪੂਰੀ ਹੋਈ। ਹਲਕੇ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਪੁਲ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ। ਨੀਂਹ ਪੱਥਰ ਰੱਖਣ ਮੌਕੇ ਵਿਧਾਇਕ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਤੋਂ ਇਨ੍ਹਾਂ ਸਰਹੱਦੀ ਪਿੰਡਾਂ ਦੇ ਲੋਕਾਂ ਨਾਲ ਨੇੜਲੀ ਸਾਂਝ ਰੱਖਦੇ ਹਨ ਤੇ ਹੁਣ ਉਨ੍ਹਾ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਇਲਾਕੇ ਦੀ ਵੱਡੀ ਮੰਗ ਪੂਰੀ ਕਰਦਿਆਂ ਮੌਜਮ ਤੇ ਤੇਜਾ ਰੁਹੇਲਾ ਵਿਚਕਾਰ ਸਤਲੁਜ ਦੀ ਕਰੀਕ 'ਤੇ ਪੁਲ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਹੈ।

ਵਿਧਾਇਕ ਸਵਨਾ ਨੇ ਦੱਸਿਆ ਕਿ ਪਹਿਲਾਂ ਇਨ੍ਹਾਂ ਲੋਕਾਂ ਨੂੰ ਜਾਂ ਤਾਂ ਕਿਸ਼ਤੀ ਰਾਹੀਂ ਦਰਿਆ ਪਾਰ ਕਰਨਾ ਪੈਂਦਾ ਸੀ ਜਾਂ ਲਗਭਗ 15 ਕਿਲੋਮੀਟਰ ਘੁੰਮ ਕੇ ਕਾਵਾਂ ਵਾਲੀ ਪੱਤਣ 'ਤੇ ਬਣੇ ਪੁਲ ਰਾਹੀਂ ਫਾਜ਼ਿਲਕਾ ਆਉਣਾ ਪੈਂਦਾ ਸੀ, ਜਦਕਿ ਇਸ ਪੁਲ ਦੇ ਬਣਨ ਨਾਲ ਇਨ੍ਹਾਂ ਲੋਕਾਂ ਨੂੰ ਵੱਡੀ ਸੌਖ ਹੋਵੇਗੀ। ਵਿਧਾਇਕ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਨੇ ਦੱਸਿਆ ਕਿ ਇਸ ਪੁਲ 'ਤੇ ਪੰਜਾਬ ਸਰਕਾਰ ਵੱਲੋਂ 7.5 ਕਰੋੜ ਰੁਪਏ ਖਰਚ ਕੀਤੇ ਜਾਣਗੇ ਤੇ 12 ਫੁੱਟ ਚੌੜੇ ਇਸ ਪੁਲ ਦੀ ਲੰਬਾਈ 140 ਮੀਟਰ ਹੋਵੇਗੀ। ਇਹ ਪੁਲ ਦੇਸ਼ ਲਈ ਰਣਨੀਤਕ ਤੌਰ 'ਤੇ ਵੀ ਮਹੱਤਵਪੂਰਨ ਹੋਵੇਗਾ, ਜਦਕਿ ਸਰਹੱਦੀ ਪਿੰਡਾਂ ਦੇ ਲੋਕਾਂ ਲਈ ਵਰਦਾਨ ਸਾਬਿਤ ਹੋਵੇਗਾ। ਉਨ੍ਹਾ ਕਿਹਾ ਕਿ ਇਸ ਪੁਲ ਦਾ ਨਿਰਮਾਣ ਦਸੰਬਰ 2023 ਤੱਕ ਪੂਰਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਮੌਕੇ ਜਲ ਸ੍ਰੋਤ ਵਿਭਾਗ ਦੇ ਕਾਰਜਕਾਰੀ ਇੰਜਨੀਅਰ ਅਲੋਕ ਚੌਧਰੀ, ਐੱਸ ਡੀ ਓ ਵਿਵੇਕ ਮੱਕੜ, ਸਾਜਨ ਖਾਰਬਾਟ, ਰਜਿੰਦਰ ਜਲੰਧਰਾ, ਸੁਰਿੰਦਰ ਕੰਬੋਜ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਖੁਸ਼ਹਾਲ ਸਿੰਘ, ਗੁਲਸ਼ਨ ਸਿੰਘ ਸਰਪੰਚ ਨਵਾਂ ਹਸਤਾ, ਪਰਮਜੀਤ ਸਿੰਘ ਨੂਰਸ਼ਾਹ, ਡਾ: ਅੰਗਰੇਜ਼ ਸਿੰਘ ਤੇਜਾ ਰੁਹੇਲਾ, ਬਲਵੀਰ ਸਿੰਘ ਸਰਪੰਚ ਨਿਓਲਾ ਆਦਿ ਹਾਜ਼ਰ ਸਨ।

# ਬੇਅੰਤ ਕੌਰ ਗਿੱਲ ਦਾ ਨਾਵਲ 'ਤਬਾਦਲਾ' ਲੋਕ ਅਰਪਣ




**ਮੋਗਾ (ਅਮਰਜੀਤ ਬੱਬਰੀ)**-ਬੇਅੰਤ ਕੌਰ ਗਿੱਲ ਦਾ ਨਾਵਲ ਤਾਜ ਹੋਟਲ ਦੇ ਵਿਹੜੇ ਵਿੱਚ ਮੋਗਾ ਹਲਕੇ ਦੇ ਐੱਮ ਐੱਲ ਏ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਸਾਹਿਤਕਾਰਾਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਪ੍ਰਧਾਨਗੀ ਮੰਡਲ ਵਿੱਚ ਉੱਘੇ ਸਾਹਿਤਕਾਰ ਜਰਨੈਲ ਸਿੰਘ ਸੇਖਾ ਕੈਨੇਡਾ, ਪ੍ਰਿੰਸੀਪਲ ਜਗਤਾਰ ਸਿੰਘ ਦੌਧਰ, ਡੀ ਐੱਸ ਪੀ ਬਰਜਿੰਦਰ ਸਿੰਘ ਭੁੱਲਰ, ਗੁਰਮੇਲ ਸਿੰਘ ਬੌਡੇ ਸੀਨੀਅਰ ਮੀਤ ਪ੍ਰਧਾਨ ਲੋਕ ਸਾਹਿਤ ਅਕਾਦਮੀ ਮੋਗਾ ਸ਼ਾਮਲ ਹੋਏ। ਡਾਕਟਰ ਅਮਨਦੀਪ ਕੌਰ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਗੁਰਮੀਤ ਸਿੰਘ ਰੱਖੜਾ ਨੇ ਬਾਖੂਬੀ ਨਿਭਾਈ। ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਬੇਅੰਤ ਕੌਰ ਇਕ ਸਮਰੱਥ ਸਾਹਿਤਕਾਰ ਹੈ, ਅਕਸਰ ਹੀ ਇਨ੍ਹਾਂ ਦੇ ਲੇਖ ਪ੍ਰਮੁੱਖ ਅਖਬਾਰਾਂ ਤੇ ਮੈਗਜ਼ੀਨਾਂ ਵਿੱਚ ਛਪਦੇ ਰਹਿੰਦੇ ਹਨ। ਉਨ੍ਹਾਂ ਨੇ ਇਸ ਸਮੇਂ ਜਿੱਥੇ ਨਾਵਲਕਾਰ ਬੇਅੰਤ ਕੌਰ ਗਿੱਲ ਨੂੰ ਵਧਾਈ ਦਿੱਤੀ, ਓਥੇ ਉਨ੍ਹਾਂ ਸਾਹਿਤਕਾਰਾਂ ਦੀ ਇਸ ਵੱਖਰੀ ਦੁਨੀਆ ਨੂੰ ਬਹੁਤ ਖੂਬਸੂਰਤ ਕਿਹਾ ਤੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਦਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਬੇਅੰਤ ਕੌਰ ਗਿੱਲ ਦਾ ਇਹ ਦੂਸਰਾ ਨਾਵਲ ਹੈ, ਇਸ ਤੋਂ ਪਹਿਲਾਂ ਉਹ ਚਾਰ ਕਿਤਾਬਾਂ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਬੇਅੰਤ ਕੌਰ ਸਾਰੀਆਂ ਵਿਧਾਵਾਂ ਵਿੱਚ ਲਿਖਦੇ ਹਨ ਤੇ ਹਰ ਵਿਧਾ ਵਿੱਚ ਪਾਠਕਾਂ ਦੀ ਪਸੰਦ ਉੱਤੇ ਖਰਾ ਉਤਰਦੇ ਹਨ। ਉਨ੍ਹਾ ਕਿਹਾ ਕਿ ਅਸੀਂ ਵਿਦੇਸ਼ ਵਿੱਚ ਬੈਠੇ ਜਦ ਬੇਅੰਤ ਕੌਰ ਗਿੱਲ ਦੀਆਂ ਰਚਨਾਵਾਂ ਤੇ ਸਮਾਜ ਨੂੰ ਇਨ੍ਹਾਂ ਦੀ ਦੇਣ ਬਾਰੇ ਪੜ੍ਹਦੇ ਹਾਂ ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਉਨ੍ਹਾ ਨੇ ਬੇਅੰਤ ਕੌਰ ਗਿੱਲ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਉਨ੍ਹਾ ਨੂੰ ਇਸ ਧੀ ਉੱਤੇ ਬਹੁਤ ਮਾਣ ਹੈ। ਇਸ ਸਮੇਂ ਪ੍ਰਸਿੱਧ ਆਲੋਚਕ ਜਸਬੀਰ ਸਿੰਘ ਕਲਸੀ ਤੇ ਨਾਟਕ ਡਾਇਰੈਕਟਰ ਅਮਰਜੀਤ ਮੋਹੀ ਵੱਲੋਂ ਪਰਚਾ ਪੜ੍ਹਿਆ ਗਿਆ। ਗੁਰਮੇਲ ਸਿੰਘ ਬੌਡੇ ਤੇ ਡੀ ਐੱਸ ਪੀ ਬਰਜਿੰਦਰ ਸਿੰਘ ਭੁੱਲਰ ਨੇ ਵੀ ਬੇਅੰਤ ਕੌਰ ਦੀਆਂ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਯੋਗਦਾਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਮੈਡਮ ਵਿਧਾਇਕ ਨੂੰ ਬੇਅੰਤ ਕੌਰ ਗਿੱਲ ਨੂੰ ਮਹਿਲਾ ਦਿਵਸ ਉੱਤੇ ਸਨਮਾਨਤ ਕਰਨ ਦੀ ਸਿਫਾਰਸ਼ ਕੀਤੀ। ਵਿਸ਼ੇਸ਼ ਤੌਰ 'ਤੇ ਪਹੁੰਚੀਆਂ ਸਾਹਿਤ ਸਭਾਵਾਂ ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ, ਕੋਟ ਈਸੇ ਖਾਂ ਤੇ ਜ਼ੀਰਾ ਸਭਾਵਾਂ ਦਾ ਪ੍ਰਿੰਸੀਪਲ ਜਗਤਾਰ ਸਿੰਘ ਦੌਧਰ ਨੇ ਧੰਨਵਾਦ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੱਜਣ ਗਿਆਨ ਸਿੰਘ, ਸੁਖਪਾਲ ਸਿੰਘ ਮੋਗਾ, ਨਵਨੀਤ ਸਿੰਘ ਸੇਖਾ, ਸਾਬਕਾ ਡਿਸਟਕ ਅਟਾਰਨੀ ਅਵਤਾਰ ਸਿੰਘ ਹੇਅਰ, ਹਰਵਿੰਦਰ ਸਿੰਘ ਰੋਡੇ, ਅਵਤਾਰ ਸਿੰਘ ਮੋਗਾ, ਸੁਨੰਦ ਨਮਨ, ਅਵਤਾਰ ਸਿੰਘ ਕਰੀਰ, ਸੁਖਬੀਰ ਸਿੰਘ ਬਾਬਾ, ਜਗਸੀਰ ਸਿੰਘ ਬੱਧਨੀ ਕਲਾਂ ਐਡਵੋਕੇਟ ਅਮਿਤ ਮਿੱਤਲ, ਐਡਵੋਕੇਟ ਪੁਨੀਤ ਜਿੰਦਲ ਤੇ ਆਈ.ਟੀ.ਆਈ. (ਲੜਕੇ) ਦੇ ਸਮੂਹ ਸਟਾਫ ਦਾ ਬੇਅੰਤ ਕੌਰ ਗਿੱਲ ਨੇ ਤਹਿ ਦਿਲੋਂ ਧੰਨਵਾਦ ਕੀਤਾ।

## ਮਾਤਾ ਗੁਜਰੀ ਕਾਲਜ ਦੇ ਵਿਦਿਆਰਥੀਆਂ ਦਾ ਅਸੈੱਸਮੈਂਟ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਡੇਅਰੀ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਦੀ ਸੈਕਟਰ ਸਕਿੱਲ ਕੌਂਸਲ ਵੱਲੋਂ ਅਸੈਸਮੈਂਟ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵਧੀਆ ਨੰਬਰਾਂ ਨਾਲ ਅਸੈਸਮੈਂਟ ਪ੍ਰੀਖਿਆ ਪਾਸ ਕੀਤੀ। ਪ੍ਰੀਖਿਆ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਮਾਣ ਪੱਤਰ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਦੁਆਰਾ ਸੌਂਪੇ ਗਏ। ਡਾਇਰੈਕਟਰ ਪ੍ਰਿੰਸੀਪਲ ਡਾ. ਕਸਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਇਹੋ ਜਿਹੀਆਂ ਵਿਹਾਰਕ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਹੁਨਰ ਨੂੰ ਤਰਾਸਣ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਇਸ ਮੌਕੇ ਮਾਈਕ੍ਰੋਬਾਇਓਲੋਜੀ ਵਿਭਾਗ ਦੇ ਮੁਖੀ ਡਾ. ਸੌਰਭ ਗੁਪਤਾ ਨੇ ਦੱਸਿਆ ਕਿ ਵਿਦਿਆਰਥੀਆਂ ਦੀਆਂ ਯੋਗਤਾਵਾਂ ਨੂੰ ਪਰਖਣ ਲਈ ਕਾਲਜ ਵੱਲੋਂ ਸਮੇਂ-ਸਮੇਂ 'ਤੇ ਇਹੋ ਜਿਹੀਆਂ ਪ੍ਰੀਖਿਆਵਾਂ ਕਰਵਾਈਆਂ ਜਾਂਦੀਆ ਹਨ। ਇਸ ਮੌਕੇ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਨਵਜੀਤ ਕੌਰ, ਮਾਈਕ੍ਰੋਬਾਇਓਲੋਜੀ ਵਿਭਾਗ ਦੇ ਪ੍ਰੋ. ਅਮਨਪ੍ਰੀਤ ਕੌਰ, ਪ੍ਰੋ. ਗੁਰਪ੍ਰੀਤ ਸਿੰਘ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।


ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ ਪਹਿਲੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 02.03.2023 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਨੂੰ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਮੋਡ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰਨ ਦੀ ਅਨੁਮਤੀ ਹੈ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ | 07.02.2023 | 16.02.2023 | 02.03.2023 15:00 Hrs |

| ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | | |
|---|---|---|---|---|
| 1 | 427-2022-23-Sr-DEN-I-FZR | ਸੀਨੀਅਰ ਮੰਡਲ ਇੰਜੀਨੀਅਰ ਪਹਿਲੀ ਦੇ ਅਧਿਕਾਰ ਖੇਤਰ ਵਿਚ (2 ਨੰਬਰ) ਹਾਈਡ੍ਰੋਲਿਕ ਟਾਇਪ ਕਵਰ ਨੰਬਰ 1 ਉਤੇ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ABS-FKA ਵਿਚ ਕਵਰ ਨੰਬਰ 1 ਅਤੇ FZP-FKA ਵਿਚ ਕਵਰ ਨੰਬਰ 13 ਅਤੇ 3 ਨੰਬਰ (ਇਲੈਕਟ੍ਰੋਨਿਕ ਟਾਇਪ) ਕਵਰ ਨੰਬਰ 23 NMDA-SNL ਕਵਰ ਨੰਬਰ 18 ਅਤੇ ਕਵਰ ਨੰਬਰ 16 NRO-LNK ਉਤੇ ਟ੍ਰੈਕ ਦੀ ਆਪੂਰਤੀ, ਸਥਾਪਨਾ, ਕਮੀਸ਼ਨਿੰਗ ਅਤੇ ਰੱਖ-ਰੱਖਾਵ ਕਰਨ ਦਾ ਕੰਮ। | | |
| | | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 2514773.32 | 60 ਦਿਨ | 36 ਮਹੀਨੇ |

Tender Notice No:- 770-W/169/WA-1/FZR/427-2022-23-Sr.DEN-I/FZR 429/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਟ੍ਰੈਫਿਕ ਬਲਾਕ ਦੇ ਚਲਦੇ ਰੇਲਗੱਡੀਆਂ ਦਾ ਅਸਥਾਈ ਰੱਦਕਰਨਾ / ਆਂਸ਼ਿਕ ਰੱਦਕਰਨਾ / ਪੁਨਰਨਿਰਧਾਰਣ ਅਤੇ ਰੋਕਕੇ ਚਲਾਨਾ

ਰੇਲਯਾਤਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਧਾਰਭੂਤ ਰੇਲ ਅਵਸੰਰਚਨਾ ਦੇ ਉਨਨਯਨ ਲਈ ਉੱਤਰ ਰੇਲਵੇ ਦੁਵਾਰਾ ਦਿੱਲੀ-ਅੰਬਾਲਾ ਸੈਕਸ਼ਨ ਦੇ ਤਰਾਵਡੀ-ਭੈਨੀ ਖੁਰਦ ਸਟੇਸ਼ਨਾਂ ਦੇ ਵਿਚ ਬ੍ਰਿਜ ਨੰ: 204 ਉਤੇ ਟੀ-ਬੀਮ ਸਲੈਬ ਨੂੰ ਪੀਐਸਸੀ ਸਲੈਬ ਦੇ ਨਾਲ ਬਦਲਣ ਦਾ ਕੰਮ ਕੀਤਾ ਜਾਵੇਗਾ, ਜਿਸਦੇ ਚਲਦੇ ਮਿਤੀ 12.02.2023 ਨੂੰ ਟ੍ਰੈਫਿਕ ਅਤੇ ਪਾਵਰ ਬਲਾਕ ਲਿਤਾ ਜਾਵੇਗਾ। ਪਰਿਣਾਮਸਵਰੂਪ, ਪਾਵਰ ਬਲਾਕਸ ਦੀ ਅਵੱਧੀ ਦੇ ਦੋਰਾਨ ਹੇਠਾ ਲਿਖੀ ਰੇਲਗੱਡੀਆਂ ਇਨ੍ਹਾਂ ਦੇ ਸਮਖਸ਼ ਪ੍ਰਭਾਵਿਤ ਰਹੇਗੀ :-

ਰੇਲਗੱਡੀਆਂ ਦਾ ਰੱਦਕਰਨਾ

| ਰੇਲਗੱਡੀ ਨੰ: | ਰੇਲਗੱਡੀ ਦਾ ਨਾਮ | ਰੱਦਕਰਨ ਦੀ ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|
| 04449 | ਨਵੀਂ ਦਿੱਲੀ - ਕੁਰਖਸ਼ੇਤਰ ਜੰ: ਈਐਮਯੂ ਐਕਸਪ੍ਰੈਸ ਰੇਲਗੱਡੀ | 12.02.2023 |
| 04452 | ਕੁਰਖਸ਼ੇਤਰ ਜੰ:- ਨਵੀਂ ਦਿੱਲੀ ਈਐਮਯੂ ਐਕਸਪ੍ਰੈਸ ਰੇਲਗੱਡੀ | 12.02.2023 |

ਰੇਲਗੱਡੀਆਂ ਦਾ ਆਂਸ਼ਿਕ ਰੱਦਕਰਨਾ

| ਰੇਲਗੱਡੀ ਨੰ: ਅਤੇ ਨਾਮ | ਸਟੇਸ਼ਨ ਜਿਥੇ ਰੇਲਗੱਡੀ ਯਾਤਰਾ ਸਮਾਪਤ/ਸ਼ੁਰੂ ਕਰੇਗੀ | ਸਟੇਸ਼ਨਾਂ ਦੇ ਵਿਚ ਰੱਦ ਰਹੇਗੀ | ਆਂਸ਼ਿਕ ਰੱਦਕਰਣ ਦੀ ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|---|
| 12460 ਅੰਮ੍ਰਿਤਸਰ - ਨਵੀਂ ਦਿੱਲੀ ਐਕਸਪ੍ਰੈਸ | ਅੰਬਾਲਾ ਕੈਂਟ ਉਤੇ | ਅੰਬਾਲਾ ਕੈਂਟ - ਨਵੀਂ ਦਿੱਲੀ | 12.02.2023 |
| 14681 ਨਵੀਂ ਦਿੱਲੀ - ਜਲੰਧਰ ਸਿਟੀ ਐਕਸਪ੍ਰੈਸ | ਅੰਬਾਲਾ ਕੈਂਟ ਤੋਂ | ਨਵੀਂ ਦਿੱਲੀ - ਅੰਬਾਲਾ ਕੈਂਟ | 12.02.2023 |

ਰੇਲਗੱਡੀਆਂ ਦਾ ਪੁਨਰਨਿਰਧਾਰਣ

| ਰੇਲਗੱਡੀ ਨੰ: ਅਤੇ ਨਾਮ | ਪੁਨਰਨਿਰਧਾਰਣ ਰੇਲਗੱਡੀਆਂ |
|---|---|
| 12046 ਚੰਡੀਗੜ੍ਹ - ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਚੰਡੀਗੜ੍ਹ ਤੋਂ 12.10 ਦੀ ਜਗ੍ਹਾਂ ਉਤੇ 14.30 ਵਜੇ (140 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 12926 ਅੰਮ੍ਰਿਤਸਰ - ਬਾਂਦ੍ਰਾ ਟਰਮੀਨਸ ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਅੰਮ੍ਰਿਤਸਰ ਤੋਂ 07.35 ਦੀ ਜਗ੍ਹਾਂ ਉਤੇ 09.20 ਵਜੇ (105 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 15708 ਅੰਮ੍ਰਿਤਸਰ - ਕਟਿਹਾਰ ਜੰ: ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਅੰਮ੍ਰਿਤਸਰ ਤੋਂ 08.25 ਦੀ ਜਗ੍ਹਾਂ ਉਤੇ 09.50 ਵਜੇ (90 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 22430 ਪਠਾਨਕੋਟ ਜੰ: - ਦਿੱਲੀ ਜੰ: ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਪਠਾਨਕੋਟ ਤੋਂ 07.00 ਦੀ ਜਗ੍ਹਾਂ ਉਤੇ 08.15 ਵਜੇ (75 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 12752 ਪਠਾਨਕੋਟ ਜੰ: - ਦਿੱਲੀ ਜੰ: ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਜੰਮੂ ਤਵੀ ਤੋਂ 05.45 ਦੀ ਜਗ੍ਹਾਂ ਉਤੇ 06.45 ਵਜੇ (60 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 11842 ਕੁਰਖਸ਼ੇਤਰ ਜੰ: - ਖਜੁਰਾਹੋ ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਕੁਰਖਸ਼ੇਤਰ ਤੋਂ 30 ਮਿਨਟ ਦੇਰੀ ਤੋਂ ਪ੍ਰਸਥਾਨ ਕਰੇਗੀ। |

ਰੋਕਕੇ ਚਲਾਈ ਜਾਣ ਵਾਲੀ ਰੇਲਗੱਡੀਆਂ

| ਰੇਲਗੱਡੀ ਨੰ: ਅਤੇ ਨਾਮ | ਵਿਨਿਯਮਿਤ ਰੇਲਗੱਡੀਆਂ |
|---|---|
| 04652 ਅੰਮ੍ਰਿਤਸਰ - ਜੈਨਗਰ ਐਕਸਪ੍ਰੈਸ | ਰੇਲਗੱਡੀ ਮਿਤੀ 12.02.2023 ਨੂੰ ਕੁਰਖਸ਼ੇਤਰ ਜੰ: ਉਤੇ 20 ਮਿਨਟ ਰੋਕਕੇ ਚਲਾਈ ਜਾਵੇਗੀ। |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ।

ਰੇਲਮਦਦ ਵੇਬਸਾਈਟ ਦੇਖੋ: www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਉੱਤਰ ਰੇਲਵੇ ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ ਸਾਨੂੰ ਫਾਲੋ ਕਰੋਂ

# 3 ਪ੍ਰਵਾਸੀ ਮਜ਼ਦੂਰਾਂ ਦੀਆਂ ਝੁੱਗੀਆਂ ਸੜ ਕੇ ਸੁਆਹ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਪਿੰਡ ਭੈਣੀ ਵਿਖੇ ਦਰਿਆ ਕਿਨਾਰੇ ਰਹਿੰਦੇ 3 ਪ੍ਰਵਾਸੀ ਮਜ਼ਦੂਰਾਂ ਦੀਆਂ ਅੱਗ ਲੱਗਣ ਨਾਲ ਝੁੱਗੀਆਂ ਸੜ ਕੇ ਸੁਆਹ ਹੋ ਗਈਆਂ। ਇਸ ਘਟਨਾ ਸਮੇਂ ਉਕਤ ਉਤਰ ਪ੍ਰਦੇਸ਼ ਨਾਲ ਸਬੰਧਿਤ ਤਿੰਨੋਂ ਪਰਵਾਰਾਂ ਦੇ ਜੀਅ ਕੰਮ ’ਤੇ ਗਏ ਹੋਣ ਕਾਰਨ ਕਿਸੀ ਵੀ ਪ੍ਰਕਾਰ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਜਦਕਿ ਝੁੱਗੀਆਂ ’ਚ ਪਿਆ ਅਨਾਜ, ਨਗਦੀ, ਕਪੜੇ, ਬੱਚਿਆਂ ਦੀਆਂ ਕਿਤਾਬਾਂ ਅਤੇ ਬੈੱਡਾਂ ਸਮੇਤ ਹੋਰ ਸਮੁੱਚਾ ਸਮਾਨ ਅੱਗ ਦੀ ਭੇਂਟ ਚੜਨ ਨਾਲ ਉਕਤ ਪਰਵਾਰਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਜਾਣਕਾਰੀ ਦਿੰਦਿਆਂ ਪੀੜਤ ਪਰਵਾਰ ਦੇ ਇਕ ਲੜਕੇ ਰਾਜੀਵ ਕੁਮਾਰ ਨੇ ਦੱਸਿਆ ਕਿ ਉਕਤ ਪੀੜਤ ਤਿੰਨ ਵਿਅਕਤੀਆਂ ਰਾਜ ਕੁਮਾਰ, ਲਾਲੂ ਤੇ ਰਤਨ ਸਿੰਘ ਦੇ ਪਰਵਾਰ ਇਸ ਪਿੰਡ ’ਚ ਕਰੀਬ ਬੀਤੇ 15 ਸਾਲਾਂ ਤੋਂ ਰਹਿ ਰਹੇ ਹਨ ਅਤੇ ਮਿਹਨਤ ਮਜ਼ਦੂਰੀ ਕਰਕੇ ਪਰਵਾਰਾਂ ਦਾ ਗੁਜ਼ਾਰਾ ਚਲਾਉਂਦੇ ਹਨ। ਉਸਨੇ ਦੱਸਿਆ ਕਿ ਦੁਪਹਿਰ ਉਸ ਸਮੇਂ ਅਗਜ਼ਨੀ ਦੀ ਘਟਨਾ ਵਾਪਰੀ ਜਦੋਂ ਉਕਤ ਪਰਵਾਰਾਂ ਦੇ ਜੀਅ ਕੰਮ ’ਤੇ ਜਦਕਿ ਬੱਚੇ ਆਪਣੇ ਸਕੂਲਾਂ ’ਚ ਗਏ ਹੋਏ ਸਨ। ਘਰ ’ਚ ਮੌਜੂਦ ਪੀੜਤ ਲਾਲੂ ਦੀ ਪਤਨੀ ਦੇਵਕੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਰਾਜ ਕੁਮਾਰ ਦੀ ਝੁੱਗੀ ਨੂੰ ਅੱਗ ਲੱਗੀ ਅਤੇ ਇਸ ਤੋਂ ਪਹਿਲਾਂ ਕਿ ਉਹ ਕੁਝ ਸਮਝ ਪਾਉਂਦੀ ਦੇਖਦੇ ਹੀ ਦੇਖਦੇ ਦੂਜੀਆਂ 2 ਝੁੱਗੀਆਂ ਨੂੰ ਵੀ ਅੱਗ ਨੇ ਲਪੇਟ ’ਚ ਲੈ ਲਿਆ। ਅਗਜ਼ਨੀ ਦੀ ਘਟਨਾ ’ਚ ਰਤਨ ਸਿੰਘ, ਰਾਜ ਕੁਮਾਰ ਅਤੇ ਲਾਲੂ ਦੇ ਪਰਵਾਰ ਦਾ ਝੁੱਗੀਆਂ ’ਚ ਰੱਖਿਆ ਸਮੁੱਚਾ ਸਮਾਨ ਸੜ ਕੇ ਰਾਖ ਹੋ ਗਿਆ। ਇਸ ਦੌਰਾਨ ਰਾਜ ਕੁਮਾਰ ਵੱਲੋਂ ਘਰ ’ਚ ਰੱਖੀ 15 ਹਜ਼ਾਰ ਦੀ ਨਗਦੀ ਤੇ ਮੋਬਾਇਲ ਜਦਕਿ ਲਾਲੂ ਵੱਲੋਂ ਘਰ ’ਚ ਰੱਖੀ 8 ਹਜ਼ਾਰ ਦੀ ਨਗਦੀ ਸਮੇਤ ਅਨਾਜ, ਕਪੜੇ, ਬੈੱਚ, ਬੱਚਿਆਂ ਦੀਆਂ ਕਿਤਾਬਾਂ ਤੇ ਹੋਰ ਸਮਾਨ ਰਾਖ ਹੋ ਗਿਆ। ਸ਼ਾਇਦ ਚੁੱਲੇ ਦੀ ਅੱਗ ਕਾਰਨ ਉਕਤ ਅਗਜ਼ਨੀ ਦੀ ਘਟਨਾ ਵਾਪਰੀ ਹੈ। ਪਿੰਡ ਦੀ ਸਰਪੰਚ ਅਮਰਜੀਤ ਕੌਰ, ਮਾ. ਮੋਹਣ ਸਿੰਘ ਭੈਣੀ, ਪੰਚ ਦਰੋਪਦੀ, ਸੰਤੋਖ ਸਿੰਘ, ਪੰਚ ਸੁਰਜੀਤ, ਪੰਚ ਸੱਤਿਆ ਦੇਵੀ ਅਤੇ ਲਾਲਾ ਪੰਚ ਸਹਿਤ ਸਮੂਹ ਪਿੰਡ ਵਾਸੀਆਂ ਨੇ ਜ਼ਿਲਾ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਉਕਤ ਪਰਵਾਰਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇ।

# ਅਧਿਆਪਕ ਏਕੇ ਨਾਲ ਹੀ ਬਚਾਈ ਜਾ ਸਕਦੀ ਹੈ ਸਰਕਾਰੀ ਸਿੱਖਿਆ : ਡੀ ਟੀ ਐੱਫ



**ਜਲੰਧਰ, (ਸੁਰਿੰਦਰ ਕੁਮਾਰ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ (ਪੰਜਾਬ) ਜ਼ਿਲ੍ਹਾ ਜਲੰਧਰ ਦੇ ਪ੍ਰਤੀਨਿੱਧ ਕੌਂਸਲ ਦੇ 12 ਫਰਵਰੀ ਨੂੰ ਮਲਸੀਆਂ ਵਿਖੇ ਕੀਤੇ ਜਾ ਰਹੇ ਸੂਬਾਈ ਇਜਲਾਸ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਫਰੰਟ ਦੀ ਜ਼ਿਲ੍ਹਾ ਕਮੇਟੀ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿਚ 2392 ਭਰਤੀ ਅਧਿਆਪਕ ਯੂਨੀਅਨ ਅਤੇ 3704 ਅਧਿਆਪਕ ਯੂਨੀਅਨ ਦੇ ਆਗੂਆਂ ਵੱਲੋਂ ਸ਼ਾਮਿਲ ਹੋਣ ਨੂੰ ਅਧਿਆਪਕ ਏਕਤਾ ਲਈ ਸ਼ੁੱਭ ਸ਼ਗਨ ਦੱਸਿਆ। ਜ਼ਿਲ੍ਹਾ ਸਕੱਤਰ ਅਵਤਾਰ ਲਾਲ ਗੁਰਾਇਆ ਨੇ ਦੱਸਿਆ ਕਿ ਜ਼ਿਲ੍ਹਾ ਇਜਲਾਸ ਦੀਆਂ ਹੁਣ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਉਪਰੰਤ ਤਿਆਰੀਆਂ ਤੇ ਤਸੱਲੀ ਪ੍ਰਗਟ ਕੀਤੀ ਗਈ। ਸਰਕਾਰ ਲਗਾਤਾਰ ਸਿੱਖਿਆ ਦਾ ਵਪਾਰੀਕਰਨ ਅਤੇ ਭਗਵਾਂਕਰਨ ਕਰਕੇ ਗਰੀਬਾਂ ਦੇ ਬੱਚਿਆਂ ਕੋਲੋ ਸਿੱਖਿਆ ਖੋਹਣ ਅਤੇ ਅਧਿਆਪਕਾਂ ਨੂੰ ਮਿਲਦੇ ਅਨੇਕਾਂ ਭੱਤਿਆਂ ਉੱਪਰ ਫੇਰੀ ਜਾ ਰਹੀ ਕੈਂਚੀ ਦਾ ਟਾਕਰਾ ਵਿਸ਼ਾਲ ਅਧਿਆਪਕ ਏਕੇ ਨਾਲ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਜਥੇਬੰਦੀ ਦੇ 18 ਫਰਵਰੀ ਨੂੰ ਹੋ ਮੋਗਾ ਵਿਚ ਹੋ ਰਹੇ ਸੂਬਾ ਇਜਲਾਸ ਵਿਚ ਵੀ ਵੱਡੀ ਗਿਣਤੀ ਵਿਚ ਪੁੱਜਣ। ਜ਼ਿਲ੍ਹਾ ਇਜਲਾਸ ਵਿਚ ਜਥੇਬੰਦੀ ਦੀਆਂ ਸਰਗਰਮੀਆਂ ਦਾ ਲੇਖਾ ਜੋਖਾ ਕਰਨ,ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਕਰਨ ਅਤੇ ਜਥੇਬੰਦੀ ਦੇ ਸਾਬਕਾ ਆਗੂਆਂ ਅਤੇ ਵਰਕਰਾਂ ਦਾ ਸਨਮਾਨ ਕੀਤਾ ਜਾਵੇਗਾ। ਮੀਟਿੰਗ ਵਿਚ ਜ਼ਿਲ੍ਹਾ ਵਿੱਤ ਸਕੱਤਰ ਗੁਰਮੁਖ ਸਿੰਘ ਸਿੱਧੂ,ਬਲਵਿੰਦਰ ਸਿੰਘ ਮੁਰੀਦਵਾਲ,ਸੁਖਵਿੰਦਰਪ੍ਰੀਤ ਸਿੰਘ,ਅੰਮ੍ਰਿਤਪਾਲ ਸਿੰਘ,ਮਨਜਿੰਦਰ ਸਿੰਘ ਰੰਧਾਵਾ,ਦਵਿੰਦਰ ਸਿੰਘ,ਕਰਮਜੀਤ ਕੌਰ,ਪਲਵਿੰਦਰ ਕੌਰ,ਗਗਨਦੀਪ ਕੌਰ,ਨਵਜੋਤ ਸਿੰਘ,ਵਿਸ਼ਵ ਭਾਨੂੰ,ਅਨਿਲ ਕੁਮਾਰ,ਰਾਜਨ ਰਾਜੂ ਅਤੇ ਨੀਰਜ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਦੇ ਸੱਦੇ ’ਤੇ ਮਨਾਇਆ ਕਾਲਾ ਦਿਨ, ਬਜਟ ਦੀਆਂ ਕਾਪੀਆਂ ਸਾੜੀਆਂ

**ਸ੍ਰੀ ਅਨੰਦਪੁਰ ਸਾਹਿਬ (ਬਿੰਦੀ)**

ਕੁੱਲ ਹਿੰਦ ਕਿਸਾਨ ਸਭਾ ਦੀ ਕੇਂਦਰੀ ਕਮੇਟੀ ਦੇ ਸੱਦੇ ਤੇ ਸਥਾਨਕ ਕਲਗੀਧਰ ਮਾਰਕੀਟ ਨੇੜੇ ਕੇਂਦਰੀ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ ਤੇ ਦਿਨ ਕਾਲੇ ਦਿਨ ਵਜੋਂ ਮਨਾਇਆ ਗਿਆ। ਬਜਟ ਦਾ ਵਿਰੋਧ ਕੀਤਾ ਗਿਆ । ਇਸ ਮੌਕੇ ਤੇ ਕਿਸਾਨ ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਦੁਆਰਾ ਐਲਾਨੇ ਗਏ ਕੇਂਦਰੀ ਬਜਟ 2023 ਵਿੱਚ ਕਿਸਾਨਾਂ ਅਤੇ ਮਜਦੂਰਾਂ ਨੂੰ ਆਰਥਿਕ ਤੌਰ ਤੇ ਨਜ਼ਰ ਅੰਦਾਜ ਕੀਤਾ ਗਿਆ ਹੈ। ਦੇਸ ਦੇ ਇਤਿਹਾਸ ਵਿੱਚ ਸੱਭ ਤੋਂ ਵਿਰੋਧੀ ਬਜਟ ਹੈ। ਖੇਤੀ ਬਾੜੀ ਤੇ ਸਹਾਇਕ ਖੇਤਰ ਤੇ ਅਲਾਟਮੈਂਟ ਨੂੰ ਕੁੱਲ ਬਜਟ ਨੂੰ 3.84% ਨੂੰ ਘਟਾ ਕੇ 3.20% ਕਰ ਦਿੱਤਾ ਗਿਆ ਹੈ। ਪੇਂਡੂ ਵਿਕਾਸ ਤੇ ਅਲਾਟਮੈਂਟ ਵੀ ਕੁੱਲ ਬਜਟ ਦੇ 5.81% ਤੋਂ ਘਟਾ ਕੇ 5.29% ਕਰ ਦਿੱਤੀ ਗਈ। ਆਗੂਆਂ ਨੇ ਕਿਹਾ ਕਿ ਕੇਂਦਰੀ ਬਜਟ 2023 ਕਿਸਾਨਾਂ ਦੀ ਆਮਦਨ ਦੁਗਣੀ ਕਰਨ ਤੇ ਚੁੱਪ ਹੈ। ਕੇਂਦਰੀ ਬਜਟ ਪ੍ਰਧਾਨ ਮੰਤਰੀ ਫਸਲ ਯੋਜਨਾ ਤੇ ਵੀ ਚੁੱਪ ਹੈ। ਇਹ ਯੋਜਨਾ ਕਿਸਾਨਾਂ ਨੂੰ ਕੁਦਰਤੀ ਆਫਤਾਂ ਕਾਰਨ ਫਸਲਾਂ ਦੇ ਨੁਕਸਾਨ ਤੋਂ ਬਚਾਉਣ ਲਈ ਸੀ। ਪਰ 2022ਵਿਚ 15500 ਕਰੋੜ ਰੁਪਏ ਸੀ,ਪਰ ਇਸ ਸਾਲ 13625ਕਰੋੜ ਰੁਪਏ ਕਰ ਦਿੱਤੀ ਹੈ ਜ਼ਦ ਕਿ ਫਸਲਾਂ ਦਾ ਨੁਕਸਾਨ ਵੱਧ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ ਵਿੱਚ ਮਜਦੂਰ ਵਰਗ ਨੂੰ ਵੱਡੀ ਆਫਤ ਪੈ ਰਹੀ ਹੈ। ਮਗਨਰੇਗਾ ਦੇ ਬਜਟ ਵਿਚ 33 ਫੀਸਦੀ ਰਾਸ਼ੀ ਘੱਟ ਕਰ ਦਿੱਤੀ ਗਈ ਹੈ। ਇਸ ਬਜਟ ਸਿਰਫ ਅਮੀਰਾਂ ਲਈ ਹੈ ਤੇ ਕਿਸਾਨ ਮਜਦੂਰ ਵਿਰੋਧੀ ਹੈ। ਇਸ ਮੌਕੇ ’ਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ ਗਈ ਤੇ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ’ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ, ਤਹਿਸੀਲ ਪ੍ਰਧਾਨ ਇੰਦਰਜੀਤ ਸਿੰਘ ਫੌਜੀ, ਸੁਖਵਿੰਦਰ ਸਿੰਘ ਲਾਡੀ ,ਤੈਲੂ ਸਿੰਘ ਲੋਧੀਪੁਰ, ਗੁਰਚਰਨ ਸਿੰਘ ਘੱਟੀਵਾਲ, ਜਸਪਾਲ ਸਿੰਘ,ਕਮਲ ਸਿੰਘ, ਸੰਜੀਵਨ ਸਿੰਘ, ਮਹਿੰਦਰ ਸਿੰਘ ਮੀਢਵਾ, ਗੁਰਮੁਖ ਸਿੰਘ,ਦੀਪ ਸਿੰਘ ਸਮੀਰੋਵਾਲ ਅਤੇ ਦਰਸ਼ਨ ਸਿੰਘ ਆਦਿ ਕਿਸਾਨ ਆਗੂ ਹਾਜਰ ਸਨ।



# 300 ਰੁਪਏ ਲਈ ਪ੍ਰਵਾਸੀ ਨੌਜਵਾਨ ਦਾ ਕਤਲ



**ਜਲੰਧਰ (ਸ਼ੈਲੀ ਐਲਬਰਟ)**

ਸਿਰਫ 300 ਰੁਪਏ ਲਈ ਦੋ ਲੁਟੇਰਿਆਂ ਨੇ ਇਕ ਪ੍ਰਵਾਸੀ ਨੌਜਵਾਨ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਪ੍ਰਵੀਨ ਸ਼ੁਕਲਾ ਪੁੱਤਰ ਰਾਮਦਾਸ ਸ਼ੁਕਲਾ ਵਾਸੀ ਬਹਰਾਇਚ, ਯੂ.ਪੀ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਰਾਤ ਕਰੀਬ 11:45 ਵਜੇ ਪ੍ਰਵੀਨ ਸ਼ੁਕਲਾ ਆਪਣੇ ਦੋ ਹੋਰ ਸਾਥੀਆਂ ਨਾਲ ਰੇਲ ਗੱਡੀ ਤੋਂ ਹੇਠਾਂ ਉਤਰ ਕੇ ਕਪੂਰਥਲਾ ਜਾ ਰਿਹਾ ਸੀ ਤਾਂ ਦਮੋਰੀਆ ਪੁਲ ਨੇੜੇ ਦੋ ਨਕਾਬਪੋਸ਼ ਵਿਅਕਤੀ ਮੋਟਰਸਾਈਕਲ ’ਤੇ ਆਏ ਅਤੇ ਚਾਕੂ ਦੀ ਨੋਕ ’ਤੇ ਲੁੱਟ ਦੀ ਕੋਸ਼ਿਸ਼ ਕੀਤੀ। ਪ੍ਰਵੀਨ ਸ਼ੁਕਲਾ ਅਤੇ ਉਸ ਦੇ ਸਾਥੀਆਂ ਨੇ ਵਿਰੋਧ ਕੀਤਾ ਤਾਂ ਪ੍ਰਵੀਨ ਸ਼ੁਕਲਾ ’ਤੇ ਚਾਕੂ ਨਾਲ ਵਾਰ ਕਰ ਦਿੱਤਾ ਗਿਆ, ਜਿਸ ਦੌਰਾਨ ਪ੍ਰਵੀਨ ਸ਼ੁਕਲਾ ਦੀ ਮੌਕੇ ’ਤੇ ਹੀ ਮੌਤ ਹੋ ਗਈ ਅਤੇ ਇਕ ਸਾਥੀ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਿਆ, ਜਿਸ ਨੂੰ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਕਤਲ ਦੀ ਸੂਚਨਾ ਮਿਲਦੇ ਹੀ ਥਾਣਾ ਨੰਬਰ 3 ਦੇ ਇੰਚਾਰਜ ਕਮਲਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਆਸ-ਪਾਸ ਲੱਗੇ ਸੀ.ਸੀ.ਟੀ.ਵੀ. ਦੀ ਫੁਟੇਜ ਵੀ ਚੈੱਕ ਕਰ ਰਹੀ ਹੈ ਤਾਂ ਜੋ ਦੋਸ਼ੀਆਂ ਨੂੰ ਕਾਬੂ ਕੀਤਾ ਜਾ ਸਕੇ।

# ਵਿੱਦਿਆ ਅਨਮੋਲ ਖਜ਼ਾਨਾ ਹੈ ਜਿਸ ਦੀ ਪ੍ਰਾਪਤੀ ਦਾ ਹਰੇਕ ਨੂੰ ਅਧਿਕਾਰ : ਨਾਹਰ

**ਫਗਵਾੜਾ (ਡਾ. ਰਮਨ)**

ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ, ਫਗਵਾੜਾ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਦੀ ਵੰਡ ਕੀਤੀ ਗਈ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਅਮਨਦੀਪ ਨਾਹਰ ਐਸ.ਐਚ.ਓ. ਸਿਟੀ, ਫਗਵਾੜਾ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨਾਂ ਦੇ ਤੌਰ ’ਤੇ ਆਮ ਆਦਮੀ ਪਾਰਟੀ ਐਸ.ਸੀ. ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਅਤੇ ਤਰਨਜੀਤ ਸਿੰਘ ਬੰਟੀ ਵਾਲੀਆ ਸਿਟੀ ਪ੍ਰਧਾਨ ਬਲਾਕ ਕਾਂਗਰਸ ਫਗਵਾੜਾ ਨੇ ਸ਼ਿਰਕਤ ਕੀਤੀ। ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਦੀ ਵੰਡ ਕਰਦੇ ਹੋਏ ਥਾਣਾ ਮੁਖੀ ਅਮਨਦੀਪ ਨਾਹਰ ਨੇ ਕਿਹਾ ਕਿ ਗ੍ਰਹਿਸਥੀ ਜੀਵਨ ਜੀਉਂਦਿਆਂ ਪਰਉਪਕਾਰ ਦੇ ਕੰਮ ਭਾਗਾਂ ਵਾਲਿਆਂ ਦੇ ਹਿੱਸੇ ਆਉਂਦੇ ਹਨ। ਉਹਨਾਂ ਕਿਹਾ ਕਿ ਆਪਣੀ ਕਿਰਤ ਕਮਾਈ ਵਿਚੋਂ ਲੋਕਾਂ ਦੀ ਸਹਾਇਤਾ ਕਰਨਾ ਸਮਾਜ ਸੇਵਾ ਦੀ ਪਹਿਲੀ ਪੌੜੀ ਹੈ, ਜਿਸ ਲਈ ਸਰਬ ਨੌਜਵਾਨ ਸਭਾ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ। ਉਹਨਾਂ ਜਿੱਥੇ ਸਭਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਉੱਥੇ ਹੀ ਵਿਦਿਆਰਥੀਆਂ ਨੂੰ ਦਿਲ ਲਗਾ ਕੇ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਵਿੱਦਿਆ ਅਨਮੋਲ ਖਜ਼ਾਨਾ ਹੈ ਜਿਸਨੂੰ ਪ੍ਰਾਪਤ ਕਰਨ ਦਾ ਹਰੇਕ ਨੂੰ ਅਧਿਕਾਰ ਹੈ। ਆਪ ਆਗੂ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਜਿਹੜੇ ਲੋਕਾਂ ਕੋਲ ਬੱਚੇ ਪੜ੍ਹਾਉਣ ਦੀ ਸਮਰੱਥਾ ਨਹੀਂ ਹੈ, ਉਹਨਾ ਦੀਆਂ ਲੋੜਾਂ ਪੂਰੀਆਂ ਕਰਨਾ ਸਮਾਜ ਵਿੱਚ ਇੱਕ ਉੱਤਮ ਕਾਰਜ ਹੈ ਅਤੇ ਇਹਨਾ ਲੋੜਵੰਦਾਂ ਨੂੰ ਰੋਟੀ ਅਨਾਜ ਮੁਹੱਈਆ ਕਰਾਉਣਾ ਵੀ ਜ਼ਰੂਰੀ ਹੈ। ਇਸ ਮੌਕੇ ਕਾਂਗਰਸ ਦੇ ਸਿਟੀ ਪ੍ਰਧਾਨ ਬੰਟੀ ਵਾਲੀਆ ਨੇ ਕਿਹਾ ਕਿ ਸਰਬ ਨੌਜਵਾਨ ਸਭਾ ਨੇ ਸਮਾਜ ਦੇ ਹਰ ਵਰਗ, ਹਰ ਖੇਤਰ ’ਚ ਨਿਵੇਕਲਾ ਕੰਮ ਕਰਨ ਲਈ ਵੱਖਰੀ ਪਹਿਚਾਣ ਬਣਾਈ ਹੈ। ਉਹਨਾ ਕਿਹਾ ਕਿ ਸਮਰਪਨ ਦੀ ਭਾਵਨਾ ਨਾਲ ਕੰਮ ਕਰਕੇ ਹੀ ਲੋਕਾਂ ਦਾ ਦਿਲ ਜਿੱਤਿਆ ਜਾ ਸਕਦਾ ਹੈ। ਪ੍ਰਿੰਸੀਪਲ ਸਤਿੰਦਰਜੀਤ ਸਿੰਘ ਪੂਨੀਆ ਨੇ ਕਿਹਾ ਕਿ ਜੇਕਰ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਰਲ ਕੇ ਕੰਮ ਕਰਨ ਤਾਂ ਇਹ ਸਮਾਜ ਨੂੰ ਵਧੀਆ ਸੇਧ ਦੇਣ ਵਾਲੀ ਗੱਲ ਹੈ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਇਸ ਪ੍ਰੋਜੈਕਟ ਵਿਚ ਸਹਿਯੋਗ ਲਈ ਐਨ.ਆਰ.ਆਈ. ਮਨਜੀਤ ਕੌਰ ਯੂ.ਕੇ. ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਐਨ.ਆਰ.ਆਈ. ਮਨਜੀਤ ਕੌਰ ਦੇ ਕੋਮਾ ਵਿਚ ਚੱਲ ਰਹੇ ਪੁੱਤਰ ਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ। ਸਮਾਗਮ ਦੌਰਾਨ ਮੁੱਖ ਮਹਿਮਾਨ ਅਤੇ ਆਏ ਹੋਏ ਪਤਵੰਤਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਕਵੀ ਹਰਚਰਨ ਭਾਰਤੀ ਨੇ ਬਾਖੂਬੀ ਨਿਭਾਈ। ਇਸ ਮੌਕੇ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਰਾਜਕੁਮਾਰ ਕਨੌਜੀਆ, ਭੁਪਿੰਦਰ ਕੁਮਾਰ ਪੀ.ਟੀ. ਮਾਸਟਰ, ਨਛੱਤਰ ਸਿੰਘ, ਡਾ. ਨਰੇਸ਼ ਬਿੱਟੂ, ਅਨੂਪ ਦੁੱਗਲ, ਨਰਿੰਦਰ ਸਿੰਘ ਸੈਣੀ, ਮਨਦੀਪ ਬੱਸੀ, ਜਗਜੀਤ ਸੇਠ, ਰਾਕੇਸ਼ ਕੋਛੜ, ਰਾਜ ਬਸਰਾ, ਰਮੇਸ਼ ਧੀਰ, ਸੁਰਜੀਤ ਸਿੰਘ ਬਾਹੜਾ, ਵਿਜੇ ਬੰਗਾ, ਨਰੇਸ਼ ਕੋਹਲੀ ਰਿਟਾ. ਹੈੱਡ ਮਾਸਟਰ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ’ਚ ਬੇਬੀ ਸ਼ੋਅ ਤੇ ਬਸੰਤ ਮੇਲਾ ਸੰਪੰਨ

**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਬੇਬੀ ਸ਼ੋਅ ਅਤੇ ਬਸੰਤ ਮੇਲੇ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਹਰਜੀਤ ਕੌਰ ਪ੍ਰਿੰਸੀਪਲ ਕੇ ਵੀ 1 ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਸਟਾਫ਼ ਮੈਂਬਰਾਂ ਪਹੁੰਚੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ । ਇਸ ਦੌਰਾਨ ਵਿਦਿਆਰਥੀਆਂ ਵਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਵਿਦਿਆਰਥੀਆਂ ਲਈ ਲਗਾਏ ਗਏ ਵੱਖ-ਵੱਖ ਪ੍ਰਕਾਰ ਦੇ ਝੂਲੇ ਅਤੇ ਖਾਣ ਪੀਣ ਦੇ ਸਟਾਲ ਵੀ ਬਸੰਤ ਮੇਲੇ ਦਾ ਮੁੱਖ ਆਕਰਸ਼ਣ ਰਹੇ । ਸਮਾਗਮ ਦੇ ਅੰਤ ਵਿੱਚ ਬੇਬੀ ਸ਼ੋਅ ਅਤੇ ਲੱਕੀ ਡ੍ਰਾਅ ਦੇ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਮੈਡਮ ਨਰਿੰਦਰ ਪੱਤੜ, ਰਣਧੀਰ ਸਿੰਘ, ਰੇਨੂੰ ਬਾਲਾ, ਜਸਵਿੰਦਰ ਸਿੰਘ, ਅਨੀਤਾ ਸਹਿਗਲ, ਰਜਨੀ ਅਰੋੜਾ, ਰਣਜੀਤ ਸਿੰਘ, ਨੀਲਮ ਕਾਲੜਾ, ਪਰਮਿੰਦਰ ਕੌਰ, ਮੀਨਾਕਸ਼ੀ, ਹਰਜਿੰਦਰ ਸਿੰਘ, ਸਿੰਦਰਪਾਲ ਕੌਰ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਦਲਜੀਤ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।



## ਤਰਸ ਦੇ ਅਧਾਰ ’ਤੇ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਆਪਣੇ ਸਿਵਲ ਸਕੱਤਰੇਤ ਸਥਿਤ ਦਫ਼ਤਰ ਵਿਖੇ ਤਰਸ ਦੇ ਆਧਾਰ ’ਤੇ ਨਿਯੁਕਤੀ ਪੱਤਰ ਦਿੱਤੇ। ਕਲਰਕ ਸੰਦੀਪ ਸਿੰਘ ਨੂੰ ਬਾਲ ਵਿਕਾਸ ਪ੍ਰਾਜੈਕਟ ਅਫਸਰ ਦਫਤਰ ਜਲਾਲਾਬਾਦ ਅਤੇ ਸੇਵਾਦਾਰ ਗੁਰਤੇਜ ਸਿੰਘ ਨੂੰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦਫਤਰ ਫਿਰੋਜ਼ਪੁਰ ਵਿਖੇ ਤੈਨਾਤ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੋਵਾਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ ਤੇ ਵਧਾਈ ਦਿੰਦਿਆਂ ਸਮਰਪਣ ਭਾਵਨਾ ਅਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ। ਇਸ ਮੌਕੇ ਜਾਇੰਟ ਡਾਇਰੈਕਟਰ ਚਰਨਜੀਤ ਸਿੰਘ ਵੀ ਹਾਜ਼ਰ ਸਨ।

## ਪ੍ਰਿੰ.ਪ੍ਰੇਮ ਕੁਮਾਰ ਵੱਲੋਂ ਆਮ ਆਦਮੀ ਕਲੀਨਿਕ ਦਾ ਦੌਰਾ

**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਆਪਣੇ ਸਾਥੀਆਂ, ਪਾਰਟੀ ਵਰਕਰਾਂ ਨਾਲ ਆਮ ਆਦਮੀ ਕਲੀਨਿਕ ਪਿੰਡ ਨਗਰ (ਫਿਲੌਰ) ਵਿਖੇ ਦੌਰਾ ਕੀਤਾ ਅਤੇ ਅਧਿਕਾਰੀਆਂ, ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਪਿੰਡ ਨਗਰ ਦੇ ਵਾਸੀਆਂ ਤੇ ਮੋਹਤਵਰ ਵਿਅਕਤੀਆਂ ਨਾਲ ਵੀ ਗੱਲ ਕੀਤੀ। ਜਿਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ ਦਾ ਪਿੰਡ ਵਾਸੀ ਅਤੇ ਨਾਲ ਲਗਦੇ ਪਿੰਡਾਂ ਦੇ ਲੋਕ ਭਰਪੂਰ ਫਾਇਦੇ ਲੈ ਰਹੇ ਹਨ। ਹੁਣ ਸਾਨੂੰ ਦਵਾਈਆਂ ਅਤੇ ਚੈੱਕਅੱਪ ਕਰਾਉਣ ਲਈ ਸ਼ਹਿਰ ਵਿਚ ਜਾਣ ਦੀ ਲੋੜ ਨਹੀਂ ਪੈਂਦੀ। ਇਸ ਮੌਕੇ ’ਤੇ ਜਗਤ ਰਾਮ ਭੱਟੀ,ਧਰਮਿੰਦਰ, ਪਰਮਿੰਦਰ ਸਿੰਘ, ਦੀਪਾ ਮਸਾਣੀ, ਸੁਖਦੇਵ ਸਿੰਘ, ਦੀਪਾ ਬਕਾਪੁਰ ਪੀ.ਏ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਸਤਪਾਲ ਸਾਹਲੋਂ ਦਾ ਵਤਨ ਪਰਤਨ ’ਤੇ ਨਿੱਘਾ ਸਵਾਗਤ



**ਬਹਿਰਾਮ (ਅਵਤਾਰ ਕਲੇਰ)**- ‘ਪੰਜਾਬੀ ਭਾਸ਼ਾ ਦੀ ਸੁਰੱਖਿਆ ਲਈ ਲੋਕ ਲਹਿਰ ਦੀ ਸਿਰਜਣਾ ਬਹੁਤ ਜ਼ਰੂਰੀ ਹੈ’। ਇਹ ਪ੍ਰਗਟਾਵਾ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਕੀਤਾ। ਉਹ ਪਿੰਡ ਸਾਹਲੋਂ ਵਿਖੇ ਨਾਮਵਰ ਲੇਖਕ ਸਤਪਾਲ ਸਾਹਲੋਂ ਦੇ ਕੈਨੇਡਾ ਫੇਰੀ ਬਾਅਦ ਵਤਨ ਵਰਤਣ ’ਤੇ ਸਵਾਗਤੀ ਸਮਾਗਮ ਵਿੱਚ ਵਿਸ਼ੇਸ਼ ਤੌਰ ’ਤੇ ਪੁੱਜੇ ਸਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇੱਕ ਪਾਸੇ ਤਾਂ ਸਰਕਾਰੀ/ ਗ਼ੈਰ ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਨੂੰ ਆਖ ਰਹੀ ਹੈ ਦੂਜੇ ਪਾਸੇ ਖ਼ੁਦ ਹੀ ਆਪਣੇ ਆਦੇਸ਼ ਪੱਤਰਾਂ ਲਈ ਅੰਗਰੇਜ਼ੀ ਦੀ ਵਰਤੋਂ ਕਰ ਰਹੀ ਹੈ। ਇਸ ਮੌਕੇ ਸਤਪਾਲ ਸਾਹਲੋਂ ਦਾ ਪ੍ਰੋ. ਸੰਧੂ ਵਰਿਆਣਵੀ, ਦਵਿੰਦਰ ਸਕੋਹਪੁਰੀ, ਸੁਰਜੀਤ ਮਜਾਰੀ, ਦਵਿੰਦਰ ਬੇਗ਼ਮਪੁਰੀ ਆਦਿ ਵਲੋਂ ਫੁੱਲ ਮਲਾਵਾਂ ਨਾਲ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਤਪਾਲ ਸਾਹਲੋਂ ਨੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਅਤੇ ਮੋਟਰੀਅਲ ਸ਼ਹਿਰਾਂ ਨਾਲ ਜੁੜੀਆਂ ਯਾਦਾਂ ਦੀ ਸਾਂਝ ਪਾਈ ਅਤੇ ਮਾਸਿਕ ਅਦਬੀ ਮਹਿਕ ਦੇ ਸੰਪਾਦਕ ਵਜੋਂ, ਨਵਜੋਤ ਸਾਹਿਤ ਸੰਸਥਾ ਦੇ ਪ੍ਰਧਾਨ ਵਜੋਂ, ਕਿਤਾਬਾਂ ਦੇ ਲੇਖਕ ਵਜੋਂ ਅਤੇ ਸਮਾਜਿਕ ਸੇਵਾਵਾਂ ’ਚ ਮੋਹਰੀ ਹਿੱਸੇਦਾਰੀ ਵਜੋਂ ਨਿਭਾਏ ਸਫ਼ਰ ਬਾਰੇ ਵਿਚਾਰਾਂ ਰੱਖੀਆਂ।

## ਜੋਗਿੰਦਰ ਸਿੰਘ ਮਾਨ ਨੇ ਪਾਰਕ ਦੇ ਨਵੀਨੀਕਰਨ ਦਾ ਕਰਵਾਇਆ ਸ਼ੁੱਭ ਆਰੰਭ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸ਼ਹਿਰ ਦੇ ਨਿਊ ਮਾਡਲ ਟਾਊਨ ਇਲਾਕੇ ਵਿਚ ਪਾਰਕ ਦੇ ਨਵੀਨੀਕਰਣ ਦੇ ਕੰਮ ਦਾ ਸ਼ੁੱਭ ਆਰੰਭ ਕਰਵਾਇਆ। ਉਹਨਾਂ ਦੱਸਿਆ ਕਿ ਪਾਰਕ ਦੇ ਨਵੀਨੀਕਰਣ ਉੱਪਰ ਕਰੀਬ 20 ਲੱਖ ਰੁਪਏ ਖਰਚ ਹੋਣਗੇ। ਮਾਨ ਨੇ ਕਿਹਾ ਕਿ ਫਗਵਾੜਾ ਨੂੰ ਖੂਬਸੂਰਤ ਮਾਡਲ ਸ਼ਹਿਰ ਬਨਾਉਣ ਵਿਚ ਕੋਈ ਕਸਰ ਨਹੀਂ ਰਹਿਣ ਦੇਣਗੇ। ਉਹਨਾਂ ਕਿਹਾ ਕਿ ਜਦੋਂ ਤੋਂ ਉਹ ਰਾਜਨੀਤੀ ਵਿਚ ਆਏ ਹਨ ਹਮੇਸ਼ਾ ਫਗਵਾੜਾ ਦੀ ਤਰੱਕੀ ਲਈ ਸਮਰਪਿਤ ਰਹੇ ਹਨ। ਹਰ ਵਾਰਡ ਵਿੱਚ ਪਾਰਕਾਂ ਨੂੰ ਖੂਬਸੂਰਤ ਬਣਾਇਆ ਜਾਵੇਗਾ ਅਤੇ ਸ਼ਹਿਰ ਨੂੰ ਸਾਫ ਸੁਥਰਾ ਬਨਾਉਣ ਲਈ ਪੰਜਾਬ ਸਰਕਾਰ ਤੋਂ ਲੋੜੀਂਦੀ ਗਰਾਂਟ ਦਾ ਪ੍ਰਬੰਧ ਕਰਨ ਤੋਂ ਇਲਾਵਾ ਹਰ ਵਾਰਡ ਦੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨਾ ਉਹਨਾਂ ਦੀ ਪ੍ਰਾਥਮਿਕਤਾ ਹੈ। ਉਹਨਾਂ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਹਰ ਸ਼ਹਿਰ ਤੇ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ। ਉਹਨਾਂ ਆਮ ਆਦਮੀ ਪਾਰਟੀ ਵਲੋਂ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਸੀਨੀਅਰ ਪੱਤਰਕਾਰ ਟੀ.ਡੀ. ਚਾਵਲਾ, ਹਰਮੇਸ਼ ਪਾਠਕ, ਅਸ਼ੋਕ ਡੀਲਕਸ, ਮਨਜੀਤ ਸਿੰਘ ਯੂ.ਐਸ.ਏ., ਪਰਮਜੀਤ ਧਰਮਸੋਤ, ਸੋਰਵ ਹਾਂਡਾ, ਐਡਵੋਕੇਟ ਕੋਹਲੀ, ਰਜਿੰਦਰ ਰਾਜੂ, ਰਾਜਾ ਕੌਲਸਰ, ਮੁਕੁਲ ਜੈਨ ਸਕੱਤਰ, ਉਦਯੋਗਪਤੀ ਅਸ਼ਵਨੀ ਕੋਹਲੀ, ਆਦਰਸ਼ ਗੁਪਤਾ, ਗੁਰਮੀਤ ਸਿੰਘ ਪਲਾਹੀ, ਵੀ.ਪੀ. ਸਿੰਘ ਅਰੋੜਾ, ਕੀਰਤੀ ਮਨਖੰਡ, ਰੋਹਿਤ ਸ਼ਰਮਾ ਆਦਿ ਹਾਜਰ ਸਨ।



## ਅਜ਼ਾਦੀ ਘੁਲਾਟੀਏ ਕੌਮ ਦਾ ਸਰਮਾਇਆ : ਜੌੜਾਮਾਜਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਦਿਲੋਂ ਸਤਿਕਾਰ ਭੇਟ ਕਰਨ ਦਾ ਪ੍ਰਗਟਾਵਾ ਉਨਾਂ ਦੀ ਆਜ਼ਾਦੀ ਸੰਗਰਾਮ ਵਿੱਚ ਲਾਸਾਨੀ ਕੁਰਬਾਨੀਆਂ ਦੇਣ ਵਾਲੇ ਸੂਰਬੀਰਾਂ ਪ੍ਰਤੀ ਸੁਹਿਰਦ ਭਾਵਨਾ ਨੂੰ ਦਰਸਾਉਂਦਾ ਹੈ । ਆਜ਼ਾਦੀ ਘੁਲਾਟੀਆਂ ਦੀ ਭਲਾਈ ਬਾਰੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸੁਤੰਤਰਤਾ ਸੰਗਰਾਮ ਵਿੱਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਇਨਾਂ ਵਤਨਪ੍ਰਸਤਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ’ਤੇ ਜੌੜਾਮਾਜਰਾ ਵੱਲੋਂ ਇੱਕ ਹੈਲਪਲਾਈਨ ਨੰਬਰ 0172-2740788 ਅਤੇ ਈਮੇਲ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਜੋ ਆਜ਼ਾਦੀ ਘੁਲਾਟੀਆਂ ਨੂੰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਜਾਂ ਅਸੁਵਿਧਾ ਦਾ ਸਾਹਮਣਾ ਕਰਨ ’ਤੇ ਸੁਚੱਜੇ ਤੇ ਸੁਖਾਲ਼ੇ ਢੰਗ ਨਾਲ ਨਿਪਟਾਰਾ ਕੀਤਾ ਜਾ ਸਕੇ। ਉਨਾਂ ਅੱਗੇ ਕਿਹਾ ਕਿ ਇਸ ਨੰਬਰ ਅਤੇ ਈਮੇਲ ਦੇ ਸ਼ੁਰੂ ਹੋਣ ਨਾਲ ਆਜਾਦੀ ਘੁਲਾਟੀਆਂ ਨੂੰ ਆਪਣੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਕਿਸੇ ਵੀ ਸਰਕਾਰੀ ਦਫ਼ਤਰ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ, ਸਗੋਂ ਇਸ ਹੈਲਪਲਾਈਨ ‘ਤੇ ਕੋਈ ਵੀ ਸ਼ਿਕਾਇਤ ਮਿਲਣ ’ਤੇ ਸਰਕਾਰੀ ਅਧਿਕਾਰੀ ਖ਼ੁਦ ਉਨਾਂ ਦੇ ਘਰ ਜਾ ਕੇ ਕਿਸੇ ਵੀ ਤਰਾਂ ਦੀ ਮੁਸ਼ਕਿਲ ਦਾ ਨਿਪਟਾਰਾ ਕਰਨਗੇ। ਜ਼ਿਕਰਯੋਗ ਹੈ ਕਿ ਪੰਜਾਬ ਦੇ ਸ਼ਾਸਨ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਮੰਤਰੀ ਜੌੜਾਮਾਜਰਾ ਨੇ ਖੁਦ ਆਜਾਦੀ ਘੁਲਾਟੀਆਂ ਦੇ ਘਰ ਜਾ ਕੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲਈ ਅਤੇ ਉਹਨਾਂ ਦੇ ਤੁਰੰਤ ਨਿਪਟਾਰੇ ਲਈ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ। ਉਨਾਂ ਕਿਹਾ ਕਿ ਇਨਾਂ ਆਜਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ।

# ਡੀ ਸੀ ਵੱਲੋਂ ਪਰਾਲੀ ਪ੍ਰਬੰਧਨ ਸੰਬੰਧੀ ਉਦਯੋਗਿਕ ਇਕਾਈਆਂ ਤੇ ਭੱਠਾ ਮਾਲਕਾਂ ਨਾਲ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸਾਲ 2023 ਦੌਰਾਨ ਪਰਾਲੀ ਪ੍ਰਬੰਧਨ ਦੇ ਅਗੇਤੇ ਇੰਤਜ਼ਾਮਾਂ ਨੂੰ ਮੁੱਖ ਰੱਖਦਿਆਂ ਜ਼ਿਲ੍ਹੇ ਦੀਆਂ ਵੱਖ-ਵੱਖ ਸਨਅਤੀ ਇਕਾਈਆਂ ਅਤੇ ਭੱਠਾ ਮਾਲਕਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦਾ ਮੁੱਖ ਮੰਤਵ ਵੱਖ-ਵੱਖ ਉਦਯੋਗਿਕ ਇਕਾਈਆਂ, ਜਿਨ੍ਹਾਂ ਵੱਲੋਂ ਪਰਾਲੀ ਦੀ ਖ਼ਪਤ ਕੀਤੀ ਜਾਂਦੀ ਹੈ, ਨੂੰ ਪਰਾਲੀ ਦੀ ਵੱਧ ਤੋਂ ਵੱਧ ਖਪਤ ਲਈ ਲੋੜੀਂਦੇ ਪ੍ਰਬੰਧਾਂ ਅਤੇ ਜ਼ਰੂਰਤ ਸਬੰਧੀ ਜਾਣਕਾਰੀ ਦੇਣਾ ਅਤੇ ਹੋਰਨਾਂ ਉਦਯੋਗਿਕ ਇਕਾਈਆਂ ਨੂੰ ਪਰਾਲੀ ਦੀ ਖਪਤ ਕਰਕੇ ਪਰਾਲੀ ਪ੍ਰਬੰਧਨ ਵਿਚ ਯੋਗਦਾਨ ਦੇਣ ਲਈ ਪ੍ਰੇਰਿਤ ਕਰਨਾ ਸੀ। ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿਚ ਮੌਜੂਦ ਸਨਅਤੀ ਇਕਾਈਆਂ ਦੇ ਨੁਮਾਇੰਦਿਆਂ ਨੂੰ ਹੁਣ ਤੋਂ ਹੀ ਪਰਾਲੀ ਦੀ ਖਪਤ ਕਰਨ ਲਈ ਲੋੜੀਂਦੇ ਪ੍ਰਬੰਧ ਕਰਨ ਅਤੇ ਵੱਖ-ਵੱਖ ਵਿਭਾਗਾਂ ਨੂੰ ਇਸ ਦਿਸ਼ਾ ਵਿਚ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਇਨ੍ਹਾਂ ਇਕਾਈਆਂ ਨੂੰ ਜਲਦ ਹੀ ਇਕ ਵਿਸ਼ੇਸ਼ ਸੈਮੀਨਾਰ ਰਾਹੀਂ ਪਰਾਲੀ ਤੋਂ ਬਣਨ ਵਾਲੇ ਪੈਲੇਟ ਯੂਨਿਟ ਸਥਾਪਿਤ ਕਰਨ ਲਈ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਭੱਠਾ ਮਾਲਕਾਂ ਨੂੰ 20 ਫੀਸਦੀ ਪਰਾਲੀ ਨੂੰ ਬਾਲਣ ਦੇ ਤੌਰ ’ਤੇ ਵਰਤੋਂ ਕਰਨ ਲਈ ਆਉਣ ਵਾਲੇ ਸੀਜ਼ਨ ਦੌਰਾਨ ਲਾਗੂ ਕਰਨ ਦੀ ਗੱਲ ਵੀ ਕਹੀ। ਡਿਪਟੀ ਕਮਿਸ਼ਨਰ ਨੇ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੇਵ ਸਿੰਘ ਨੂੰ ਕਿਸਾਨਾਂ ਲਈ ਪਰਾਲੀ ਪ੍ਰਬੰਧਨ ਸਬੰਧੀ ਲੋੜੀਂਦੀਆਂ ਮਸ਼ੀਨਾਂ ਦੀ ਉਪਲਬੱਧਤਾ ਅਤੇ ਜ਼ਰੂਰਤ ਸਬੰਧੀ ਸਰਵੇਖਣ ਕਰਕੇ ਮੌਜੂਦਾ ਸਾਲ ਦੌਰਾਨ ਜ਼ਿਲ੍ਹੇ ਵਿਚ 100 ਫੀਸਦੀ ਪਰਾਲੀ ਦੇ ਸੁਚਾਰੂ ਪ੍ਰਬੰਧਨ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿਚ ਮੌਜੂਦ ਸਨਅਤੀ ਇਕਾਈਆਂ ਦੇ ਨੁਮਾਇੰਦਿਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਰਾਲੀ ਪ੍ਰਬੰਧਨ ਵਿਚ ਪੂਰਨ ਸਹਿਯੋਗ ਕਰਨ ਦਾ ਵਿਸ਼ਵਾਸ ਦਿਵਾਇਆ। ਇਸੇ ਤਰ੍ਹਾਂ ਭੱਠਾ ਮਾਲਕਾਂ ਵੱਲੋਂ ਵੀ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਲਈ 20 ਫੀਸਦੀ ਪਰਾਲੀ ਨੂੰ ਬਾਲਣ ਦੇ ਤੌਰ ’ਤੇ ਵਰਤਣ ਅਤੇ ਸਮੇਂ-ਸਮੇਂ ’ਤੇ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਉਦਯੋਗ, ਪੁਲਸ, ਖ਼ੁਰਾਕ ਤੇ ਸਿਵਲ ਸਪਲਾਈ, ਪਸ਼ੂ ਪਾਲਣ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਉੱਭੀ)**-ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਜ਼ਿਲ੍ਹੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਇਥੇ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਜਾ ਰਹੇ ਕੰਮਾਂ ’ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਸਮੀਖਿਆ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਪ੍ਰਮੁੱਖ ਸਕੱਤਰ ਨੂੰ ਜਾਣੂੰ ਕਰਵਾਇਆ ਕਿ ਐਨ.ਐਚ.ਏ.ਆਈ. ਨਾਲ ਸਬੰਧਿਤ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸਵੇਅ ਦੇ ਜਲੰਧਰ ਵਿੱਚ ਪੈਂਦੇ ਹਿੱਸੇ ਦੀ ਜ਼ਮੀਨ ਐਕੁਆਇਅਰ ਕਰਕੇ ਮੁਆਵਜ਼ਾ ਰਾਸ਼ੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਪ੍ਰੋਜੈਕਟ ’ਤੇ ਕੰਮ ਵੀ ਸ਼ੁਰੂ ਹੋ ਚੁੱਕਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ-ਬਠਿੰਡਾ ਗਰੀਨ ਫੀਲਡ ਬਾਈਪਾਸ ਦੇ ਜ਼ਿਲ੍ਹੇ ਵਿੱਚ ਪੈਂਦੇ ਰਕਬੇ ਦਾ ਕਬਜ਼ਾ ਅੰਤਿਮ ਪੜਾਅ ’ਤੇ ਹੈ ਅਤੇ ਇਸ ਸਬੰਧੀ ਕੰਮ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਬਾਈਪਾਸ ਪ੍ਰੋਜੈਕਟ ਦੀ ਲੋੜੀਂਦੀ ਜ਼ਮੀਨ ਦਾ ਕਬਜ਼ਾ ਲੈ ਕੇ ਕੰਮ ਸ਼ੁਰੂ ਕਰਵਾਇਆ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਨੇ ਪ੍ਰਮੁੱਖ ਸਕੱਤਰ ਨੂੰ ਜਾਣੂੰ ਕਰਵਾਇਆ ਕਿ ਜਲੰਧਰ ਆਰ.ਓ.ਬੀ. ਚੁਗਿੱਟੀ ਦਾ ਕੰਮ 80 ਫੀਸਦੀ ਦੇ ਕਰੀਬ ਮੁਕੰਮਲ ਹੋ ਚੁੱਕਾ ਹੈ ਅਤੇ ਆਉਂਦੇ ਸਮੇਂ ਵਿੱਚ ਕੁਝ ਹੋਰ ਅਹਿਮ ਥਾਵਾਂ ’ਤੇ ਲੋਕਾਂ ਦੀ ਸਹੂਲਤ ਲਈ ਆਰ.ਓ.ਬੀ. ਅਤੇ ਆਰ.ਯੂ.ਬੀ. ਪ੍ਰਸਤਾਵਿਤ ਹਨ। ਪੀਣ ਵਾਲੇ ਪਾਣੀ ਲਈ ਸਤਿਹੀ ਪਾਣੀ ਦੀ ਸਪਲਾਈ ਵਾਲੇ ਪ੍ਰੋਜੈਕਟ ਸਬੰਧੀ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 525 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਦਾ ਕੰਮ ਜੰਗੀ ਪੱਧਰ ’ਤੇ ਚੱਲ ਰਿਹਾ ਹੈ। ਇਸੇ ਤਰ੍ਹਾਂ 24 ਘੰਟੇ ਸਤਿਹੀ ਪਾਣੀ ਦੀ ਸਪਲਾਈ ਵਾਲੇ ਪ੍ਰੋਜੈਕਟ ਦਾ ਵੀ ਕੰਮ ਸੁਚੱਜੇ ਢੰਗ ਨਾਲ ਜਾਰੀ ਹੈ। ਡਿਪਟੀ ਕਮਿਸ਼ਨਰ ਨੇ ਸੀਵਰੇਜ ਟਰੀਟਮੈਂਟ ਪਲਾਂਟਾਂ ਸਬੰਧੀ ਪ੍ਰਮੁੱਖ ਸਕੱਤਰ ਨੂੰ ਜਾਣੂੰ ਕਰਵਾਇਆ ਕਿ ਨਕੋਦਰ ਵਿਖੇ 6 ਐਮ.ਐਲ.ਡੀ.ਦੀ ਸਮਰੱਥਾ ਵਾਲਾ ਪ੍ਰੋਜੈਕਟ ਚੱਲ ਰਿਹਾ ਹੈ ਅਤੇ ਸ਼ਾਹਕੋਟ ਵਿਖੇ 3 ਐਮ.ਐਲ.ਡੀ. ਦੀ ਸਮਰੱਥਾ ਵਾਲਾ ਪਲਾਂਟ ਸਥਾਪਿਤਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਦਮਪੁਰ ਵਿਖੇ ਐਸ.ਟੀ.ਪੀ. ਦਾ 50 ਫੀਸਦੀ, ਕਰਤਾਰਪੁਰ ਵਿਖੇ 45 ਫੀਸਦੀ ਅਤੇ ਗੁਰਾਇਆਂ ਵਿਖੇ 85 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਇਸੇ ਤਰ੍ਹਾਂ ਫਿਲੌਰ ਵਿਖੇ ਦੋ ਐਸ.ਟੀ.ਪੀਜ਼ ਦਾ ਕੰਮ ਚੱਲ ਰਿਹਾ ਹੈ। ਆਮ ਆਦਮੀ ਕਲੀਨਿਕਾਂ ਦੇ ਕੰਮ-ਕਾਜ ਦੀ ਸਮੀਖਿਆ ਕਰਦਿਆਂ ਪ੍ਰਮੁੱਖ ਸਕੱਤਰ ਨੇ ਸਿਵਲ ਸਰਜਨ ਡਾ.ਰਮਨ ਸ਼ਰਮਾ ਤੋਂ ਇਨ੍ਹਾਂ ਕਲੀਨਿਕਾਂ ’ਤੇ ਮਰੀਜਾਂ ਦੇ ਇਲਾਜ ਬਾਰੇ ਜਾਣਕਾਰੀ ਲਈ। ਸਿਵਲ ਸਰਜਨ ਨੇ ਦੱਸਿਆ ਕਿ ਪਹਿਲੇ ਪੜ੍ਹਾਅ ਵਿਖੇ ਜਲੰਧਰ ਵਿਖੇ 6 ਅਤੇ ਦੂਜੇ ਪੜ੍ਹਾਅ ਵਿੱਚ 32 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚੋਂ 9 ਸ਼ਹਿਰੀ ਖੇਤਰ ਅਤੇ 29 ਪੇਂਡੂ ਖੇਤਰਾਂ ਵਿੱਚ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਆਦਮਪੁਰ ਏਅਰਪੋਰਟ ’ਤੇ ਚੱਲ ਰਹੇ ਕਾਰਜਾਂ ਸਬੰਧੀ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਕੰਮ ਪੂਰੀ ਰਫ਼ਤਾਰ ਨਾਲ ਜਾਰੀ ਹਨ। ਪ੍ਰਮੁੱਖ ਸਕੱਤਰ ਵਲੋਂ ਮਗਨਰੇਗਾ ਤਹਿਤ ਪਿੰਡਾਂ ਵਿੱਚ ਮਾਡਲ ਪਾਰਕਾਂ, ਮਾਡਲ ਖੇਡ ਮੈਦਾਨਾਂ, ਅੰਮ੍ਰਿਤ ਸਰੋਵਰਾਂ ਅਤੇ ਹੜ੍ਹ ਰੋਕੂ ਕੰਮਾਂ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਉਨ੍ਹਾਂ ਵਲੋਂ ਸਮਾਰਟ ਸਿਟੀ ਨਾਲ ਸਬੰਧਿਤ ਪ੍ਰੋਜੈਕਟਾਂ ਦੀ ਵੀ ਸਮੀਖਿਆ ਕੀਤੀ ਗਈ। ਇਸ ਮੌਕੇ ਨਗਰ ਨਿਗਮ ਦੇ ਕਮਿਸ਼ਨਰ ਅਭਿਜੀਤ ਕਪਲਿਸ਼, ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।




# ਸਾਊਥਾਲ ਵਿਖੇ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਵਸ ਧੂਮਧਾਮ ਨਾਲ ਮਨਾਇਆ

**ਅਲਾਵਲਪੁਰ (ਮਦਨ ਬੰਗੜ)**

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਅਖੰਡ ਪਾਠਾਂ ਦੀ ਲੜੀ ਵਿੱਚ ਬੇਅੰਤ ਸੇਵਾਦਾਰਾਂ ਨੇ ਸੇਵਾ ਵਿੱਚ ਹਿੱਸਾ ਪਾਇਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਹਰਦਿਆਲ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁਰੂ ਘਰ ਦੇ ਕੀਰਤਨੀਏ ਭਾਈ ਸਾਹਿਬ ਰਣਜੀਤ ਸਿੰਘ ਗੰਗਾਨਗਰ ਬਾਬਾ ਜਗੀਰ ਸਿੰਘ ਜੱਥੇ ਨੇ ਗੁਰਬਾਣੀ ਕੀਰਤਨ ਅਤੇ ਕਥਾਂ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਆਤਮਾ ਰਾਮ ਢਾਂਡਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸਰਬ ਸਾਂਝੀ ਵਾਲਤਾ ਦਾ ਸੰਦੇਸ਼ ਦਿੱਤਾ। ਸਟੇਜ ਦੀ ਕਾਰਵਾਈ ਨਿਭਾਉਂਦਿਆਂ ਨਛੱਤਰ ਕਲਸੀ, ਜਰਨਲ ਸਕੱਤਰ ਸ਼ਿਵ ਰੱਤੂ, ਟਰੱਸਟ ਦੇ ਚੇਅਰਮੈਨ ਚੁੰਨੀ ਲਾਲ ਚੈਂਬਰ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ ਆਦਿ ਨੇ ਵੀ ਸੰਗਤਾਂ ਨੂੰ ਵਧਾਈ ਦਿੱਤੀ। ਇਸ ਸਮਾਗਮ ਵਿਚ ਉਚੇਚੇ ਤੌਰ ’ਤੇ ਬਾਬਾ ਜਗੀਰ ਸਿੰਘ ਸਰਪ੍ਰਸਤ ਸੰਚਾਲਕ ਸਰਬੱਤ ਭਲਾ ਆਸ਼ਰਮ ਮਕਸੂਦਾਂ ਜਲੰਧਰ ਵੀ ਹਾਜਰ ਸਨ। ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਇਸਵਾਮੀ ਅਤੇ ਮੇਅਰ ਮਹਿੰਦਰ ਕੌਰ ਮਿੱਡਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਸਿੱਖਣ ਦੀ ਲੋੜ ਹੈ। ਲਾਰਡ ਰੰਮੀ ਰੇਂਜਰ, ਐਮ ਪੀ ਵਰਿੰਦਰ ਸਰਮਾਂ, ਐਮ ਪੀ ਜੌਹਨ ਮੈਕਡਾਨਲਡ, ਐਮ ਪੀ ਸੀਮਾ ਮਲਹੋਤਰਾ, ਐਮ ਪੀ ਤਨਮਨਜੀਤ ਸਿੰਘ ਢੇਸੀ, ਲੰਡਨ ਅਸੈਂਬਲੀ ਮੈਂਬਰ ਡਾ: ਉਂਕਾਰ ਸਿੰਘ ਸਹੋਤਾ, ਈਲਿਗ ਕੌਂਸਲ ਲੀਡਰ ਪੀਟਰ ਮੇਸਨ, ਮੋਹਨ ਹਾਲੈਂਡ, ਅਸਿ ਸੈਕਟਰੀ ਵਰਿੰਦਰ ਚੰਦੜ,ਚਮਨ ਬੱਧਨ, ਇੰਸਪੈਕਟਰ ਬਾਲਾਰਡ, ਕਾਂਸਟੇਬਲ ਦਾਰ ਆਦਿ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਸਮੁੱਚੀ ਦੁਨੀਆਂ ਨੂੰ ਬਰਾਬਰਤਾ ਦਾ ਹੋਕਾ ਦਿੰਦਿਆਂ, ਉਚ ਨੀਚ ਦਾ ਭਿੰਨ ਭੇਦ ਮਿਟਾਉਂਦਿਆਂ ਪ੍ਰਮਾਤਮਾ ਦੇ ਮਿਲਾਪ ਦਾ ਰਾਹ ਵਿਖਾਇਆ। ਸਵੇਰ ਮੌਕੇ ਨਿਸ਼ਾਨ ਸਾਹਿਬ ਚੜ੍ਹਾਏ ਗਏ , ਜਿਸ ਵਿੱਚ ਸੈਂਕੜੇ ਸੰਗਤਾਂ ਨੇ ਹਿੱਸਾ ਲਿਆ। ਪੂਰੇ ਗੁਰੂ ਘਰ ਨੂੰ ਡੈਕੋਰੇਸ਼ਨ ਦੀ ਸੇਵਾ ਬੀਬੀ ਰਾਜ ਰੱਤੂ ਦੀ ਸਮੂਹ ਟੀਮ ਵੱਲੋਂ ਕੀਤੀ ਗਈ ਜੋ ਦੇਖਣਯੋਗ ਸੀ। ਜਦ ਕਿ ਤਿੰਨ ਦਿਨ ਚੱਲੇ ਸਮਾਗਮਾਂ ਵਿੱਚ ਹਜਾਰਾਂ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ। ਸੰਗਤਾਂ ਦੇ ਵੱਡੇ ਇਕੱਠ ਨੇ ਹਰ ਪਾਸੇ ਰੌਣਕ ਲਗਾਈ ਹੋਈ ਸੀ। ਸੰਗਤਾਂ ਜਿੱਥੇ ਮੱਥਾ ਟੇਕਣ ਲਈ ਲੰਮੀਆਂ ਕਤਾਰਾਂ ਵਿੱਚ ਲੱਗ ਕੇ ਵਾਰੀ ਦੀ ਉਡੀਕ ਕਰ ਰਹੀਆਂ ਸਨ, ਉੱਥੇ ਹੀ ਦੋਵੇਂ ਲੰਗਰ ਹਾਲ ਸੰਗਤਾਂ ਨਾਲ ਭਰੇ ਹੋਏ ਸਨ। ਯੂ ਕੇ ਤੋਂ ਇਲਾਵਾ ਬੈਲਜੀਅਮ ਤੋਂ ਵੀ ਸੰਗਤਾਂ ਨੇ ਹਾਜਰੀ ਭਰੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਿੱਸਾ ਲਿਆ, ਪਿਆਰਾ ਲਾਲ ਰੱਤੂ,ਮੰਗਤ ਚੌਕੜੀਆਂ, ਹਰਚਰਨ ਸਿੰਘ, ਮਨਜੀਤ ਸਿੰਘ, ਬਲਵੀਰ ਬਿੱਲੂ, ਰੂਮੀ ਸਿੱਧੂ, ਹਰਮੇਸ ਕੁਮਾਰ, ਮਨੋਜ ਕੁਮਾਰ, ਬਲਕਾਰ ਸਿੰਘ,ਜੱਸ , ਸੁਖਵੀਰ ਸਿੰਘ ਰਾਮਪਾਲ,ਰਾਜਾ,ਪਵਨ ਬੈਂਸ, ਬੋਬੀ ਬੈਂਸ ਆਦਿ ਹਾਜਰ ਸਨ।



# ਬਾਬਾ ਫਤਿਹ ਸਿੰਘ ਨਗਰ ਵੈਲਫੇਅਰ ਸੁਸਾਇਟੀ ਵੱਲੋਂ ਸੜਕ ਚੌੜੀ ਕਰਨ ਦੀ ਮੰਗ

**ਫਗਵਾੜਾ (ਜਸਵਿੰਦਰ ਢੱਡਾ)**

ਬਾਬਾ ਫਤਿਹ ਸਿੰਘ ਨਗਰ ਵੈਲਫੇਅਰ ਸੁਸਾਇਟੀ ਰਜਿ. ਫਗਵਾੜਾ ਦੀ ਮੀਟਿੰਗ ਸੁਖਚੈਨਆਣਾ ਸਾਹਿਬ ਰੋਡ ਸਥਿਤ ਸੁਸਾਇਟੀ ਦੇ ਦਫਤਰ ਵਿਖੇ ਹੋਈ। ਸੁਸਾਇਟੀ ਦੇ ਚੇਅਰਮੈਨ ਮੇਜਰ ਸਿੰਘ ਸੈਣੀ ਦੀ ਅਗਵਾਈ ਹੇਠ ਆਯੋਜਿਤ ਉਕਤ ਮੀਟਿੰਗ ਦੌਰਾਨ ਬਾਬਾ ਸਿਪਾਈਆ ਸ਼ਾਹ ਤੋਂ ਗੌਂਸਪੁਰ ਬਾਈਪਾਸ ਰੋਡ ਤੱਕ ਸੜਕ ਨੂੰ ਦੋਵੇਂ ਪਾਸਿਓ ਪੰਜ-ਪੰਜ ਫੁੱਟ ਚੌੜੀ ਕਰਨ ਦੀ ਮੰਗ ਕੀਤੀ ਗਈ। ਮੇਜਰ ਸਿੰਘ ਸੈਣੀ ਨੇ ਦੱਸਿਆ ਕਿ ਇਸ ਸਮੇਂ ਸੜਕ ਦੀ ਚੌੜਾਈ ਕਰੀਬ 18 ਫੁੱਟ ਹੈ ਪਰ ਰੋਡ ਉੱਪਰ ਇਤਿਹਾਸਕ ਗੁਰਦੁਆਰਾ ਸੁਖਚੈਨਆਣਾ ਸਾਹਿਬ ਤੋਂ ਇਲਾਵਾ ਹੋਰ ਅਨੇਕਾਂ ਧਾਰਮਿਕ ਅਸਥਾਨ, ਗੁਰੂ ਨਾਨਕ ਕਾਲਜ, ਸਦਰ ਥਾਣਾ ਤੇ ਡੀ.ਐਸ.ਪੀ. ਦਫਤਰ ਆਦਿ ਸਥਿਤ ਹੋਣ ਕਰਕੇ ਆਵਾਜਾਈ ਬਹੁਤ ਜਿਆਦਾ ਹੈ। ਸੁਖਚੈਨ ਰੋਡ ਗੌਂਸਪੁਰ ਰਾਹੀਂ ਮੇਹਲੀ-ਮੇਹਟਾਂ ਬਾਈਪਾਸ ਨਾਲ ਜੁੜਦੀ ਹੋਣ ਕਰਕੇ ਵੀ ਟਰੈਫਿਕ ਰਹਿੰਦਾ ਹੈ। ਉਹਨਾਂ ਕਿਹਾ ਕਿ ਸੜਕ ਦੇ ਦੋਵੇਂ ਪਾਸੇ ਕਾਫੀ ਜਗ੍ਹਾ ਬੇਕਾਰ ਪਈ ਹੈ ਜਿੱਥੇ ਘਾਹ ਬੂਟੀ ਤੇ ਗੰਦਗੀ ਰਹਿੰਦੀ ਹੈ। ਇਸ ਲਈ ਸੁਸਾਇਟੀ ਵਲੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਇਹ ਮੰਗ ਹੈ ਕਿ ਸੜਕ ਦੀ ਮਹੱਤਤਾ ਨੂੰ ਦੇਖਦੇ ਹੋਏ ਦੋਵੇਂ ਪਾਸੇ ਪੰਜ-ਪੰਜ ਫੁੱਟ ਚੌੜਾਈ ਵਧਾਈ ਜਾਵੇ ਤਾਂ ਜੋ ਲੋਕਾਂ ਨੂੰ ਪੇਸ਼ ਆ ਰਹੀ ਪਰੇਸ਼ਾਨੀ ਤੋਂ ਰਾਹਤ ਮਿਲ ਸਕੇ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਰਾਮਪਾਲ ਸਿੰਘ, ਜਨਰਲ ਸਕੱਤਰ ਜਤਿੰਦਰ ਸਿੰਘ ਖਾਲਸਾ, ਸੀਨੀਅਰ ਮੀਤ ਪ੍ਰਧਾਨ ਦਲਜੀਤ ਸਿੰਘ ਕਾਲਾ ਤੋਂ ਇਲਾਵਾ ਮਨਜੀਤ ਸਿੰਘ ਕਨੇਡਾ, ਗੁਰਮੀਤ ਸਿੰਘ ਜੀਤਾ, ਅਮਰੀਕ ਸਿੰਘ ਰਿਟਾ. ਐਸ.ਡੀ.ਓ., ਮਹਿੰਗਾ ਸਿੰਘ, ਕੁਲਦੀਪ ਸਿੰਘ ਬਸਰਾ, ਸਵਰਨ ਸਿੰਘ ਟੀਟੂ, ਸਤਨਾਮ ਸਿੰਘ, ਬਲਵੀਰ ਸਿੰਘ ਫੌਜੀ, ਮਲਕੀਤ ਸਿੰਘ ਨਿੱਕਾ, ਮਹਿੰਦਰ ਸਿੰਘ ਕਨੇਡਾ, ਗੁਰਨਾਮ ਸਿੰਘ, ਅਮਰਜੀਤ ਸਿੰਘ ਬਸੂਟਾ ਆਦਿ ਹਾਜਰ ਸਨ।



# ਸਾਹਨੀ ਵਿਖੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਧਾਰਮਿਕ ਸਮਾਗਮ

**ਫਗਵਾੜਾ ( ਡਾ. ਰਮਨ)**

ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਪਿੰਡ ਸਾਹਨੀ ਵਿਖੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਭਲਾਈ ਕਮੇਟੀ ਸਾਹਨੀ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਅਰਦਾਸ ਹੈੱਡ ਗ੍ਰੰਥੀ ਭਾਈ ਭਗਵਾਨ ਸਿੰਘ ਵਲੋਂ ਕੀਤੀ ਗਈ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਭਾਈ ਧਰਮਵੀਰ ਸਿੰਘ ਖਾਲਸਾ ਘਰਾਂਗਣੇ ਵਾਲਿਆਂ ਦੇ ਜੱਥੇ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਗੁਰੂ ਰਵਿਦਾਸ ਮਹਾਰਾਜ ਦੀਆਂ ਸਿੱਖਿਆਵਾਂ ’ਤੇ ਚੱਲਦੇ ਹੋਏ ਉਹਨਾਂ ਦੇ ਸੁਪਨਿਆਂ ਦਾ ਬੇਗਮਪੁਰਾ ਵਸਾਉਣ ਦੀ ਅਪੀਲ ਕੀਤੀ। ਸਮਾਗਮ ਦੌਰਾਨ ਸਮੂਹ ਪਤਵੰਤਿਆਂ, ਸਹਿਯੋਗੀਆਂ ਤੇ ਸੇਵਾਦਾਰਾਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਚਾਹ ਪਕੌੜੇ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਚੁੰਨੀ ਰਾਮ ਨਿੱਕਾ ਪੰਚ, ਸੰਦੀਪ ਕੁਮਾਰ, ਮਹਿੰਦਰ ਪਾਲ, ਕੁਲਦੀਪ ਕੁਮਾਰ, ਕਮਲਜੀਤ, ਰਾਮ ਚੰਦਰ, ਬਵਿੰਦਰ ਬੰਗੜ, ਗਿਆਨ ਚੰਦ, ਸ਼ਿੰਗਾਰਾ ਰਾਮ, ਸੂਬਾ ਰਾਮ ਸਾਹਨੀ, ਮੁਖਤਿਆਰ ਚੰਦ, ਬੀਬੀ ਹਰਬੰਸ ਕੌਰ, ਸੋਮ ਲਾਲ, ਸਤਨਾਮ ਸਿੰਘ ਕਾਹਲੋਂ, ਸਰਪੰਚ ਰਾਮਪਾਲ ਸਾਹਨੀ, ਲਛਮਨ, ਸੁੱਚਾ ਰਾਮ, ਸੁਰਜੀਤ ਰਾਮ, ਅਮਰੀਕ ਸਿੰਘ ਮੀਕਾ, ਬੱਬੂ ਰਾਮ, ਲਸ਼ਕਰੀ ਰਾਮ, ਗੁਰਪ੍ਰੀਤ, ਮੋਹਿਤ ਕੁਮਾਰ, ਰਾਮ ਪ੍ਰਕਾਸ਼, ਰੌਣਕੀ ਰਾਮ, ਸੁਰਿੰਦਰ ਪਾਲ, ਭਾਈ ਕੁਲਦੀਪ ਸਿੰਘ, ਭਾਈ ਰਣਜੀਤ ਸਿੰਘ, ਸਨੀ ਕਾਹਲੋਂ, ਪਰਮਿੰਦਰ ਸਿੰਘ, ਸੋਮ ਪ੍ਰਕਾਸ਼, ਭੁਪਿੰਦਰ ਸਿੰਘ, ਹਰਵਿੰਦਰ ਸਿੰਘ, ਦੀਪਾ, ਰਾਮ ਲੁਭਾਇਆ, ਸੁਰਿੰਦਰ ਪਾਲ ਆਦਿ ਹਾਜ਼ਰ ਸਨ।

# ਲਤੀਫਪੁਰਾ ਮੋਰਚਾ ਦੇ ਸੰਘਰਸ਼ ਸਦਕਾ ਮਾਫੀਆ ਖਿਲਾਫ ਕੇਸ ਦਰਜ, ਅੰਦੋਲਨ ਜਾਰੀ ਰਹੇਗਾ

**ਜਲੰਧਰ, (ਸ਼ੈਲੀ ਐਲਬਰਟ)**

ਲਤੀਫਪੁਰਾ ਮੁੜ ਵਸੇਬਾ ਮੋਰਚਾ ਦੇ ਸੰਘਰਸ਼ ਸਦਕਾ ਲਤੀਫਪੁਰਾ ਵਾਸੀ ਕੁਲਵਿੰਦਰ ਸਿੰਘ ਪੁੱਤਰ ਦੇਸਾ ਸਿੰਘ ਦੇ ਘਰ ਦੀ ਪਿਛਲੀ ਕੰਧ ਪਾੜ ਕੇ ਨਜਾਇਜ ਕਬਜਾ ਦੀ ਨੀਅਤ ਨਾਲ ਘਰ ਦਾ ਸਮਾਨ ਲੁੱਟ ਕੇ ਲਿਜਾਣ ਵਾਲਿਆ ਖਿਲਾਫ ਆਖਰ ਕਮਿਸ਼ਨਰੇਟ ਪਲਿਸ ਨੂੰ ਮੁਕੱਦਮਾ ਦਰਜ ਕਰਨ ਲਈ ਮਜਬੂਰ ਹੋਣਾ ਹੀ ਪਿਆ। ਪੁਲਸ ਥਾਣਾ ਡਵੀਜਨ ਨੰਬਰ 6 ਵਿਖੇ ਕੁਲਵਿੰਦਰ ਸਿੰਘ ਵਲੋਂ ਦਿੱਤੇ ਬਿਆਨ ਅਨੁਸਾਰ ਦੱਸਿਆ ਕਿ 9-10 ਦਸੰਬਰ 2022 ਨੂੰ ਇੰਪਰੂਵਮੈਂਟ ਟਰੱਸਟ ਵਲੋਂ ਲਤੀਫਪੁਰਾ ਇਲਾਕੇ ਦੇ ਘਰਾਂ ਉੱਪਰ ਬੁਲਡੋਜਰ ਚਲਾ ਕੇ ਘਰ ਢਾਹੇ ਗਏ ਸਨ! ਮੇਰੇ ਘਰ ਦਾ ਫਰੰਟ ਪ੍ਰਸ਼ਾਸਨ ਨੇ ਗਲਤੀ ਨਾਲ ਢਾਹ ਦਿੱਤਾ ਅਤੇ ਜਦੋਂ ਗਲਤੀ ਦਾ ਅਹਿਸਾਸ ਹੋਇਆ ਤਾਂ ਸਾਡੇ ਦੋ ਕਮਰੇ ਛੱਡ ਦਿੱਤੇ ਗਏ! ਇਹਨਾਂ ਕਮਰਿਆਂ ਵਿੱਚ ਸਾਡਾ ਪਰਵਾਰ ਰਹਿ ਰਿਹਾ ਹੈ! ਸਾਡੇ ਘਰ ਦੇ ਪਿਛਲੇ ਪਾਸੇ ਸੋਹਨ ਸਿੰਘ ਸੰਧੂ ਵਾਸੀ ਮਾਡਲ ਟਾਊਨ ਦਾ ਘਰ ਹੈ! ਸੋਹਨ ਸਿੰਘ ਸੰਧੂ ਅਤੇ ਰਬਿੰਦਰ ਸਿੰਘ ਵਾਸੀ ਗਰੀਨ ਮਾਡਲ ਟਾਊਨ ਜਲੰਧਰ ਦੋਨੋਂ ਰਿਸ਼ਤੇਦਾਰ ਹਨ! ਇਹਨਾਂ ਇੱਕ ਸਲਾਹ ਹੋ ਕੇ ਮੇਰੇ ਘਰ ਉੱਪਰ ਨਜਾਇਜ ਕਬਜਾ ਕਰਨ ਦੀ ਨੀਅਤ ਨਾਲ ਮਿਤੀ 7 ਫਰਵਰੀ ਦੀ ਰਾਤ ਕਰੀਬ 6:30 ਵਜੇ ਮੇਰੇ ਘਰ ਦੇ ਕਮਰੇ ਦੀ ਪਿਛਲੀ ਕੰਧ ਪਾੜ ਕੇ ਕਮਰੇ ਅੰਦਰ ਪਿਆ ਟੇਬਲ ਫੈਨ ਅਤੇ ਐੱਲ.ਸੀ.ਡੀ. ਚੋਰੀ ਕਰਕੇ ਲੈ ਗਏ! ਮੋਰਚੇ ਦੇ ਆਗੂਆਂ ਸੰਤੋਖ ਸਿੰਘ ਸੰਧੂ,ਤਰਸੇਮ ਸਿੰਘ ਵਿੱਕੀ ਜੈਨਪੁਰ, ਜਥੇਦਾਰ ਕਸਮੀਰ ਸਿੰਘ



ਜੰਡਿਆਲਾ,ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਇਸ ਕੰਮ ਨੂੰ ਅੰਜਾਮ ਉਕਤ ਲੋਕਾਂ ਵਲੋਂ ਸੱਤਾਧਾਰੀ ਧਿਰ ਅਤੇ ਪਸ਼ਸਾਸਨ ਨਾਲ ਮਿਲ ਕੇ ਦਿੱਤਾ ਗਿਆ ਹੈ ਅਤੇ ਮੋਰਚਾ ਜੋ ਪਹਿਲੇ ਦਿਨ ਤੋਂ ਕਹਿ ਰਿਹਾ ਕਿ ਉਜਾੜੇ ਵਾਲੀ ਜਗ੍ਹਾ ਕੀਮਤੀ ਹੋਣ ਕਰਕੇ ਮਾਫੀਏ ਦੀ ਅੱਖ ਇਸ ਉੱਪਰ ਹੈ, ਜੋ ਸਹੀ ਸਾਬਿਤ ਹੋਈ ਹੈ! ਆਗੂਆਂ ਨੇ ਕਿਹਾ ਕਿ ਲਤੀਫਪੁਰਾ ਦੇ ਲੋਕਾਂ ਨੂੰ ਉਸ ਜਗ੍ਹਾ ਉੱਪਰ ਮੁੜ ਵਸਾਉਣ, ਉਹਨਾਂ ਦੇ ਹੋਏ ਨੁਕਸਾਨ ਦਾ ਢੁੱਕਵਾਂ ਮੁਆਵਜਾ ਦਿਵਾਉਣ, ਦਰਜ ਝੂਠੇ ਪਰਚੇ ਰੱਦ ਕਰਨ,ਥਾਣਾ ਡਵੀਜਨ ਨੰਬਰ 6 ਵਿਖੇ ਦਰਜ ਮੁਕੱਦਮਾ ਨੰਬਰ 23/2023 'ਚ ਸ਼ਾਮਲ ਵਿਅਕਤੀਆਂ ਨੂੰ ਗ੍ਰਿਫਤਾਰ ਕਰਵਾਉਣ ਅਤੇ ਪਰਮਿੰਦਰ ਮਿੰਟੂ ਦੀਆਂ ਔਰਤਾਂ ਦੀ ਠਾਹਰ ਵਾਲੇ ਘਰ ਦੀਆਂ ਕੰਧਾਂ ਟੱਪਣ ਵਾਲੇ ਪੁਲਸ ਵਾਲਿਆਂ ਖਿਲਾਫ ਕਾਰਵਾਈ ਕਰਵਾਉਣ ਤੱਕ ਅੰਦੋਲਨ ਜਾਰੀ ਰਹੇਗਾ! ਲਤੀਫਪੁਰਾ ਚੌਂਕ ਵਿਖੇ ਮੁੱਖ ਮੰਤਰੀ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਦਾ ਪੁਤਲਾ ਸਾੜ ਕੇ ਨਾਅਰੇਬਾਜੀ ਕੀਤੀ ਗਈ! ਸ਼ਾਮ ਸਰਕਟ ਹਾਊਸ ਵਿਖੇ ਪ੍ਰਸ਼ਾਸਨ ਵਲੋਂ ਲਤੀਫਪੁਰਾ ਮੁੜ ਵਸੇਬਾ ਮੋਰਚਾ ਦੇ ਆਗੂਆਂ ਨਾਲ ਕਰੀਬ 2:30 ਘੰਟੇ ਹੋਈ 6ਵੇਂ ਦੌਰ ਦੀ ਮੀਟਿੰਗ ਵੀ ਬੇਸਿੱਟਾ ਰਹੀ! ਮੀਟਿੰਗ ਵਿੱਚ ਸਰਕਾਰ ਤੇ ਪ੍ਰਸ਼ਾਸਨ ਵਲੋਂ ਐੱਮ.ਐੱਲ.ਏ.ਰਮਨ ਅਰੋੜਾ,ਐੱਮ.ਐੱਲ.ਏ.ਸੀਤਲ ਅੰਗੁਰਾਲ, ਚੇਅਰਮੈਨ ਇੰਪਰੂਵਮੈਂਟ ਟਰੱਸਟ,ਰਾਜਵਿੰਦਰ ਕੌਰ ਥਿਆੜਾ,ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਅਤੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਅਤੇ ਮੋਰਚੇ ਵਲੋਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ,ਸੰਤੋਖ ਸਿੰਘ ਸੰਧੂ, ਜਥੇਦਾਰ ਕਸ਼ਮੀਰ ਸਿੰਘ,ਡਾਕਟਰ ਗੁਰਦੀਪ ਸਿੰਘ ਭੰਡਾਲ, ਕਸ਼ਮੀਰ ਸਿੰਘ ਘੁੱਗਸ਼ੋਰ, ਸੁਖਜੀਤ ਸਿੰਘ ਡਰੋਲੀ, ਸਰਬਜੀਤ ਸਿੰਘ, ਗੁਰਬਖਸ਼ ਸਿੰਘ, ਰਾਜਵਿੰਦਰ ਕੌਰ, ਬਲਜਿੰਦਰ ਕੌਰ ਅਤੇ ਮਿੰਟੂ ਆਦਿ ਨੇ ਸੰਬੋਧਨ ਕੀਤਾ।

# ਸਕੂਲੀ ਬੱਚਿਆਂ ਨੂੰ ਦਿੱਤੇ ਜਾਂਦੇ ਮਿਡ ਡੇ ਮੀਲ 'ਚ ਹੋਰ ਵਧੇਰੇ ਪੌਸ਼ਟਿਕ ਤੱਤਾਂ ਨੂੰ ਯਕੀਨੀ ਬਣਾਇਆ ਜਾਵੇ : ਡੀ ਪੀ ਰੈੱਡੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ ਬੱਚਿਆਂ ਨੂੰ ਮੁਹੱਈਆ ਕਰਵਾਏ ਜਾ ਰਹੇ ਮਿਡ ਡੇ ਮੀਲ ਵਿੱਚ ਹੋਰ ਵਧੇਰੇ ਪੌਸ਼ਟਿਕ ਤੱਤਾਂ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਡੀ.ਪੀ. ਰੈੱਡੀ ਨੇ ਕਿਹਾ ਕਿ ਖਾਣਾ ਪਕਾਉਣ ਲਈ ਤਾਇਨਾਤ ਕੁੱਕ (ਰਸੋਈਏ) ਵੱਲੋਂ ਲੋੜੀਂਦੀ ਸਾਫ-ਸਫਾਈ ਨੂੰ ਯਕੀਨੀ ਬਣਾਇਆ ਜਾਵੇ। ਇੱਥੇ ਮਗਸੀਪਾ ਵਿਖੇ ਸਕੂਲ ਸਿੱਖਿਆ ਵਿਭਾਗ ਨਾਲ ਸੂਬੇ ਵਿੱਚ ਮਿਡ ਡੇ ਮੀਲ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਰੈੱਡੀ ਨੇ ਕਿਹਾ ਕਿ ਸਮੇਂ-ਸਮੇਂ 'ਤੇ ਬੱਚਿਆਂ ਦੀ ਸਿਹਤ ਜਾਂਚ ਕਰਨਾ ਵੀ ਸਮੇਂ ਦੀ ਲੋੜ ਹੈ। ਇਸ ਤੋਂ ਇਲਾਵਾ ਬੱਚਿਆਂ ਦਾ ਹੈਲਥ ਪ੍ਰੋਫਾਈਲ (ਸਿਹਤ ਸਬੰਧੀ ਵੇਰਵੇ) ਬਣਾਉਣ ਸਬੰਧੀ ਲੋੜੀਂਦੇ ਕਦਮ ਚੁੱਕੇ ਜਾਣ ਤਾਂ ਜੋ ਬੱਚਿਆਂ ਦੀ ਤੰਦਰੁਸਤੀ ਬਾਰੇ ਸਹੀ ਮੁਲਾਂਕਣ ਕੀਤਾ ਜਾ ਸਕੇ। ਚੇਅਰਮੈਨ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਾਰਪੋਰੇਟ ਸਮਾਜਿਕ ਜਿੰਮੇਵਾਰੀ (ਸੀਐਸਆਰ) ਤਹਿਤ ਫੰਡਾਂ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਤਾਂ ਜੋ ਆਉਣ ਵਾਲੇ 6 ਮਹੀਨਿਆਂ ਵਿੱਚ ਸੂਬੇ ਭਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ.

ਲਗਾਏ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਸ੍ਰੀ ਰੈੱਡੀ ਨੇ ਇਹ ਵੀ ਕਿਹਾ ਕਿ ਕਮਿਸ਼ਨ ਵੱਲੋਂ ਮਿਡ ਡੇ ਮੀਲ ਸਬੰਧੀ ਬਣਾਈ ਗਈ ਲਘੂ ਫਿਲਮ ਵਿਭਾਗ ਦੇ ਐਜੂਸੈਟ ਪਲੇਟਫਾਰਮ 'ਤੇ ਅਪਲੋਡ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕੁੱਕ ਅਤੇ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਧੂੰਏਂ ਤੋਂ ਛੁਟਕਾਰਾ ਪਾਉਣ ਲਈ ਪ੍ਰਾਪਤ ਸਰੋਤਾਂ ਮੁਤਾਬਕ, ਐਗਜ਼ਾਸਟ ਫੈਨ ਪ੍ਰਦਾਨ ਕੀਤੇ ਜਾਣ । ਰੈੱਡੀ ਨੇ ਇਸ ਸਬੰਧ ਵਿਚ ਦੂਜੇ ਰਾਜਾਂ ਦੁਆਰਾ ਅਪਨਾਏ ਗਏ ਵਧੀਆ ਅਭਿਆਸਾਂ ਤੋਂ ਸਿੱਖਣ ਦੀ ਮਹੱਤਤਾ 'ਤੇ ਜੋਰ ਦਿੱਤਾ। ਕਮਿਸ਼ਨ ਦੀ ਗਤੀਵਿਧੀਆਂ ਬਾਰੇ ਜਾਗਰੂਕਤਾ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਮਹੱਤਤਾ 'ਤੇ ਜੋਰ ਦਿੰਦਿਆਂ ਚੇਅਰਮੈਨ ਨੇ ਸਿੱਖਿਆ ਵਿਭਾਗ ਨੂੰ ਕਮਿਸ਼ਨ ਦੇ ਸੋਸ਼ਲ ਮੀਡੀਆ ਹੈਂਡਲਾਂ ਦੀ ਪਾਲਣਾ ਕਰਨ ਲਈ ਕਿਹਾ ਤਾਂ ਜੋ ਕਮਿਸ਼ਨ ਦੀਆਂ ਵੱਖ-ਵੱਖ ਪਹਿਲਕਦਮੀਆਂ ਲਈ ਵਿਆਪਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਲੋਕਾਂ ਵਲੋਂ ਸੁਝਾਅ ਦੇਣ ਅਤੇ ਜਾਗਰੂਕਤਾ ਫੈਲਾਉਣ ਦੇ ਮੱਦੇਨਜ਼ਰ ਸਾਰੀਆਂ ਥਾਵਾਂ ਉੱਤੇ ਨੋਟਿਸ ਬੋਰਡ ਅਤੇ ਸ਼ਿਕਾਇਤ ਬਾਕਸ ਲਗਾਏ ਜਾਣ ਦੀ ਵੀ ਤਾਕੀਦ ਕੀਤੀ ਗਈ। ਚੇਅਰਮੈਨ ਅਤੇ ਮੈਂਬਰਾਂ ਨੇ ਫੀਲਡ ਦੌਰੇ ਦੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਕੁਝ ਮਹੱਤਵਪੂਰਨ ਸੁਝਾਅ ਦਿੱਤੇ। ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ਅਤੇ ਸੁਚੱਜੇ ਢੰਗ ਨਾਲ ਇਸ ਉੱਤੇ ਅਮਲ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਏ.ਕੇ. ਸ਼ਰਮਾ, ਆਈਆਰਐਸ (ਸੇਵਾਮੁਕਤ), ਪ੍ਰੀਤੀ ਚਾਵਲਾ, ਇੰਦਰਾ ਗੁਪਤਾ, ਵਿਜੇ ਦੱਤ, ਚੇਤਨ ਪ੍ਰਕਾਸ਼ ਧਾਲੀਵਾਲ, ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਅਤੇ ਅਧਿਕਾਰੀ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਨੈ ਬੁਬਲਾਨੀ ਅਤੇ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਪ੍ਰੀਖਿਆਰਥੀਆਂ ਦੇ ਰੋਲ ਨੰਬਰ ਇੰਟਰਨੈਟ 'ਤੇ ਅਪਲੋਡ

**ਮੋਹਾਲੀ,(ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਦੀਆਂ ਪ੍ਰੀਖਿਆਵਾਂ 20-02-2023 ਤੋਂ ਆਰੰਭ ਹੋ ਰਹੀਆਂ ਹਨ। ਪ੍ਰੀਖਿਆਰਥੀਆਂ ਦੇ ਰੋਲ ਨੰਬਰ ਇੰਟਰਨੈਟ ਤੇ ਅਪਲੋਡ ਕੀਤੇ ਜਾ ਚੁੱਕੇ ਹਨ । ਕੰਪਾਰਟਮੈਂਟ/ ਰੀ-ਅਪੀਅਰ ਵਾਧੂ ਵਿਸ਼ਾ ਅਤੇ ਕਾਰਗੁਜਾਰੀ ਵਧਾਉਣ ਵਾਲੇ ਪ੍ਰੀਖਿਆਰਥੀ ਆਪਣੇ ਰੋਲ ਨੰਬਰ ਬੋਰਡ ਦੀ ਵੈਬਸਾਈਟ ਤੋਂ ਡਾਊਨਲੋਡ ਕਰ ਸਕਦੇ ਹਨ। ਰੈਗੂਲਰ/ ਓਪਨ ਸਕੂਲ ਵਾਲੇ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਸਕੂਲਾਂ ਦੀ ਲਾਗਇੰਨ-ਆਈ-ਡੀ ਤੇ ਅਪਲੋਡ ਕੀਤੇ ਜਾਣਗੇ। ਸਬੰਧਤ ਪ੍ਰੀਖਿਆਰਥੀ ਰੋਲ ਨੰਬਰ ਲੈਣ ਲਈ ਆਪੋ ਆਪਣੇ ਸਕੂਲਾਂ ਨਾਲ ਸੰਪਰਕ ਕਰ ਸਕਦੇ ਹਨ। ਕੰਟਰੋਲਰ ਪ੍ਰੀਖਿਆਵਾਂ ਜਨਕ ਰਾਜ ਮਹਿਰੋਕ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜਿਨ੍ਹਾਂ ਪ੍ਰੀਖਿਆਰਥੀਆਂ ਨੇ ਪ੍ਰੀਖਿਆ ਦੇਣ ਲਈ ਫੀਸ ਭਰੀ ਹੋਵੇ, ਪਰ ਉਨ੍ਹਾਂ ਦਾ ਰੋਲ ਨੰਬਰ ਬੋਰਡ ਦੀ ਵੈਬਸਾਈਟ ਤੋਂ ਡਾਊਨਲੋਡ ਨਾ ਹੋ ਰਿਹਾ ਹੋਵੇ ਜਾਂ ਰੋਲ ਨੰਬਰ ਸਲਿਪ ਜਾਂ ਐਡਮਿਟ ਕਾਰਡ 'ਤੇ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਉਹ ਮਿਤੀ 17-02-2023 ਤੱਕ ਤਰੁੱਟੀ ਦਰੁਸਤ ਕਰਵਾਉਣ ਲਈ ਮੁੱਖ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਪ੍ਰੀਖਿਆ ਸ਼ਾਖਾ ਦੇ ਸਬੰਧਤ ਕਰਮਚਾਰੀਆਂ ਨਾਲ ਸੰਪਰਕ ਕਰਕੇ ਆਪਣੀ ਤਰੁੱਟੀ ਦੂਰ ਕਰਵਾ ਸਕਦੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੱਖਰੇ ਤੌਰ 'ਤੇ ਕੋਈ ਵੀ ਰੋਲ ਨੰਬਰ ਸਲਿਪ ਡਾਕ ਰਾਹੀਂ ਨਹੀਂ ਭੇਜੇ ਜਾਣਗੇ।

# ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ 'ਚ ਕਵਿਤਾ ਉਚਾਰਨ ਮੁਕਾਬਲਾ





**ਜਲੰਧਰ (ਇਕਬਾਲ ਸਿੰਘ ਉੱਭੀ)**

ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਬੁਰਾਈ ਨੂੰ ਠੱਲ੍ਹ ਪਾਉਣ ਲਈ ਸੁਰੂ ਕੀਤੇ ਗਏ ਬੱਡੀ ਪ੍ਰੋਗਰਾਮ ਤਹਿਤ 'ਨਸ਼ੇ ਦੀ ਦੁਰਵਰਤੋਂ ਅਤੇ ਇਸ ਦੇ ਪ੍ਰਭਾਵ' ਵਿਸ਼ੇ 'ਤੇ ਕਵਿਤਾ ਉਚਾਰਨ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਲਗਭਗ 9 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੁਕਾਬਲੇ ਵਿੱਚ ਬੀ.ਏ. ਸਮੈਸਟਰ 6 ਦੀ ਪੂਜਾ ਨੇ ਪਹਿਲਾ, ਬੀ.ਏ. ਸਮੈਸਟਰ 6 ਦੀ ਸਿਮਰਨ ਨੇ ਦੂਜਾ ਅਤੇ ਬੀ.ਏ.ਬੀ.ਐੱਡ. ਸਮੈਸਟਰ 6 ਦੀ ਜਪਲੀਨ ਨੇ ਤੀਜਾ ਸਥਾਨ ਹਾਸਲ ਕੀਤਾ। ਪ੍ਰਧਾਨ ਨਰੇਸ਼ ਕੁਮਾਰ ਬੁੱਧੀਆ, ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿਣ ਲਈ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਨੇ ਕਾਲਜ ਬੱਡੀ ਪ੍ਰੋਗਰਾਮ ਦੇ ਪ੍ਰਬੰਧਕੀ ਫੈਕਲਟੀ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

# ਕੈਬਨਿਟ ਮੰਤਰੀ ਨੇ ਗਲੀ ਦਾ ਨਿਰਮਾਣ ਕਾਰਜ ਕਰਵਾਇਆ ਸ਼ੁਰੂ



**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**—ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਦੇ ਵਿਕਾਸ ਨੂੰ ਲੈ ਕੇ ਪੰਜਾਬ ਸਰਕਾਰ ਬਹੁਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਨੂੰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਨਗਰ ਨਿਗਮ ਵੱਲੋਂ ਜੰਗੀ ਪੱਧਰ 'ਤੇ ਕੰਮ ਜਾਰੀ ਹਨ। ਉਹ ਵਾਰਡ ਨੰਬਰ 5 ਹਰੀ ਨਗਰ ਵਿਖੇ 4.32 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਗਲੀ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਉਣ ਦੌਰਾਨ ਮੁਹੱਲਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਵਾ ਰਹੀ ਹੈ ਅਤੇ ਲੋਕਾਂ ਦੀ ਹਰੇਕ ਛੋਟੀ-ਵੱਡੀ ਜ਼ਰੂਰਤ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਸੁਵਿਧਾਵਾਂ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਵਿਕਾਸ ਸਬੰਧੀ ਖਾਕਾ ਤਿਆਰ ਕੀਤਾ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਸ਼ਹਿਰ ਸ਼ਹਿਰ ਦੇ ਰਹਿੰਦੇ ਵਿਕਾਸ ਕਾਰਜ ਵੀ ਜਲਦ ਮੁਕੰਮਲ ਕਰਵਾ ਦਿੱਤੇ ਜਾਣਗੇ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਵਿਸ਼ਵ ਦਾਲ ਦਿਵਸ ਮਨਾਇਆ

**ਕੁਰਾਲੀ (ਮੋਹਨ ਅੱਗਰਵਾਲ ਜੋਗਾ)**

ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਐਸ.ਏ.ਐਸ ਨਗਰ ਨੇ ਪਿੰਡ ਚੱਪਲ ਚਿੜੀ ਬਲਾਕ ਖਰੜ ਵਿਖੇ ਕਿਸਾਨਾਂ ਨੂੰ ਸਬੋਧਨ ਕਰਦਿਆ ਦੱਸਿਆ ਕਿ ਯੂਨਾਈਟਿਡ ਨੇਸ਼ਨ ਆਰਗੇਨਾਈਜ਼ੇਸ਼ਨ ਵੱਲੋ 10 ਫਰਵਰੀ ਨੂੰ ਬਤੌਰ ਵਿਸ਼ਵ ਦਾਲ ਦਿਵਸ ਮਨਾਇਆ ਜਾਂਦਾ ਹੈ, ਕਿਉਂਕਿ ਸਾਰੀ ਦੁਨੀਆ ਵਿਚ ਵੱਧਦੀ ਆਬਾਦੀ ਦੇ ਅਨੁਸਾਰ ਦਾਲਾਂ ਦੀ ਖਪਤ ਜਿਆਦਾ ਅਤੇ ਇਸ ਦੇ ਮੁਕਾਬਲੇ ਉਤਪਾਦਨ ਬਹੁਤ ਘੱਟ ਹੈ। ਦਾਲਾਂ ਦਾ ਭਾਰਤੀ ਖਾਣੇ ਵਿੱਚ ਖਾਸ ਕਰਕੇ ਸ਼ਾਕਾਹਾਰੀ ਭੋਜਨ ਵਿੱਚ ਇਕ ਅਹਿਮ ਸਥਾਨ ਹੈ। ਦਾਲਾਂ ਸੰਤੁਲਿਤ ਅਹਾਰ ਅਤੇ ਤੰਦਰੁਸਤ ਜੀਵਨ ਦਾ ਆਧਾਰ ਹਨ। ਦਾਲਾਂ ਵਿਚ ਬਹੁਤ ਮਾਤਰਾ ਵਿੱਚ ਪ੍ਰੋਟੀਨ ( 20-25%),ਫਾਈਬਰ, ਵਿਟਾਮਿਨ ਜਿਵੇਂ ਨਾਈਸਿਨ ਥਾਇਆਮੀਨ ਅਤੇ ਮਿਨਰਲ ਜਿਵੇਂ ਜਿੰਕ ਮੈਗਨੀਸ਼ੀਅਮ, ਪੋਟਾਸ਼ੀਅਮ ਆਦਿ ਪਾਏ ਜਾਂਦੇ ਹਨ। ਦਾਲਾਂ ਵਿਚ ਕਣਕ ਨਾਲੋਂ ਦੁਗਣੀ ਅਤੇ ਚੌਲਾਂ ਨਾਲੋਂ ਤਿਗੁਣੀ ਮਾਤਰਾ ਵਿੱਚ ਪ੍ਰੋਟੀਨ ਹੈ। ਡਾਕਟਰਾਂ ਮੁਤਾਬਿਕ ਇਹ ਚੰਗੀ ਸਿਹਤ ਲਈ ਬਹੁਤ ਜਰੂਰੀ ਹਨ। ਦਾਲਾਂ ਸਾਨੂੰ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਸ਼ੂਗਰ ਅਤੇ ਦਿਲ ਦੇ ਰੋਗਾਂ ਤੋਂ ਬਚਾਉਂਦੀਆਂ ਹਨ। ਇਕ ਵਿਅਕਤੀ ਨੂੰ ਰੋਜ਼ਾਨਾ 80 ਗ੍ਰਾਮ ਦਾਲ ਖਾਣੀ ਚਾਹੀਦੀ ਹੈ ਪਰ ਸਾਡੇ ਦੇਸ਼ ਵਿੱਚ ਇੱਕ ਵਿਅਕਤੀ ਨੂੰ ਔਸਤ 42-47 ਗ੍ਰਾਮ ਦਾਲ ਹੀ ਮਿਲ ਪਾਉਂਦੀ ਹੈ। ਡਾ. ਸੰਦੀਪ ਕੁਮਾਰ ਖੇਤੀਬਾੜੀ ਅਫ਼ਸਰ ਨੇ



ਕਿਸਾਨਾਂ ਨੂੰ ਅਪੀਲ ਕੀਤੀ ਕਿ ਸਮੇਂ ਦੀ ਲੋੜ ਅਨੁਸਾਰ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਅਤੇ ਕਣਕ ਝੋਨੇ ਦੇ ਫਸਲੀ ਚੱਕਰ ਵਿੱਚੋਂ ਬਾਹਰ ਕੱਢਣ ਲਈ ਪੰਜਾਬ ਵਿੱਚ ਦਾਲਾਂ ਹੇਠ ਰਕਬੇ ਨੂੰ ਵਧਾਉਣ ਦੀ ਬਹੁਤ ਲੋੜ ਹੈ। ਇਸ ਮੌਕੇ ਵਿਭਾਗ ਦੇ ਸੁੱਚਾ ਸਿੰਘ ਏ.ਈ.ਉ,ਪ੍ਰਵੇਜ਼ ਗਿੱਲ, ਪਿੰਡ ਦੀ ਸਰਪੰਚ ਸ੍ਰੀਮਤੀ ਰਾਜਵੀਰ ਕੌਰ,ਪੰਚ ਸ੍ਰੀਮਤੀ ਸਰਿੰਦਰ ਕੌਰ ਅਤੇ ਕਿਸਾਨ ਜੋਰਾ ਸਿੰਘ,ਕਿਸ਼ਨ ਕੁਮਾਰ, ਰਘਵੀਰ ਸਿੰਘ ਵਗੈਰਾ ਹਾਜ਼ਰ ਸਨ।

# ਬਿਹਤਰੀਨ ਮੁੱਢਲੀਆਂ ਸਿਹਤ ਸਹੂਲਤਾਂ ਦੇਣ 'ਚ ਕਾਰਗਰ ਆਮ ਆਦਮੀ ਕਲੀਨਿਕ



**ਨੰਗਲ (ਸੁਰਜੀਤ ਸਿੰਘ)**

ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਆਮ ਆਦਮੀ ਕਲੀਨਿਕ ਬਣਨ ਨਾਲ ਆਮ ਲੋਕਾਂ ਨੂੰ ਬਿਹਤਰੀਨ ਮੁੱਢਲੀਆਂ ਸਿਹਤ ਸਹੂਲਤਾਂ ਦਵਾਈ ਅਤੇ ਟੈਸਟ ਦੀ ਮੁਫਤ ਸਹੂਲਤ ਮਿਲਣ ਨਾਲ ਦੂਰ ਦੁਰਾਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਬਰਾਰੀ ਵਿੱਚ ਆਮ ਆਦਮੀ ਕਲੀਨਿਕ ਇਸ ਇਲਾਕੇ ਦੇ ਲੋਕਾਂ ਨੂੰ ਢੁਕਿਵੀਆਂ ਤੇ ਲੋੜੀਂਦੀਆਂ ਸਿਹਤ ਸਹੂਲਤਾਂ ਮੁਫਤ ਦੇ ਰਿਹਾ ਹੈ। 15 ਅਗਸਤ ਨੂੰ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਰਾਰੀ ਵਿਖੇ ਇਹ ਆਮ ਆਦਮੀ ਕਲੀਨਿਕ ਲੋਕ ਅਰਪਣ ਕੀਤਾ ਗਿਆ ਸੀ, 27 ਜਨਵਰੀ ਨੂੰ ਚਾਰ ਹੋਰ ਆਮ ਆਦਮੀ ਕਲੀਨਿਕ ਲੋਕ ਅਰਪਣ ਕੀਤੇ ਗਏ ਸਨ, ਜਿਨ੍ਹਾਂ ਦੇ ਉਦਘਾਟਨ ਮੌਕੇ ਭਰਵੇ ਤੇ ਪ੍ਰਭਾਵਸ਼ਾਲੀ ਇਕੱਠ ਮੌਕੇ ਇਨ੍ਹਾਂ ਕਲੀਨਿਕਾਂ ਨੂੰ ਲੋਕਾਂ ਦੇ ਸਪੁਰਦ ਕਰਦੇ ਹੋਏ ਕੈਬਨਿਟ ਮੰਤਰੀ ਨੇ ਆਪਣੇ ਵਿਧਾਨ ਸਭਾ ਹਲਕੇ ਵਿੱਚ ਖੋਲ੍ਹੇ ਇਨ੍ਹਾਂ ਆਮ ਆਦਮੀ ਕਲੀਨਿਕਾਂ ਦਾ ਵੱਧ ਤੋਂ ਵੱਧ ਲੋਕਾਂ ਨੂੰ ਲੋੜ ਪੈਣ 'ਤੇ ਲਾਭ ਲੈਣ ਲਈ ਕਿਹਾ। ਉਨ੍ਹਾਂ ਨੇ ਸਿਹਤ ਵਿਭਾਗ ਦੇ ਮਾਹਰ ਡਾਕਟਰਾਂ, ਅਧਿਕਾਰੀਆਂ ਤੇ ਮੈਡੀਕਲ ਸਟਾਫ ਨੂੰ ਕਿਹਾ ਸੀ ਕਿ ਸਾਡੀ ਸਰਕਾਰ ਦਾ ਇਹ ਟੀਚਾ ਹੈ ਕਿ ਹਰ ਵਿਅਕਤੀ ਤੱਕ ਮਿਆਰੀ ਸਿਹਤ ਸਹੂਲਤ ਮੁਫਤ ਤੇ ਘਰ ਦੇ ਨੇੜੇ ਉਪਲੱਬਧ ਹੋਵੇ, ਜਿਸ ਦੀ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਵੱਲੋਂ ਪਹਿਲਾ ਤੋਂ ਚੱਲ ਰਹੇ ਚਾਰ ਆਮ ਆਦਮੀ ਕਲੀਨਿਕ ਅਤੇ ਨਵੇਂ ਖੋਲ੍ਹੇ ਗਏ ਹੋਰ ਆਮ ਆਦਮੀ ਕਲੀਨਿਕਾਂ ਵਿੱਚ ਸਾਰੀਆਂ ਸਿਹਤ ਸਹੂਲਤਾਂ ਸਮੇਂ ਸਿਰ ਉਪਲੱਬਧ ਕਰਵਾਉਣ ਦੇ ਨਿਰਦੇਸ਼ ਦਿੱਤੇ ਹੋਏ ਹਨ। ਬਰਾਰੀ ਵਿੱਚ ਖੋਲ੍ਹੇ ਕਲੀਨਿਕ ਵਿੱਚ ਹੁਣ ਤੱਕ ਲਗਭਗ 1729 ਵਿਅਕਤੀ ਸਿਹਤ ਸਹੂਲਤਾਂ ਦਾ ਲਾਭ ਲੈ ਚੁੱਕੇ ਹਨ 108 ਵਿਅਕਤੀਆਂ ਨੇ ਮੁਫਤ ਟੈਸਟ ਕਰਵਾਏ ਹਨ ਅਤੇ ਮੁਫਤ ਦਵਾਈ ਵੀ ਮਿਲ ਰਹੀ ਹੈ। ਆਪਣੇ ਵਿਧਾਨ ਸਭਾ ਹਲਕੇ ਵਿੱਚ ਖੋਲ੍ਹੇ ਆਮ ਆਦਮੀ ਕਲੀਨਿਕ ਦੀ ਕਾਰਗੁਜ਼ਾਰੀ ਦੀ ਮੋਨੀਟਰਿੰਗ ਨਿਰੰਤਰ ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਕੀਤੀ ਜਾ ਰਹੀ ਹੈ।

# ਅਣਅਧਿਕਾਰਤ ਤੌਰ 'ਤੇ ਕੀਤੀ ਇਸ਼ਤਿਹਾਰਬਾਜ਼ੀ ਵਿਰੁੱਧ 250 ਦੇ ਕਰੀਬ ਨੋਟਿਸ ਜਾਰੀ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ, ਰਘਵੀਰ ਸਿੰਘ, ਡਾ. ਰਮਨ, ਜਸਵਿੰਦਰ ਢੱਡਾ)**

ਨਗਰ ਨਿਗਮ ਕਮਿਸ਼ਨਰ ਡਾ. ਨਯਨ ਜੱਸਲ ਨੇ ਕਿਹਾ ਹੈ ਕਿ ਨਗਰ ਨਿਗਮ ਫਗਵਾੜਾ ਦੀ ਹਦੂਦ ਅੰਦਰ ਵੱਖ-2 ਬਜ਼ਾਰਾਂ, ਸੜਕਾਂ ਅਤੇ ਖੰਭਿਆਂ ਉੱਪਰ ਕੁੱਝ ਪ੍ਰਾਪਰਟੀ ਮਾਲਕਾਂ/ ਫਰਮਾਂ ਵਲੋਂ ਅਣ-ਅਧਿਕਾਰਤ ਤੌਰ 'ਤੇ ਇਸ਼ਤਿਹਾਰਬਾਜੀ ਕੀਤੀ ਹੋਈ ਹੈ, ਜਿਸ ਸਬੰਧੀ ਨਗਰ ਨਿਗਮ ਦੀ ਵਿਗਿਆਪਨ ਸ਼ਾਖਾ ਵਲੋਂ ਉਹਨਾਂ ਨੂੰ ਪੀ ਐਮ ਸੀ ਐਕਟ 1976 ਦੀ ਧਾਰਾ 123 ਅਧੀਨ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਉਹਨਾਂ ਅਜਿਹੇ ਪ੍ਰਾਪਰਟੀ ਮਾਲਕਾਂ/ਫਰਮਾਂ ਨੂੰ ਉਹਨਾਂ ਵਲੋਂ ਕੀਤੀ ਗਈ ਅਣ-ਅਧਿਕਾਰਤ ਇਸ਼ਤਿਹਾਰਬਾਜੀ ਨੂੰ ਤੁਰੰਤ ਉਤਾਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮਾਡਲ ਮਿਊਂਸਪਲ ਆਊਟਡੋਰ ਐਡਵਰਟਾਈਜ਼ਮੈਂਟ ਬਾਈਲਾਜ਼-2018 ਅਤੇ ਪੀ.ਐਮ.ਸੀ. ਐਕਟ 1976 ਅਨੁਸਾਰ ਕੋਈ ਵੀ ਦੁਕਾਨਦਾਰ ਆਪਣੀ ਦੁਕਾਨ ਦੇ ਨਾਂਅ ਅਤੇ ਕੰਮਕਾਰ ਨਾਲ ਸਬੰਧਤ ਸਿਰਫ ਇੱਕ ਹੀ ਬੋਰਡ ਆਪਣੀ ਪ੍ਰਾਪਰਟੀ ਉੱਪਰ ਲਗਾ ਸਕਦਾ ਹੈ, ਜੋ ਕਿ ਸਾਈਜ ਵਿੱਚ ਉਸਦੀ ਦੁਕਾਨ/ਪ੍ਰਾਪਰਟੀ ਦੀ ਚੌੜਾਈ ਅਤੇ ਤਕਰੀਬਨ ਤਿੰਨ ਫੁੱਟ ਦੀ ਉਚਾਈ ਦਾ ਹੀ ਹੋਣਾ ਚਾਹੀਦਾ ਹੈ। ਉਕਤ ਬੋਰਡ ਉੱਪਰ ਸਿਰਫ ਉਸਦੀ ਦੁਕਾਨ ਦਾ ਨਾਂਅ, ਪਤਾ, ਟਰੇਡ, ਨੰਬਰ, ਲੋਗੋ ਜਾਂ ਸਰਵਿਸ ਬਾਰੇ ਹੀ ਲਿਖਿਆ ਹੋਣਾ ਚਾਹੀਦਾ ਹੈ। ਕਿਸੇ ਵੀ ਬਰਾਂਡ ਜਾਂ ਕਿਸੇ ਕੰਪਨੀ ਦੀ ਮਸ਼ਹੂਰੀ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਕਿਸੇ ਵੀ ਬਿਲਡਿੰਗ ਦੀ ਛੱਤ 'ਤੇ ਕੋਈ ਰੂਫ ਟਾਪ ਬੋਰਡ ਲਗਾਉਣਾ ਵੀ ਵਰਜਿਤ ਹੈ। ਨਗਰ ਨਿਗਮ ਫਗਵਾੜਾ ਦੀ ਵਿਗਿਆਪਨ ਸ਼ਾਖਾ ਦੇ ਸੁਪਰਡੰਟ ਅਮਿਤ ਕਾਲੀਆ ਨੇ ਦੱਸਿਆ ਕਿ ਵਿਗਿਆਪਨ ਸ਼ਾਖਾ ਵਲੋਂ ਸਮੇਂ-2 ਉੱਪਰ ਅਣਅਧਿਕਾਰਿਤ ਇਸ਼ਤਿਹਾਰਬਾਜੀ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ ਅਤੇ ਸਰਕਾਰੀ ਜਗ੍ਹਾ, ਸੜਕ ਜਾਂ ਖੰਭਿਆਂ ਉੱਪਰ ਲੱਗੇ ਬੋਰਡਾਂ ਨੂੰ ਜਬਤ ਕੀਤਾ ਜਾਂਦਾ ਹੈ। ਦਫਤਰ ਵਲੋਂ ਹੁਣ ਤੱਕ ਇਸ ਸਬੰਧੀ ਕਰੀਬਨ 250 ਨੋਟਿਸ ਵੀ ਜਾਰੀ ਕੀਤੇ ਹਨ, ਜਿਹਨਾਂ ਤੋਂ ਜੁਰਮਾਨਾ ਵੀ ਲਿਆ ਜਾ ਰਿਹਾ ਹੈ।

# ਸਰਕਾਰ ਹੁਣ ਝੂਟੇ ਲੈਣ ਲਈ ਕਿਰਾਏ 'ਤੇ ਲਏਗੀ 10 ਸੀਟਾਂ ਵਾਲਾ ਹਵਾਈ ਜਹਾਜ਼

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਪੰਜਾਬ ਦੇ ਲੋਕਾਂ 'ਤੇ ਨਵਾਂ ਫਜ਼ੂਲ ਖਰਚੀ ਦਾ ਬੋਝ ਪਾਉਣ ਜਾ ਰਹੀ ਹੈ। ਸੀ ਐਮ ਹਾਊਸ ਦੇ ਸੂਤਰਾਂ ਤੋ ਮਿਲੀ ਜਾਣਕਾਰੀ ਅਨੁਸਾਰ ਹਾਲੇ ਮਾਨ ਸਰਕਾਰ ਨੂੰ ਬਣਿਆ ਇੱਕ ਸਾਲ 16 ਮਾਰਚ ਨੂੰ ਹੋਏਗਾ। ਪਰ ਪੰਜਾਬ ਮੁੱਖ ਮੰਤਰੀ ਨੂੰ ਹੁਣ ਸੱਤਾ ਸੁਖ ਭੋਗਣ ਵਿੱਚ ਵਧੀ ਦਿਲਚਸਪੀ ਦੇ ਕਾਰਨ ਹੋਰਨਾਂ ਨੂੰ ਝੂਟੇ ਦੇਣ ਲਈ ਛੇਤੀ ਇੱਕ ਕਿਰਾਏ ਦੇ ਹਵਾਈ ਜਹਾਜ਼ ਲਵੇਗੀ ਜਿਹੜਾ ਕਿ ਦਸ ਸੀਟਾਂ ਵਾਲਾ ਹੋਏਗਾ। ਪੰਜਾਬ ਸਰਕਾਰ ਨੇ ਜਹਾਜ਼ ਕਿਰਾਏ 'ਤੇ ਲੈਣ ਲਈ ਕੁਟੇਸ਼ਨਾਂ ਦੀ ਮੰਗ ਕੀਤੀ ਹੈ। ਇਹ ਕੁਟੇਸ਼ਨਾਂ 27 ਜਨਵਰੀ ਤੱਕ ਮੰਗੀਆਂ ਗਈਆਂ ਸੀ। ਇਸ ਹਵਾਈ ਜਹਾਜ਼ ਨੂੰ ਚਲਾਉਣ ਵਾਲੇ ਪਾਇਲਟ ਨੂੰ ਪੰਜਾਬ ਸਰਕਾਰ ਹਰ ਮਹੀਨੇ ਚਾਰ ਲੱਖ ਰੁਪਏ ਦੀ ਮੋਟੀ ਤਨਖਾਹ ਆਮ ਆਦਮੀ ਦੀ ਸਰਕਾਰ ਦੇਏਗੀ ਇਸ ਦੇ ਨਾਲ ਹੀ ਇਸ ਨੂੰ 25 ਹਜਾਰ ਰੁਪਏ ਦਾ ਹਾਊਸ ਰੈਂਟ ਤੇ 2 ਹਜਾਰ ਰੁਪਏ ਪ੍ਰਤੀ ਮਹੀਨਾ ਮੋਬਾਇਲ ਫੋਨ ਦਾ ਕਿਰਾਇਆ ਵੀ ਦਿੱਤਾ ਜਾਵੇਗਾ।

# ਬਿਆਸ ਪਿੰਡ ਵਿਖੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਸੰਬੰਧੀ ਸਮਾਗਮ



**ਅਲਾਵਲਪੁਰ, (ਮਦਨ ਬੰਗੜ)**

ਬਿਆਸ ਪਿੰਡ 'ਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮੰਦਰ ਪੱਤੀ ਉੱਧੋ ਪੁਰ ਵਿਖੇ ਸਮੂਹ ਸੰਗਤਾਂ ਨਗਰ ਨਿਵਾਸੀਆਂ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿਚ ਸਮਾਗਮ ਕਰਵਾਇਆ ਗਿਆ। ਜਾਣਕਾਰੀ ਦਿੰਦੇ ਹੋਏ ਪ੍ਰਬੰਧਕੀ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਗਾਇਕ ਮੈਡਮ ਰਾਜ ਗੁਲਜ਼ਾਰ ਵਲੋਂ ਗੁਰੂ ਸਾਹਿਬਾਨ ਦੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਵਲੋਂ ਆਪਣੇ ਸੰਬੋਧਨ ਦੌਰਾਨ ਹਾਜਰੀਨ ਨੂੰ ਜਨਮ ਦਿਹਾੜੇ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਮੁੱਖ ਸੇਵਾਦਾਰ ਨਾਮ ਦੇਵ, ਵਿਨੋਦ ਕੁਮਾਰ , ਸੋਹਣ ਲਾਲ, ਸੰਸਾਰ ਚੰਦ, ਅਸ਼ੋਕ ਕੁਮਾਰ , ਟੇਕ ਚੰਦ, ਜੈ ਪ੍ਰਕਾਸ਼ ਨਰਾਇਣ, ਨਰਿੰਦਰ ਕੁਮਾਰ , ਉਮ ਪ੍ਰਕਾਸ਼, ਸਰਪੰਚ ਸੰਜੀਵ ਮਡਾਰ , ਸਮੂਹ ਗਰਾਮ ਪੰਚਾਇਤ, ਸਮੂਹ ਨਗਰ ਨਿਵਾਸੀ, ਸੁਨੀਲ ਮਡਾਰ ,ਅਸ਼ਵਨੀ ਕੁਮਾਰ, ਅਮਰੀਕ ਚੰਦ ਆਦਿ ਤੋਂ ਬਿਨਾ ਭਾਰੀ ਗਿਣਤੀ 'ਚ ਸੰਗਤਾਂ ਹਾਜਰ ਸਨ।

# ਅਕਾਲਗੜ੍ਹ ਵਿਖੇ 40ਵੇਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼

**ਫਗਵਾੜਾ (ਡਾ. ਰਮਨ)**

1971 ਦੀ ਭਾਰਤ-ਪਾਕਿਸਤਾਨ ਜੰਗ ਵਿਚ ਸ਼ਹੀਦ ਹੋਏ ਗੁਰਬਚਨ ਸਿੰਘ ਅਕਾਲਗੜ੍ਹ ਅਤੇ ਦੰਦਾਂ ਨਾਲ ਭਾਰ ਖਿੱਚ ਕੇ ਵਿਸ਼ਵ ਰਿਕਾਰਡ ਬਨਾਉਣ ਵਾਲੇ ਨਰਿੰਦਰ ਸਿੰਘ ਅਕਾਲਗੜ੍ਹ ਦੀ ਨਿੱਘੀ ਯਾਦ ਨੂੰ ਸਮਰਪਿਤ 40ਵੇਂ ਸਾਲਾਨਾ ਫੁਟਬਾਲ ਟੂਰਨਾਮੈਂਟ ਦਾ ਦਸ਼ਮੇਸ਼ ਸਪੋਰਟਸ ਕਲੱਬ ਅਕਾਲਗੜ੍ਹ ਵਲੋਂ ਐਨ.ਆਰ.ਆਈ. ਵੀਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਰਿੰਦਰ ਸਿੰਘ ਮੈਮੋਰੀਅਲ ਸਪੋਰਟਸ ਸਟੇਡੀਅਮ ਅਕਾਲਗੜ੍ਹ ਵਿਖੇ ਸ਼ਾਨਦਾਰ ਆਗਾਜ ਕੀਤਾ ਗਿਆ। ਹੈੱਡ ਗ੍ਰੰਥੀ ਭਾਈ ਗੁਰਦੇਵ ਸਿੰਘ ਗੁਰਦੁਆਰਾ ਸ੍ਰੀ ਸਿੰਘ ਸਭਾ ਅਕਾਲਗੜ੍ਹ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਉਦਘਾਟਨ ਦੀ ਰਸਮ ਐਨ.ਆਰ.ਆਈ. ਭੋਲਾ ਰਾਮ, ਸ਼ਾਮ ਲਾਲ ਹੀਰ, ਬਲਵੀਰ ਹੀਰ, ਰੇਸ਼ਮ ਸਿੰਘ ਯੂ.ਐਸ.ਏ. ਅਤੇ ਤਰਲੋਚਨ ਸਿੰਘ ਯੂ.ਐਸ.ਏ. ਨੇ ਸਾਂਝੇ ਤੌਰ ਤੇ ਰਿਬਨ ਕੱਟ ਕੇ ਨਿਭਾਈ। ਉਹਨਾਂ ਖਿਡਾਰੀਆਂ ਨਾਲ ਜਾਣ-ਪਛਾਣ ਕਰਦੇ ਹੋਏ ਯਾਦਗਾਰੀ ਤਸਵੀਰ ਖਿਚਵਾਉਣ ਉਪਰੰਤ ਉਹਨਾਂ ਨੂੰ ਅਸ਼ੀਰਵਾਦ ਦਿੰਦਿਆਂ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਉਦਘਾਟਨੀ ਮੈਚ ਵਿਚ ਖੋਥੜਾਂ ਤੇ ਪਲਾਹੀ-ਬੀ ਟੀਮਾਂ ਦੌਰਾਨ ਰੋਮਾਂਚਕ ਮੁਕਾਬਲਾ ਹੋਇਆ। ਜਿਸ ਵਿਚ ਖੋਥੜਾਂ ਨੇ ਪਲਾਹੀ ਦੀ ਟੀਮ ਨੂੰ ਪੈਨਲਟੀ ਸਟਰੋਕ ਵਿਚ ਮਾਤ ਦਿੱਤੀ। ਪ੍ਰਬੰਧਕਾਂ ਭਾਈ ਲਾਲ ਸਿੰਘ ਅਤੇ ਧਰਮਿੰਦਰ ਸਿੰਘ ਲਾਡੀ ਨੇ ਦੱਸਿਆ ਕਿ ਪਿੰਡ ਦੀਆਂ ਪ੍ਰਮੁੱਖ ਸ਼ਖਸੀਅਤਾਂ ਦੀ ਯਾਦ ਵਿਚ ਹਰ ਸਾਲ ਕਰਵਾਏ ਜਾਣ ਵਾਲੇ ਇਸ ਟੂਰਨਾਮੈਂਟ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਤੋਂ ਰਹਿਤ ਰਹਿ ਕੇ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਹੈ। ਉਹਨਾਂ ਦੱਸਿਆ ਕਿ ਅੱਜ ਦਾ ਉਦਘਾਟਨੀ ਮੈਚ ਓਪਨ ਪੱਧਰ ਦਾ ਮੁਕਾਬਲਾ ਸੀ। ਟੂਰਨਾਮੈਂਟ ਵਿਚ ਪਿੰਡ ਪੱਧਰ ਓਪਨ ਦੀਆਂ 24 ਟੀਮਾਂ ਤੋਂ ਇਲਾਵਾ ਭਾਰ ਵਰਗ 52 ਕਿਲੋ ਦੀਆਂ 8 ਟੀਮਾਂ ਅਤੇ 40 ਕਿਲੋ ਭਾਰ ਵਰਗ ਦੀਆਂ 4 ਟੀਮਾਂ ਭਾਗ ਲੈ ਰਹੀਆਂ ਹਨ। ਇਸ ਮੌਕੇ ਭਗਤ ਗੁਰਦਿਆਲ ਸਿੰਘ, ਸਰਪੰਚ ਗੁਲਜਾਰ ਸਿੰਘ ਅਕਾਲਗੜ੍ਹ, ਸਾਬਕਾ ਸਰਪੰਚ ਸਤਨਾਮ ਸਿੰਘ, ਪੰਚਾਇਤ ਮੈਂਬਰ ਪਿਆਰਾ ਸਿੰਘ ਤੇ ਮਨਜੀਤ ਲਾਲ, ਸਰਵਣ ਸਿੰਘ ਅਕਾਲਗੜ੍ਹ, ਸੰਤੋਖ ਸਿੰਘ, ਨਰੋੱਤਮ ਸਿੰਘ, ਕਾਕਾ ਅਕਾਲਗੜ੍ਹ, ਪ੍ਰੀਤ ਅਕਾਲਗੜ੍ਹ, ਜਸਵੰਤ ਸਿੰਘ ਫੌਜੀ, ਨਛੱਤਰ ਸਿੰਘ ਨੰਬਰਦਾਰ, ਬਲਜਿੰਦਰ ਸਿੰਘ ਅਕਾਲਗੜ੍ਹ, ਜਲਵਿੰਦਰ ਸਿੰਘ, ਜਗਜੀਤ ਸਿੰਘ, ਹੈਪੀ ਸੈਣੀ, ਕਾਲੂ ਅਕਾਲਗੜ੍ਹ, ਪਰਮਜੀਤ, ਹਰਜਿੰਦਰ ਸਿੰਘ ਕਾਕਾ ਪ੍ਰਧਾਨ, ਤਲਵਿੰਦਰ ਸਿੰਘ, ਲਖਵੀਰ ਸਿੰਘ, ਲਵਪ੍ਰੀਤ ਬੰਗੜ, ਪ੍ਰਦੀਪ ਸਿੰਘ ਨਿੰਦੀ, ਠੇਕੇਦਾਰ ਜਸਵਿੰਦਰ ਸਿੰਘ ਮਾਣਾ, ਮੱਖਣ ਲਾਲ, ਚਰਨਜੀਤ ਬਿੱਟੂ ਹਲਵਾਈ, ਠੇਕੇਦਾਰ ਹਰਵਿੰਦਰ ਸਿੰਘ ਭੋਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜਰ ਸਨ।



# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨੇ ਲਗਾਇਆ ਵਿਸ਼ੇਸ਼ 'ਲਾਈਫ ਸਕਿੱਲਜ਼' ਸੈਮੀਨਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵੱਲੋਂ ਰਿਆਤ ਬਾਹਰਾ ਇੰਸਟੀਚਿਊਟ ਆਫ਼ ਮੈਨੇਜਮੈਂਟ ਹੁਸ਼ਿਆਰਪੁਰ ਵਿਖੇ ਅੱਜ ਇਕ ਰੋਜ਼ਾ ਵਿਸ਼ੇਸ਼ 'ਲਾਈਫ ਸਕਿੱਲਜ਼' ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਕਾਲਜ ਦੇ ਮੈਨੇਜਮੈਂਟ ਦੇ 70 ਵਿਦਿਆਰਥੀਆਂ ਵੱਲੋਂ ਉਤਸ਼ਾਹ ਨਾਲ ਭਾਗ ਲਿਆ ਗਿਆ। ਇਸ ਮੌਕੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮਾਹਿਰ ਐਚ. ਓ. ਡੀ ਅਤੇ ਸਹਾਇਕ ਪ੍ਰੋਫੈਸਰ ਸਾਫਟ ਸਕਿੱਲਜ਼ ਵਿਭਾਗ ਡਾ. ਸਚਿਨ ਸੱਧਰਾ ਨੇ ਵਿਦਿਆਥੀਆਂ ਨੂੰ ਲਾਈਫ ਸਕਿੱਲਜ਼ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਸਾਰੇ ਉਹ ਹੁਨਰ ਹਨ, ਜੋ ਕਿਸੇ ਵੀ ਵਿਦਿਆਰਥੀ ਵੱਲੋਂ ਨਾ ਕੇਵਲ ਆਪਣੇ ਕੰਮ ਵਾਲੇ ਖੇਤਰ ਵਿਚ ਬਲਕਿ ਆਪਣੇ ਰੋਜ਼ਾਨਾ ਜੀਵਨ ਵਿਚ ਵੀ ਵਰਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਵਰਤੋਂ ਕਰਕੇ ਵਿਦਿਆਰਥੀ ਆਪਣੀ ਰੋਜ਼ਗਾਰ ਯੋਗਤਾ ਅਤੇ ਕੰਮ ਦੀ ਸਮਰੱਥਾ ਨੂੰ ਵਧਾਉਂਦੇ ਹੋਏ ਇਕ ਚੰਗਾ ਜੀਵਨ ਜੀਊਣ ਦੇ ਯੋਗ ਬਣਦੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਦੇ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਵੱਲੋਂ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਅਤੇ ਇਸ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ, ਜਿਵੇਂ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ, ਸ਼ਾਰਟ ਟਰਮ ਤਕਨੀਕੀ ਕੋਰਸਾਂ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਰੋਜ਼ਗਾਰ ਦਫ਼ਤਰ ਦੀ ਮੋਬਾਈਲ ਐਪ 'ਡੀ. ਬੀ. ਬੀ. ਈ ਆਨਲਾਈਨ' ਨੂੰ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮੋਬਾਈਲ ਐਪ ਰਾਹੀਂ ਉਹ ਸਵੈ-ਰੋਜ਼ਗਾਰ ਲੋਨ ਲਈ ਵੀ ਅਪਲਾਈ ਕਰ ਸਕਦੇ ਹਨ ਅਤੇ ਹੋਰ ਵੀ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸਿੱਖ ਮਿਸ਼ਨਰੀ ਕਾਲਜ ਦੇ ਜਲੰਧਰ ਜ਼ੋਨ ਦੇ ਭੁੰਗਰਨੀ ਤੇ ਕਾਲਰਾ ਸਰਕਲ ਵੱਲੋਂ ਕੁਇੱਜ ਮੁਕਾਬਲੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸਿੱਖ ਮਿਸ਼ਨਰੀ ਕਾਲਜ (ਰਜਿ) ਲੁਧਿਆਣਾ ਦੇ ਜਲੰਧਰ ਜੋਨ ਦੇ ਭੁੰਗਰਨੀ ਤੇ ਕਾਲਰਾ ਸਰਕਲ ਵਲੋਂ ਸ੍ਰੀ ਗੁਰੂ ਹਰਿਗੋਬਿੰਦ ਸਿੱਖ ਮਿਸ਼ਨਰੀ ਪਬਲਿਕ ਸਕੂਲ ਪਾਸ਼ਟਾ ਜ਼ਿਲ੍ਹਾ ਕਪੂਰਥਲਾ ਵਿਖੇ ਕੁਇਜ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਲਈ ਤਿੰਨ ਗਰੁੱਪ ਬਣਾਏ ਗਏ । ਪਹਿਲਾ ਗਰੁੱਪ ਪੰਜਵੀਂ ਜਮਾਤ ਤੱਕ , ਦੂਜਾ ਗਰੁੱਪ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਅਤੇ ਤੀਜਾ ਗਰੁੱਪ ਨੌਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਪ੍ਰਾਇਮਰੀ , ਮਿਡਲ ਤੇ ਸੀਨੀਅਰ ਸੈਕੰਡਰੀ ਗਰੁੱਪ ਬਣਾਏ ਗਏ। ਕੁਇਜ ਮੁਕਾਬਲਿਆਂ ਵਿੱਚ ਛੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਪ੍ਰਾਇਮਰੀ ਗਰੁੱਪ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਿੱਖ ਮਿਸਨਰੀ ਪਬਲਿਕ ਸਕੂਲ ਨੇ ਪਹਿਲਾ, ਅਕਾਲ ਅਕੈਡਮੀ ਰਾਮਪੁਰ ਸੁੰਨੜਾ ਸਕੂਲ ਨੇ ਦੂਜਾ ਤੇ ਸੇਂਟ ਸੋਲਜਰ ਪਬਲਿਕ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ । ਮਿਡਲ ਗਰੁੱਪ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਿੱਖ ਮਿਸ਼ਨਰੀ ਪਬਲਿਕ ਸਕੂਲ ਨੇ ਪਹਿਲਾ, ਅਕਾਲ ਅਕੈਡਮੀ ਰਾਮਪੁਰ ਸੁੰਨੜਾ ਸਕੂਲ ਨੇ ਦੂਜਾ ਤੇ ਸੇਂਟ ਸੋਲਜਰ ਪਬਲਿਕ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ । ਸੀਨੀਅਰ ਸੈਕੰਡਰੀ ਗਰੁੱਪ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਿੱਖ ਮਿਸ਼ਨਰੀ ਸਕੂਲ ਨੇ ਪਹਿਲਾ, ਸੇਂਟ ਸੋਲਜਰ ਪਬਲਿਕ ਸਕੂਲ ਨੇ ਦੂਜਾ ਤੇ ਸਰਕਾਰੀ ਹਾਈ ਸਕੂਲ ਬਘਾਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।



# ਸਾਬਕਾ ਸਰਪੰਚ ਬਹਾਦਰ ਸਿੰਘ ਸੰਗਤਪੁਰ ਨੂੰ ਸਦਮਾ, ਵੱਡੇ ਭਰਾ ਦਾ ਦਿਹਾਂਤ



**ਫਗਵਾੜਾ (ਜਸਵਿੰਦਰ ਢੱਡਾ)**- ਸਾਬਕਾ ਸਰਪੰਚ ਬਹਾਦਰ ਸਿੰਘ ਸੰਗਤਪੁਰ ਨੂੰ ਉਦੋ ਡੂੰਘਾ ਸਦਮਾ ਪਹੁੰਚਿਆ ਜਦੋਂ ਉਹਨਾਂ ਦੇ ਵੱਡੇ ਭਰਾ ਗੁਰਦੇਵ ਸਿੰਘ ਦਾ ਦਿਹਾਂਤ ਹੋ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਹੈ। ਅੰਤਿਮ ਸੰਸ਼ਕਾਰ ਮੌਕੇ ਜੋਗਿੰਦਰ ਸਿੰਘ ਮਾਨ, ਸਰਵਨ ਸਿੰਘ ਕੁਲਾਰ, ਰਣਜੀਤ ਸਿੰਘ ਖੁਰਾਨਾ, ਬਲਜਿੰਦਰ ਸਿੰਘ ਠੇਕੇਦਾਰ, ਬਲਵਿੰਦਰ ਸਿੰਘ ਸਰੀਂਹ, ਜਸਪਾਲ ਸਿੰਘ ਗਿੱਲ, ਮਧੂ ਸੂਦਨ ਸਿੰਘ ਸੰਘਾ, ਸਰੂਪ ਸਿੰਘ ਖਲਵਾੜਾ, ਬਲਬੀਰ ਸਿੰਘ ਗੰਡਵਾਂ, ਗਰਦੀਪ ਸਿੰਘ ਖੇੜਾ, ਪ੍ਰੇਮ ਸਿੰਘ ਰਾਣਾ, ਸੁਖਵਿੰਦਰ ਸਿੰਘ ਕੁੰਦੀ, ਪ੍ਰਮਿੰਦਰ ਸਿੰਘ ਕਾਲਾ, ਮਹਿੰਦਰ ਸਿੰਘ, ਜਸਵਿੰਦਰ ਢੱਡਾ, ਪ੍ਰੇਮ ਸਿੰਘ ਤੀਰ, ਜਸਵਿੰਦਰ ਸਿੰਘ ਭਗਤਪੁਰਾ, ਜੋਗਾ ਸਿੰਘ ਨਿਹੰਗ, ਸੰਤੋਖ ਸਿੰਘ ਖੋਥੜਾ ਆਦਿ ਹਾਜਰ ਸਨ।

# 'ਇੰਡੋਡੱਚ ਪ੍ਰੋਜੈਕਟ ਸੈਂਟਰ ਆਫ ਐਕਸੀਲੈਂਸ ਫਾਰ ਪਟੈਟੋ' ਧੋਗੜੀ ਵਿਖੇ ਇਕ ਦਿਨਾ ਸੈਮੀਨਾਰ



**ਅਲਾਵਲਪੁਰ ( ਮਦਨ ਬੰਗੜ)**

ਇੰਡੋਡੱਚ ਪ੍ਰੋਜੈਕਟ ਸੈਂਟਰ ਆਫ ਐਕਸੀਲੈਂਸ ਫਾਰ ਪੋਟੈਟੋ, ਧੋਗੜੀ ਵਿਖੇ ਇੱਕ ਦਿਨਾ ਸੈਮੀਨਾਰ ਕਮ ਮੀਟਿੰਗ ਕੀਤੀ ਗਈ, ਜਿਸ ਦੀ ਅਗਵਾਈ ਡਾਇਰੈਕਟਰ ਬਾਗਬਾਨੀ, ਪੰਜਾਬ, ਸ਼ੈਲਿੰਦਰ ਕੌਰ (ਆਈ.ਐਫ.ਐਸ.) ਜੀ ਵੱਲੋਂ ਕੀਤੀ ਗਈ। ਇਸ ਸੈਮੀਨਾਰ ਵਿੱਚ ਵਿਸ਼ੇਸ਼ ਤੌਰ ਤੇ ਆਲੂ ਦੀ ਕਾਸ਼ਤ ਕਰਨ ਵਾਲੇ ਜਿੰਮੀਦਾਰ ਪਹੁੰਚੇ ਜਿੰਨ੍ਹਾਂ ਵਿੱਚ ਕਿਸਾਨਾਂ ਨੇ ਪੰਜਾਬ ਸਰਕਾਰ ਵੱਲੋਂ ਬਣਾਈ ਜਾ ਰਹੀ ਖੇਤੀ ਨੀਤੀ ਬਾਰੇ ਆਲੂ ਫਸਲ ਨਾਲ ਸਬੰਧਤ ਆਪਣੇ ਵਿਚਾਰ ਡਾਇਰੈਕਟਰ ਬਾਗਬਾਨੀ ਜੀ ਨਾਲ ਸਾਂਝੇ ਕੀਤੇ। ਡਾਇਰੈਕਟਰ ਬਾਗਬਾਨੀ ਜੀ ਨੇ ਇੰਨ੍ਹਾਂ ਵਿਚਾਰਾਂ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਵਿਸ਼ਵਾਸ ਦਵਾਇਆ। ਇਸ ਮੀਟਿੰਗ ਵਿੱਚ ਬਾਗਬਾਨੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ 100 ਤੋਂ ਵੱਧ ਜਿਮੀਦਾਰਾਂ ਨੇ ਹਿੱਸਾ ਲਿਆ, ਜਿਸ ਵਿੱਚ ਮੀਟਿੰਗ ਦੀ ਸ਼ੁਰੂਆਤ ਵਿੱਚ ਡਾ. ਲਾਲ ਬਹਾਦਰ, ਉਪ ਡਾਇਰੈਕਟਰ ਬਾਗਬਾਨੀ, ਜਲੰਧਰ ਨੇ ਆਏ ਹੋਏ ਕਿਸਾਨਾਂ ਨੂੰ ਜੀ ਆਇਆ ਆਖਿਆ, ਸਟੇਟ ਨੋਡਲ ਅਫ਼ਸਰ ਆਲੂ, ਡਾ. ਪਰਮਜੀਤ ਸਿੰਘ ਨੇ ਆਏ ਹੋਏ ਕਿਸਾਨਾਂ ਨੂੰ ਟਿਸ਼ੂ ਕਲਚਰ ਐਕਟ ਬਾਰੇ ਜਾਣਕਾਰੀ ਦਿੱਤੀ ਅਤੇ ਡਾ. ਦਮਨਦੀਪ ਸਿੰਘ, ਪ੍ਰੋਜੈਕਟ ਅਫਸਰ, ਸੈਂਟਰ ਆਫ ਐਕਸੀਲੈਂਸ ਫਾਰ ਪੋਟੈਟੋ ਧੋਗੜੀ ਨੇ ਆਲੂ ਦੀ ਟਰੇਸੇਬਿਲਿਟੀ ਅਤੇ ਸੈਂਟਰ ਸਬੰਧੀ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਇਸ ਮੀਟਿੰਗ ਵਿੱਚ ਜੰਗ ਬਹਾਦਰ ਸਿੰਘ ਸੰਘਾ, ਜੇ.ਪੀ.ਜ਼ੀ.ਏ. ਦੇ ਪ੍ਰਧਾਨ ਗੁਰਰਾਜ ਸਿੰਘ ਨਿੱਝਰ, ਪਵਨਜੋਤ ਸਿੰਘ, ਜਸਵਿੰਦਰ ਸਿੰਘ ਸੰਘਾ, ਤਨਵੀਰ ਸਿੰਘ ਭੱਟੀ, ਗੋਪਾਲ ਧੀਰਜ ਫਾਰਮ ਆਦਿ ਨੇ ਆਪਣੇ ਵਿਚਾਰ ਰੱਖੇ ਅਤੇ ਅਖੀਰ ਵਿੱਖ ਰਘੁਬੀਰ ਸਿੰਘ ਉੱਘੇ ਆਲੂ ਉਤਪਾਦਕ ਨੇ ਮੀਟਿੰਗ ਵਿੱਚ ਹਾਜ਼ਰ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ।

# ਮੈਕਾਲੇ, ਨਵੀਂ ਵਿੱਦਿਅਕ ਨੀਤੀ 2020 ਤੇ ਜਮਹੂਰੀ ਹੱਕ... (ਸਫਾ 4 ਦੀ ਬਾਕੀ)

ਆਪਣੀ ਪਰਖ-ਪ੍ਰੀਖਿਆ ਰਾਹੀਂ ਵਿਦਿਆਰਥੀਆਂ ਨੂੰ ਵਿੱਦਿਆ ਪ੍ਰਾਪਤੀ ਤੋਂ ਬਾਹਰ ਕਰ ਰਹੇ ਹਨ। ਇੱਕ ਅਜਿਹੀ ਪ੍ਰੀਖਿਆ ਪ੍ਰਣਾਲੀ ਹੈ, ਜਿਹੜੀ ਇਸ ਨੀਤੀ ਤਹਿਤ ਕੇਂਦਰੀਕ੍ਰਿਤ ਕੀਤੀ ਗਈ ਹੈ ਅਤੇ ਜਿਹੜੀ ਹੇਠਲੀਆਂ ਜਮਾਤਾਂ ਤੋਂ ਲੈ ਕੇ ਪ੍ਰੀਖਿਆ ਲੈਣ ਦੀ ਗੱਲ ਕਰਦੀ ਹੈ। ਪਰਫਾਰਮੈਂਸ, ਅਸੈੱਸਮੈਂਟ, ਰੀਵਿਊ, ਅਨਾਲਸਿਸ ਆਫ ਨਾਲਜ ਫਾਰ ਦ ਹੋਲਿਸਟਿਕ ਡਿਵੈਲਪਮੈਂਟ ਇਸ ਪਰਖ ਦਾ ਪੂਰਾ ਮਤਲਬ ਬਣਦਾ ਹੈ। ਕੋਈ ਵੀ ਅਧਿਆਪਕ ਇਹੀ ਸਾਧਨ ਅਪਣਾ ਕੇ ਆਪਣੇ ਵਿਦਿਆਰਥੀ ਦਾ ਮੁਲੰਕਣ ਕਰਦਾ ਹੈ ਤਾਂ ਫਿਰ ਇਸ ਲੰਮੇ-ਚੌੜੇ ਨਾਂਅ ਨਾਲ ਸ਼ਿੰਗਾਰੇ ਇਸ ਲਕਬ ਦੀ ਕੀ ਤੁਕ ਬਣਦੀ ਹੈ। ਵਿੱਦਿਆ ਅਧਿਕਾਰ ਕਾਨੂੰਨ ਤਹਿਤ ਕਿਸੇ ਵੀ ਵਿਦਿਆਰਥੀ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਅਪਨਾਈ ਗਈ ਸੀ ਜਿਸ ਦਾ ਅਰਥ ਸੀ ਕਿ ਕੋਈ ਵੀ ਵਿਦਿਆਰਥੀ ਅਸਫਲ ਨਹੀਂ ਹੁੰਦਾ। ਅਗਰ ਕਿਸੇ ਵਿਦਿਆਰਥੀ ਨੇ ਕਿਸੇ ਇਮਤਿਹਾਨ ਅੰਦਰ ਥੋੜ੍ਹੇ ਨੰਬਰ ਪ੍ਰਾਪਤ ਕੀਤੇ ਹਨ ਤਾਂ ਇਸ ਦਾ ਅਰਥ ਨਹੀਂ ਬਣਦਾ ਕਿ ਉਹ ਹੁਣ ਕਿਸੇ ਵੀ ਕੰਮ ਦਾ ਨਹੀਂ ਰਿਹਾ ਅਤੇ ਉਸ ਦੇ ਅੱਗੇ ਵਧਣ ਦੇ ਸਾਰੇ ਰਾਹ ਹੀ ਖਤਮ ਹੋ ਗਏ ਹਨ ਅਤੇ ਉਹ ਹੁਣ ਕਿਸੇ ਵੀ ਕੰਮ ਕਰਨ ਦੇ ਲਾਇਕ ਨਹੀਂ ਹੈ। ਅਜਿਹੀ ਹਾਲਤ ਦੇ ਮੱਦੇਨਜ਼ਰ ਹੀ ਕਿਸੇ ਨੂੰ ਵੀ ਫੇਲ੍ਹ ਨਾ ਕਰਨ ਦੀ ਨੀਤੀ ਅਪਣਾਈ ਗਈ ਸੀ। ਪਰ ਇਸ ਨੀਤੀ ਰਾਹੀਂ ਬਾਹਰੀ ਤੌਰ 'ਤੇ ਇੱਕ ਕੇਂਦਰੀਕ੍ਰਿਤ ਅਥਾਰਟੀ ਨੂੰ ਪ੍ਰੀਖਿਆਵਾਂ ਲੈਣ ਦਾ ਅਧਿਕਾਰ ਦੇਣ ਨਾਲ ਵਿਦਿਆਰਥੀਆਂ ਦੀ ਜੋ ਪਰਖ ਕੀਤੇ ਜਾਣ ਦਾ ਇਹ ਨੀਤੀ ਦਾਅਵਾ ਕਰਦੀ ਹੈ, ਉਹ ਮਕਸਦ ਨਾ ਸਿਰਫ ਗ੍ਰਹਿਣਿਆ ਜਾਂਦਾ ਹੈ ਸਗੋਂ ਇਸ ਨਾਲ ਪਛੜੇ ਵਰਗਾਂ ਦੇ ਵਿਦਿਆਰਥੀ ਵਿੱਦਿਆ ਦੇ ਪਿੱਛੋਂ ਹੀ ਬਾਹਰ ਧੱਕੇ ਜਾਣਗੇ ਕਿਉਂਕਿ ਉਨ੍ਹਾਂ ਕੋਲ ਉਹ ਸਾਧਨ ਹੀ ਨਹੀਂ ਹਨ ਕਿ ਉਹ ਉਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੇ ਹਾਣ ਦੇ ਬਣ ਸਕਣ।

ਇਸ ਨੀਤੀ ਦੇ ਵਿੱਦਿਅਕ ਢਾਂਚੇ ਅਤੇ ਵਿੱਦਿਆ ਦੇ ਮਿਆਰ ਅਤੇ ਮੋੜਵੇਂ ਰੂਪ 'ਚ ਸਮੁੱਚੇ ਸਮਾਜ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੇ ਮੱਦੇਨਜ਼ਰ ਮੈਕਾਲੇ ਦੇ ਕਹੇ ਇਹ ਲਫਜ਼ ਮੁੜ-ਮੁੜ ਯਾਦ ਆਉਂਦੇ ਹਨ-

"ਮੈਨੂੰ ਇਹ ਗੱਲ ਬਿਲਕੁੱਲ ਸਪੱਸ਼ਟ ਹੈ ਕਿ ਅਸੀਂ ਪਾਰਲੀਮੈਂਟ ਵੱਲੋਂ ਪਾਸ ਕੀਤੇ 1813 ਦੇ ਕਾਨੂੰਨ 'ਚ ਬੱਝੇ ਹੋਏ ਨਹੀਂ ਹਾਂ, ਕਿ ਅਸੀਂ ਕਿਸੇ ਵੀ ਸਹੁੰ ਜਾਂ ਸ਼ਰਤ ਨਾਲ ਨੁੜੇ ਹੋਏ ਨਹੀਂ ਹਾਂ। ਕਿ ਅਸੀਂ ਆਪਣੇ ਫੰਡਾਂ ਨੂੰ ਆਪਣੀ ਮਨਮਰਜ਼ੀ ਨਾਲ ਖਰਚੀਏ, ਕਿ ਅਸੀਂ ਉਨ੍ਹਾਂ ਨੂੰ ਉਹੀ ਕੁਝ ਪੜ੍ਹਾਈਏ ਜਿਹੜਾ ਜਾਣਨ ਯੋਗ ਹੋਵੇ, ਕਿ ਸੰਸਕ੍ਰਿਤ ਜਾਂ ਫਾਰਸੀ ਨਾਲੋਂ ਅੰਗਰੇਜ਼ੀ ਜਾਣਨਾ ਚੰਗੇਰਾ ਹੈ ਕਿ ਇਸ ਮੁਲਕ ਦੇ ਨਿਵਾਸੀ ਅੰਗਰੇਜ਼ੀ ਜਾਣਨ ਦੇ ਇੱਛਕ ਹਨ ਨਾ ਕਿ ਸੰਸਕ੍ਰਿਤ ਜਾਂ ਫਾਰਸੀ ਜ਼ੁਬਾਨ ਸਿੱਖਣ ਦੇ। ਇੱਕ ਨੁਕਤੇ 'ਤੇ ਮੈਂ ਉਨ੍ਹਾਂ ਭਲੇਮਾਨਸ ਭੱਦਰਪੁਰਸ਼ਾਂ ਨਾਲ ਸਹਿਮਤ ਹਾਂ ਜਿਨ੍ਹਾਂ ਦਾ ਮੈਂ ਵਿਰੋਧੀ ਵੀ ਹਾਂ। ਮੈਂ ਉਨ੍ਹਾਂ ਵਾਂਗ ਹੀ ਮਹਿਸੂਸ ਕਰਦਾ ਹਾਂ ਕਿ ਸਾਡੇ ਲਈ ਇਹ ਅਸੰਭਵ ਹੈ ਕਿ ਸੀਮਤ ਸਾਧਨਾਂ ਦੇ ਹੁੰਦਿਆਂ ਅਸੀਂ ਕੁੱਲ-ਮੁਲਖ ਨੂੰ ਸਿੱਖਿਅਤ ਕਰੀਏ। ਹੁਣ ਸਾਨੂੰ ਪੂਰਾ ਵਾਹ ਲਾ ਕੇ ਇੱਕ ਅਜਿਹੀ ਜਮਾਤ ਪੈਦਾ ਕਰਨੀ ਚਾਹੀਦੀ ਹੈ ਜਿਹੜੀ ਸਾਡੇ ਅਤੇ ਸਾਡੀ ਸਰਕਾਰ ਹੇਠ ਰਹਿਣ ਵਾਲੇ ਕਰੋੜਾਂ-ਕਰੋੜ ਲੋਕਾਂ ਦਰਮਿਆਨ ਦੁਭਾਸ਼ੀਏ ਦਾ ਕੰਮ ਕਰਨ ਵਾਲੀ ਹੋਵੇ- ਇੱਕ ਅਜਿਹੀ ਜਮਾਤ ਜਿਹੜੀ ਖੂਨ ਤੇ ਰੰਗ ਪੱਖੋਂ ਤਾਂ ਭਾਰਤੀ ਹੋਵੇ ਪਰ ਸੁਹਜ-ਸੁਆਦਾਂ, ਵਿਚਾਰਾਂ, ਇਖਲਾਕਾਂ ਅਤੇ ਬੁੱਧੀਮਤਾਂ ਪੱਖੋਂ ਇੰਗਲਿਸ਼ਤਾਨੀ ਹੋਵੇ। ਇਸ ਮੁਲਕ ਦੀਆਂ ਦੇਸੀ ਜ਼ੁਬਾਨਾਂ ਦੀ ਸੁਧਾਈ ਕਰਨ, ਇਹਨਾਂ ਜ਼ੁਬਾਨਾਂ ਨੂੰ ਪੱਛਮੀ ਤਰਜ਼ ਦੀ ਵਿਗਿਆਨਕ ਸ਼ਬਦਾਵਲੀ ਨਾਲ ਅਮੀਰ ਕਰਨ ਲਈ ਅਸੀਂ ਉਸ ਜਮਾਤ 'ਤੇ ਛੱਡੀਏ ਅਤੇ ਉਹਨਾਂ ਨੂੰ ਅਜਿਹੀਆਂ ਡਿਗਰੀਆਂ ਨਾਲ ਨਵਾਜੀਏ ਜਿਹੜੀਆਂ ਅਬਾਦੀ ਦੇ ਵਡੇਰੇ ਹਿੱਸਿਆਂ ਅੰਦਰ ਜਾਣਕਾਰੀ ਦਾ ਪਸਾਰਾ ਕਰਨ।"

(ਸਮਾਪਤ)

# ਸੰਪਰਕ : 94170-79720

# ਹੈੱਡ ਟੀਚਰ ਨੇ ਮਿੱਡ ਡੇਅ ਮੀਲ ਦਾ ਰਾਸ਼ਨ ਵੇਚਿਆ ਤੇ ਰੁੱਖਾਂ 'ਤੇ ਚਲਾਇਆ ਆਰਾ

- ਜ਼ਿਲ੍ਹਾ ਪ੍ਰਸ਼ਾਸਨ ਤੇ ਸਿੱਖਿਆ ਵਿਭਾਗ ਕੁੰਭਕਰਨੀਂ ਨੀਦ ਸੁੱਤਾ
- ਸਿੱਖਿਆ ਮੰਤਰੀ ਤੋਂ ਬਾਹਰਲੇ ਜ਼ਿਲ੍ਹਿਆਂ 'ਚ ਬਦਲੀ ਕਰਨ ਦੀ ਕੀਤੀ ਮੰਗ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਬਠਿੰਡਾ ਦੇ ਬਾਦਲ ਰੋਡ 'ਤੇ ਪੈਂਦੇ ਪਿੰਡ ਘੁੱਦਾ ਦੇ ਬਲਾਕ ਸੰਗਤ ਅਧੀਨ ਸਰਕਾਰੀ ਪ੍ਰਾਇਮਰੀ ਸਕੂਲ ਘੁੱਦਾ ਮੇਨ ਵਿੱਚ ਨਵੇਂ ਆਏ ਹੈੱਡ ਟੀਚਰ ਬਲਤੇਜ ਸਿੰਘ, ਉਨ੍ਹਾ ਦੀ ਪਤਨੀ ਏ ਆਈ ਈ ਵਲੰਟੀਅਰ ਨੇ ਘੁੱਦਾ ਸਕੂਲ ਵਿੱਚ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ, ਜਦੋਂਕਿ ਹੈੱਡ ਟੀਚਰ ਆਪਣੇ ਪਿਛਲੇ ਸਕੂਲਾਂ ਵਿੱਚ ਵੀ ਵਿਵਾਦਾਂ ਤੇ ਚਰਚਾ ਦਾ ਵਿਸ਼ਾ ਰਹੇ ਹਨ। ਸਿੱਖਿਆ ਵਿਭਾਗ ਵੱਲੋਂ ਸਸਪੈਂਡ ਵੀ ਕੀਤਾ ਗਿਆ ਹੈ। ਇਸ ਸਕੂਲ ਵਿੱਚ ਪੈਰ ਧਰਦਿਆਂ ਹੀ ਸਕੂਲ ਦਾ ਸੁਧਾਰ ਕਰਦਿਆਂ ਦੂਜੇ ਸਟਾਫ ਮੈਂਬਰਾਂ ਤੋਂ ਚੋਰੀ ਕੁਰਸੀਆਂ, ਟੇਬਲ, ਲੋਹਾ ਆਦਿ ਕਬਾੜ ਵੇਚਣਾ ਸ਼ੁਰੂ ਕਰ ਦਿੱਤਾ, ਜੋ ਕਬਾੜੀਏ ਵੀ ਬੰਗੀ ਕਲਾਂ ਤੋਂ ਬਲਾ ਕੇ ਦੋ ਢਾਈ ਕੁਇੰਟਲ ਕਬਾੜ ਕੇਮਟੀ ਦੇ ਬਿਨਾਂ ਮਤਾ ਪਾਏ ਵੇਚਿਆ ਗਿਆ। ਇੱਥੇ ਬਸ ਨਹੀਂ, ਹੈੱਡ ਟੀਚਰ ਨੇ ਸਕੂਲ ਵਿੱਚ ਚੱਲ ਰਹੇ ਭਾਰਤ ਸਰਕਾਰ ਵੱਲੋਂ ਮਿੱਡ ਡੇ ਮੀਲ ਸਕੀਮ ਵਿੱਚ ਆ ਰਹੇ ਅਨਾਜ ਉੱਪਰ ਅੱਖ ਰੱਖ ਲਈ, ਜੋ ਅਨਾਜ ਪਿਛਲੇ 15 ਸਾਲਾਂ ਤੋਂ ਅਨਾਜ ਕਣਕ ਚਾਵਲ ਰਸੋਈ ਘਰ ਹੁੰਦਾ ਸੀ, ਹੁਣ ਅਕਤੂਬਰ ਮਹੀਨੇ ਤੋਂ ਅਨਾਜ ਰਸੋਈ ਤੋਂ ਚੁੱਕ ਕੇ ਗੰਦੇ ਕਬਾੜ ਵਾਲੇ ਕਮਰੇ ਵਿੱਚ ਰਖਵਾ ਦਿੱਤਾ। ਇਸ ਰਾਸ਼ਨ ਦੀ ਦੇਖ ਰੇਖ ਲਈ ਮਿੱਡ ਡੇ ਮੀਲ ਦਾ ਚਾਰਜ ਖੁਦ ਤੇ ਡੈਪੂਟੇਸ਼ਨ 'ਤੇ ਆਈ ਆਪਣੀ ਪਤਨੀ ਏ ਆਈ ਈ ਵਲੰਟੀਅਰ ਸਰਬਜੀਤ ਕੌਰ ਨੂੰ ਸੁੰਭਾਲ ਦਿੱਤਾ ਗਿਆ, ਜੋ ਕਿ ਅਕਤੂਬਰ 2022 ਮਹੀਨੇ ਤੋਂ ਦੋਨੋਂ ਪਤੀ-ਪਤਨੀ ਮਿੱਡ ਡੇ ਚਲਾ ਰਹੇ ਹਨ। ਅਕਤੂਬਰ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਆਏ ਨਵੇਂ ਅਨਾਜ 4 ਕੁਇੰਟਲ ਕਣਕ 8 ਗੱਟੇ ਤੇ ਸਾਢੇ ਤਿੰਨ ਕੁਇੰਟਲ ਚਾਵਲ 7 ਗੱਟੇ ਬੀਤੇ ਦਿਨੀਂ ਟਰੈਕਟਰ ਟਰਾਲੀ ਬੁਲਾ ਕੇ ਵੇਚ ਦਿੱਤਾ। ਉਸ ਸਮੇਂ ਸਕੂਲ ਵਿੱਚ ਲੱਗੇ ਕੈਮਰਿਆਂ ਨੂੰ ਕੁਝ ਸਮੇਂ ਲਈ ਬੰਦ ਕੀਤਾ ਗਿਆ, ਪਰ ਜਦੋਂ ਦੂਜੇ ਦਿਨ ਕੁੱਕ ਵਰਕਰਾਂ ਰਸੋਈ ਤੋਂ ਕਬਾੜ ਵਾਲੇ ਕਮਰੇ ਵਿੱਚੋਂ ਅਨਾਜ ਤੇ ਬਾਲਣ ਲੈਣ ਲਈ ਗਈਆਂ ਤਾਂ ਉਥੇ ਕੁਝ ਦਿਨ ਪਹਿਲਾਂ ਆਇਆਂ ਅਨਾਜ ਗਾਇਬ ਸੀ, ਜਿਸ ਦਾ ਖੁਲਾਸਾ ਦੂਸਰੇ ਦਿਨ ਮਿੱਡ ਡੇ ਮੀਲ ਕੁੱਕ ਵਰਕਰਾਂ ਨੇ ਦੂਸਰੇ ਸਟਾਫ ਨੂੰ ਦੱਸਿਆ ਕਿ ਆਪਣੇ ਕਬਾੜ ਵਾਲੇ ਕਮਰੇ ਵਿੱਚੋਂ ਨਵੇਂ ਅਨਾਜ ਦੇ 15-16 ਕਣਕ/ਚਾਵਲਾਂ ਦੇ ਗੱਟੇ ਗਾਇਬ ਹਨ। ਇਸ ਘਟਨਾ ਦੀ ਚਰਚਾ ਹੌਲੀ ਹੌਲੀ ਪਿੰਡ 'ਚ ਅਤੇ ਬੱਚਿਆਂ ਦੇ ਮਾਪਿਆਂ ਤੱਕ ਪਹੁੰਚ ਗਈ, ਪਰ ਹੈੱਡ ਟੀਚਰ ਬਲਤੇਜ ਸਿੰਘ ਤੇ ਉਨ੍ਹਾਂ ਦੀ ਪਤਨੀ ਨੇ ਸਟਾਫ ਨਾਲ ਕਣਕ ਚਾਵਲ ਗਾਇਬ ਜਾਂ ਵੇਚੇ ਜਾਣ ਬਾਰੇ ਕੋਈ ਗੱਲ ਸਾਂਝੀ ਨਾ ਕੀਤੀ। ਕਣਕ ਚਾਵਲ ਗਾਇਬ ਹੋਣ ਤੇ ਵੇਚਣ ਦਾ ਭੇਦ ਆਪਣੇ ਅੰਦਰ ਪਤੀ-ਪਤਨੀ ਨੇ ਗੁਪਤ ਰੱਖਿਆ, ਪਰ ਸਕੂਲ ਦੇ ਦੋ ਸਹਾਇਕ ਅਧਿਆਪਕਾਂ ਨੇ ਇਸ ਦੀ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। ਭਾਵੇਂ ਕਿ ਸਕੂਲ ਵਿੱਚੋਂ ਅਨਾਜ ਚੁੱਕਣ ਸਮੇਂ ਸੀਨੀਅਰ ਸਹਾਇਕ ਅਧਿਆਪਕ ਆਨ ਡਿਊਟੀ ਦਫਤਰ ਬਠਿੰਡਾ ਮੀਟਿੰਗ ਉਪਰ ਹਾਜ਼ਰ ਸਨ, ਫਿਰ ਵੀ ਕਣਕ/ਚਾਵਲ ਗਾਇਬ ਹੋਣ ਜਾਂ ਵੇਚਣ ਦਾ ਸੁਰਾਗ ਕੁਝ ਸਮੇਂ ਬਾਅਦ ਲੱਭ ਲਿਆ। ਸਕੂਲ ਵਿੱਚੋਂ ਅਨਾਜ ਚੁੱਕਣ ਵਾਲੇ ਦੀ ਕਾਲ ਰਿਕਾਰਡਿੰਗ ਵਿੱਚ ਖ੍ਰੀਦਦਾਰ ਨੇ ਮੰਨਿਆ ਕਿ ਹੈੱਡ ਟੀਚਰ ਦੇ ਵਾਰ ਵਾਰ ਫੋਨ ਕਰਨ 'ਤੇ ਸਕੂਲ ਵਿੱਚੋਂ ਕਣਕ ਚਾਵਲ ਖਰੀਦੇ ਗਏ ਹਨ। ਅਨਾਜ ਦੀ ਰਾਸ਼ੀ ਹੈੱਡ ਟੀਚਰ ਨੇ ਖੁਦ ਬਠਿੰਡਾ ਤੋਂ ਪ੍ਰਾਪਤ ਕੀਤੀ ਹੈ।
ਇਸ ਮੌਕੇ ਗੁਰਲਾਲ ਸਿੰਘ, ਮਲਕੀਤ ਸਿੰਘ, ਵਕੀਲ ਸਿੰਘ ਪੰਚ ਨੇ ਦੱਸਿਆ ਕਿ ਹੈੱਡ ਟੀਚਰ ਨੇ ਇੱਕ ਕਾਰਾ ਹੋਰ ਕਰ ਦਿੱਤਾ ਕਿ ਸਕੂਲ ਦੀ ਚਾਰਦੀਵਾਰੀ ਅੰਦਰ ਕੁੱਝ ਸੁੱਕੇ ਤੇ ਹਰੇ-ਭਰੇ ਰੁੱਖਾਂ 'ਤੇ ਜੰਗਲਾਤ ਵਿਭਾਗ ਦੀ ਮਨਜ਼ੂਰੀ ਤੋਂ ਬਿਨਾਂ ਪਿੰਡ ਦੇ ਦੋ ਦਿਹਾੜੀਦਾਰ ਮਜ਼ਦੂਰ ਗੋਰਾ ਸਿੰਘ ਤੇ ਗੁਰਮੇਲ ਸਿੰਘ ਨੂੰ ਲਗਾ ਕੇ ਆਰਾ ਚਲਾ ਦਿੱਤਾ ਅਤੇ ਸੁੱਕੇ ਰੁੱਖਾਂ ਨੂੰ ਵੱਢ ਕੇ ਮਿੱਡ ਡੇ ਮੀਲ ਖਾਣਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਜਦੋਂ ਪਿੰਡ ਵਾਸੀਆਂ ਤੇ ਬੱਚਿਆਂ ਦੇ ਮਾਪਿਆਂ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਰੁੱਖਾਂ ਦੇ ਵੱਢੇ ਜਾਣ ਬਾਰੇ ਪੁੱਛਿਆ ਤੇ ਉਨ੍ਹਾਂ ਕਿਹਾ ਕਿ ਮਿੱਡ ਡੇ ਮੀਲ ਬਣਾਉਣ ਲਈ ਬਾਲਣ ਨਹੀਂ ਸੀ, ਇਸ ਕਰਕੇ ਹਰੇ ਸੁੱਕੇ ਰੁੱਖਾਂ ਦੀ ਕਟਾਈ ਕਰਵਾਈ। ਜਦੋਂ ਪ੍ਰਿਤਪਾਲ ਕਾਕਾ ਨੇ ਹਰੇ ਭਰੇ ਰੁੱਖਾਂ ਦੇ ਕੱਟਣ ਬਾਰੇ ਪੁੱਛਿਆ ਤਾਂ ਉਨ੍ਹਾ ਕੋਈ ਢੁੱਕਵਾਂ ਜਵਾਬ ਨਹੀਂ ਦਿੱਤਾ। ਇਸ ਮੌਕੇ ਇਕੱਤਰ ਹੋਏ ਪੰਚਾਇਤ ਮੈਂਬਰ ਤੇ ਕਮੇਟੀ ਮੈਂਬਰਾਂ ਮਾਪਿਆਂ ਨੇ ਪੁੱਛਿਆ ਤਾਂ ਹੈੱਡ ਟੀਚਰ ਨੇ ਆਪਣੀ ਗਲਤੀ ਨੂੰ ਕਬੂਲ ਕਰਦਿਆਂ ਕਿਹਾ ਕਿ ਅੱਗੇ ਤੋਂ ਅਜਿਹਾ ਗਲਤ ਕੰਮ ਨਹੀਂ ਕਰਾਂਗਾ। ਪਿੰਡ ਦੇ ਪੰਚਾਇਤ ਮੈਂਬਰ ਤੇ ਮਾਪਿਆਂ ਨੇ ਮੁੱਖ ਮੰਤਰੀ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਕਿ ਅਜਿਹੇ ਗਲਤ ਕੰਮ ਕਰਨ ਵਾਲੇ ਗਰੀਬ ਬੱਚਿਆਂ ਦੇ ਅਨਾਜ ਖਾਣੇ ਉੱਪਰ ਡਾਕਾ ਮਾਰ ਕੇ ਵੇਚਣ ਵਾਲੇ ਮੁੱਖ ਅਧਿਆਪਕ ਨੂੰ ਬਹਾਰਲੇ ਜ਼ਿਲ੍ਹੇ ਦੇ ਬਾਰਡਰ 'ਤੇ ਤੁਰੰਤ ਬਦਲੀ ਕੀਤੀ ਜਾਵੇ ਤੇ ਮਿੱਡ ਡੇ ਮੀਲ ਦਾ ਅਨਾਜ ਵੇਚਣ ਅਤੇ ਰੁੱਖਾਂ ਦੀ ਨਜਾਇਜ਼ ਕਟਾਈ ਕਰਨ ਅਤੇ ਕਰਾਉਣ ਵਾਲੇ ਮੁੱਖ ਅਧਿਆਪਕ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਨਸ਼ੇ ਖਿਲਾਫ ਵੱਖ-ਵੱਖ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਐਲਾਨ

**ਨਸ਼ਾ ਵਿਰੋਧੀ ਫਰੰਟ ਬਣਾ ਕੇ ਡੀ ਐੱਸ ਪੀ ਨੂੰ ਦਿੱਤਾ ਮੰਗ ਪੱਤਰ**



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**
ਗੁਰੂ ਹਰਸਹਾਏ ਦੇ ਰੇਲਵੇ ਪਾਰਕ ਵਿੱਚ ਵੱਖ-ਵੱਖ ਕਿਸਾਨ ਤੇ ਨੌਜਵਾਨ, ਮਜ਼ਦੂਰ ਜਥੇਬੰਦੀਆਂ ਵੱਲੋਂ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕਿਸਾਨ ਮਜ਼ਦੂਰ ਸੰਘਰਸ਼ ਫਰੰਟ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਪੈਨਸ਼ਨਰ ਐਸੋਸੀਏਸ਼ਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਸਰਬ ਭਾਰਤ ਨੌਜਵਾਨ ਸਭਾ ਆਦਿ ਦੇ ਆਗੂਆਂ ਤੇ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਵਿੱਚ ਵੱਖ ਵੱਖ ਜਥੇਬੰਦੀਆਂ ਵੱਲੋਂ ਸਰਬ ਸੰਮਤੀ ਨਾਲ ਨਸ਼ਾ ਵਿਰੋਧੀ ਫਰੰਟ ਗਠਤ ਕੀਤਾ ਗਿਆ, ਜਿਸ ਵਿੱਚ ਧਰਮ ਸਿੰਘ ਸਿੱਧੂ ਨੂੰ ਕਨਵੀਨਰ, ਸੁਰਜੀਤ ਸਿੰਘ ਨੂੰ ਫਰੰਟ ਸਕੱਤਰ ਤੇ ਨਰੇਸ਼ ਸੇਠੀ ਨੂੰ ਖਜ਼ਾਨਚੀ ਚੁਣਿਆ ਗਿਆ। ਇਸ ਫਰੰਟ ਨੇ ਸਰਬਸੰਮਤੀ ਨਾਲ ਮੰਗ ਪੱਤਰ ਤਿਆਰ ਕਰਕੇ ਡੀ ਐੱਸ ਪੀ ਗੁਰੂ ਹਰਸਹਾਏ ਨੂੰ ਮੰਗ ਪੱਤਰ ਦਿੱਤਾ ਗਿਆ। ਡੀ ਐੱਸ ਪੀ ਯਾਦਵਿੰਦਰ ਸਿੰਘ ਬਾਜਵਾ ਨੇ ਮੰਗ ਪੱਤਰ ਲੈਣ ਉਪਰੰਤ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਇਸ ਫਰੰਟ ਵਿੱਚ ਚਰਨਜੀਤ ਸਿੰਘ ਛਾਂਗਾ ਰਾਏ, ਪਿਆਰਾ ਮੇਘਾ, ਵਿਰਸਾ ਸਿੰਘ ਬਘੂਵਾਲਾ, ਰਣਜੀਤ ਸਿੰਘ ਝੋਕ ਟਹਿਲ ਸਿੰਘ, ਭਗਵਾਨ ਦਾਸ ਬਹਾਦਰ ਕੇ, ਕੇਵਲ ਛਾਂਗਾ ਰਾਏ, ਦਰਸ਼ਨ ਭਾਟਾ, ਕੁਲਦੀਪ ਮੋਠਾਂ ਵਾਲਾ, ਮੰਗਲ ਸਿੰਘ, ਬਲਵਿੰਦਰ ਸਿੰਘ, ਸੰਤਪਾਲ, ਗੁਰਮੀਤ ਸਿੰਘ ਮੋਠਾਂਵਾਲਾ, ਰਾਮ ਸਿੰਘ ਆਦਿ ਸਾਥੀਆਂ ਨੂੰ ਸ਼ਾਮਲ ਕੀਤਾ ਗਿਆ।

## ਕਾਤਰਾਂ

### ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ, ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਨੇ ਮੋਹਿਤ ਸ਼ਰਮਾ ਪੁੱਤਰ ਪ੍ਰਸ਼ੋਤਮ ਲਾਲ ਵਾਸੀ ਪਠਾਨਕੋਟ ਦਾ ਕੈਨੇਡਾ ਦਾ ਓਪਨ ਵਰਕ ਪਰਮਿਟ (ਸਪਾਊਸ ਵੀਜ਼ਾ) ਰਫਿਊਜ਼ਲ ਹੋਣ ਦੇ ਬਾਵਜੂਦ ਲਗਵਾਇਆ ਹੈ।

### ਮਾਡਰਨ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ



**ਭੀਖੀ (ਧਰਮਵੀਰ ਸ਼ਰਮਾ)**-ਮਾਡਰਨ ਕਾਲਜ ਆਫ਼ ਐਜੂਕੇਸ਼ਨ ਫਾਰ ਗਰਲਜ਼ ਭੀਖੀ ਦੀਆਂ ਵਿਦਿਆਰਥਣਾਂ ਵੱਲੋਂ ਦਿੱਤੀ ਗਈ ਬੀ ਐੱਡ ਸੈਸ਼ਨ (2022-23) ਦੀ ਪ੍ਰੀਖਿਆ ਦੇ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਡਾ. ਜਗਜੀਤ ਸਿੰਘ ਦੀ ਅਗਵਾਈ ਹੇਠ ਕਾਲਜ ਦੀਆਂ ਵਿਦਿਆਰਥਣਾਂ ਨੇ ਬੀ. ਐੱਡ. ਦੀਆਂ ਪ੍ਰੀਖਿਆਵਾਂ ਦੇ ਨਤੀਜੇ ਵਿੱਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕਾਲਜ ਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾ ਦੱਸਿਆ ਕਿ ਪ੍ਰਦੀਪ ਕੌਰ ਨੇ 80.8 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਮਨਦੀਪ ਕੌਰ ਨੇ 80.2 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਤੇ ਕਮਲਦੀਪ ਕੌਰ ਨੇ 79.6 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਨ 'ਤੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਦਾ ਸਿਹਰਾ ਕਾਲਜ ਦੇ ਸਟਾਫ਼ ਤੇ ਵਿਦਿਆਰਥਣਾਂ ਦੀ ਮਿਹਨਤ ਦੇ ਸਿਰ ਜਾਂਦਾ ਹੈ। ਉਨ੍ਹਾ ਕਿਹਾ ਕਿ ਉਨ੍ਹਾ ਦੀ ਸੰਸਥਾ ਦਾ ਮੁੱਖ ਮਨੋਰਥ ਵਿਦਿਆਰਥਣਾਂ ਨੂੰ ਹਰ ਪੱਖ ਤੋਂ ਮਿਆਰੀ ਸਿੱਖਿਆ ਦੇਣਾ ਹੈ। ਇਸ ਮੌਕੇ ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ ਤੇ ਪ੍ਰੋ. ਜਗਜੀਤ ਸਿੰਘ ਆਦਿ ਹਾਜ਼ਰ ਸਨ।

### ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਮੱਲ੍ਹਾ ਹਾਊਸ ਪਹੁੰਚੇ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਬਿਕਰਮਜੀਤ ਸਿੰਘ ਖਾਲਸਾ ਮੱਲ੍ਹਾ ਹਾਊਸ ਵਿਖੇ ਸਾਬਕਾ ਵਿਧਾਇਕ ਭਾਗ ਸਿੰਘ ਮੱਲ੍ਹਾ ਦਾ ਹਾਲ-ਚਾਲ ਜਾਣਨ ਪਹੁੰਚੇ। ਇਸ ਮੌਕੇ ਉਨ੍ਹਾਂ ਪੰਜਾਬ ਦੀ ਸਿਆਸਤ 'ਚ ਆ ਰਹੇ ਨਿਘਾਰ ਤੇ ਪੰਜਾਬ ਦੀ ਸਥਿਤੀ ਦਿਨੋਂ-ਦਿਨ ਖ਼ਰਾਬ ਹੋਣ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾ ਮੱਲ੍ਹਾ ਹਾਊਸ ਵਿਖੇ ਲੰਬਾ ਸਮਾਂ ਵਿਚਾਰਾਂ ਕੀਤੀਆਂ ਤੇ ਆਉਣ ਵਾਲੇ ਸਮੇਂ 'ਚ ਪੰਜਾਬ ਦੇ ਭਵਿੱਖ ਨੂੰ ਸੰਵਾਰਨ ਲਈ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਆਖਿਆ। ਇਸ ਮੌਕੇ ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮੱਲ੍ਹਾ, ਟਰੱਕ ਯੂਨੀਅਨ ਦੇ ਸਕੱਤਰ ਜਨਰਲ ਬਿੰਦਰ ਮਨੀਲਾ, ਦੀਪਇੰਦਰ ਸਿੰਘ ਭੰਡਾਰੀ ਤੇ ਹਰਦੇਵ ਸਿੰਘ ਬੌਬੀ ਆਦਿ ਹਾਜ਼ਰ ਸਨ।

### ਅੱਜ ਬਿਜਲੀ ਬੰਦ ਰਹੇਗੀ

**ਚੀਮਾ ਮੰਡੀ (ਰਵਿੰਦਰ ਚੀਮਾ)**-ਪਾਵਰਕਾਮ ਦੀ ਸਬ ਡਵੀਜ਼ਨ ਚੀਮਾ ਮੰਡੀ ਅਧੀਨ ਪੈਂਦੇ ਗਰਿਡ ਚੀਮਾ, ਸਤੌਜ ਤੇ ਕਣਕਵਾਲ ਦੇ ਸਾਰੇ ਫੀਡਰਾਂ ਤੇ ਬਿਜਲੀ ਦੀ ਸਪਲਾਈ ਜ਼ਰੂਰੀ ਮੁਰੰਮਤ ਕਾਰਨ 11 ਫਰਵਰੀ ਨੂੰ ਸਵੇਰੇ ਦਸ ਵਜੇ ਤੋਂ ਸ਼ਾਮ ਚਾਰ ਵਜੇ ਤੱਕ ਬੰਦ ਰਹੇਗੀ। ਇਹ ਜਾਣਕਾਰੀ ਚੀਮਾ ਸਬ ਡਵੀਜ਼ਨ ਦੇ ਐਸ ਡੀ ਓ ਨਰੇਸ਼ ਕੁਮਾਰ ਨੇ ਦਿੱਤੀ।

### ਫਕਰਸਰ ਦੇ ਗੁਰਦੁਆਰਾ ਸਾਹਿਬ 'ਚ ਬੇਅਦਬੀ

**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਫਕਰਸਰ ਦੇ ਗੁਰਦੁਆਰਾ ਮਾਤਾ ਸਾਹਿਬ ਦੇਵਾ ਕੌਰ ਜੀ ਵਿਖੇ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਪੂਰੇ ਮਾਮਲੇ ਦੀ ਸੀ.ਸੀ.ਟੀ.ਵੀ ਫੁਟੇਜ ਵੀ ਸਾਹਮਣੇ ਆਈ ਹੈ ਤੇ ਫਿਲਹਾਲ ਮਾਮਲੇ ਦੀ ਸੀ.ਸੀ.ਟੀ.ਵੀ ਸਾਹਮਣੇ ਆਉਣ ਉਪਰੰਤ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੀ.ਸੀ.ਟੀ.ਵੀ ਦੀ ਸਾਹਮਣੇ ਆਈ ਫੁਟੇਜ ਵਿੱਚ ਦੋ ਵਿਅਕਤੀ, ਜੋ ਜੋੜੇ ਪਾ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਨੇੜੇ ਛੇੜਛਾੜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਿੰਡ ਵਾਸੀਆਂ ਅਨੁਸਾਰ ਇਹ ਘਟਨਾ ਰਾਤ ਦੋ ਵਜੇ ਦੇ ਕਰੀਬ ਦੀ ਹੈ ਤੇ ਇਹ ਵਿਅਕਤੀ ਬੇਅਦਬੀ ਕਰਨ ਦੀ ਨੀਅਤ ਨਾਲ ਆਏ ਸਨ।ਡੀ.ਐਸ.ਪੀ. ਗਿੱਦੜਬਾਹਾ ਜਸਬੀਰ ਸਿੰਘ ਪੰਨੂੰ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਫੁਟੇਜ ਲੈ ਕੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਕਰ ਰਹੀ ਹੈ।

### ਪੈਨਸ਼ਨਰਾਂ ਵੱਲੋਂ ਰੋਸ ਧਰਨਾ 15 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਪੈਨਸ਼ਨਰਜ਼ ਕਨਫੈਡਰੇਸ਼ਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਸਬੰਧੀ ਰੋਸ ਧਰਨਾ ਡਿਪਟੀ ਕਮਿਸ਼ਨਰ ਮਾਨਸਾ ਦੇ ਦਫਤਰ ਮੂਹਰੇ 15 ਫਰਵਰੀ ਨੂੰ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਲੱਖਾ ਸਿੰਘ ਸਹਾਰਨਾ ਨੇ ਦੱਸਿਆ ਕਿ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਦੀ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਇੱਕ ਭਰਵੀਂ ਮੀਟਿੰਗ ਹੋਈ, ਜਿਸ ਵਿੱਚ ਜ਼ਿਲ੍ਹਾ ਪੱਧਰੀ ਧਰਨੇ ਦੇਣ ਦਾ ਪ੍ਰੋਗਰਾਮ ਰੱਖਿਆ ਗਿਆ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਸਮੁੱਚੇ ਪੈਨਸ਼ਨਰਾਂ ਨੂੰ ਧਰਨੇ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਵੀ ਕੀਤੀ।

### ਮਲਟੀ ਸਪੈਸ਼ਲਿਸਟ ਹਸਪਤਾਲ 'ਚ ਡਾਕਟਰ ਦੀ ਫੀਸ ਦਸ ਰੁਪਏ ਕੀਤੀ

ਮਮਦੋਟ (ਜਸਬੀਰ ਸਿੰਘ ਕੰਬੋਜ) ਗੁਰੂ ਰਾਮਦਾਸ ਮਲਟੀ ਸਪੈਸ਼ਲਿਸਟ ਹਸਪਤਾਲ ਦੇ ਪ੍ਰਬੰਧਕਾਂ ਡਾ. ਅਮਰਦੀਪ ਸਿੰਘ ਆਸ਼ੂ ਬੰਗੜ੍ਹ ਨੇ ਦੱਸਿਆ ਕਿ ਆਊਟ ਸਾਈਡ ਜੀਰਾ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਸਥਿਤ ਇਸ ਮਲਟੀ ਸਪੈਸ਼ਲਿਸਟ ਹਸਪਤਾਲ ਵਿੱਚ ਆਮ ਲੋਕਾਂ ਦੀ ਸਹੂਲਤ ਵਾਸਤੇ ਡਾਕਟਰ ਦੀ ਫੀਸ ਸਿਰਫ 10 ਰੁਪਏ ਰੱਖੀ ਗਈ ਹੈ ਤਾਂ ਜੁ ਆਮ ਗ਼ਰੀਬ ਲੋਕ ਵੀ ਮਾਹਿਰ ਡਾਕਟਰਾਂ ਪਾਸੋਂ ਆਪਣਾ ਚੈੱਕਅਪ ਕਰਾ ਕੇ ਇਲਾਜ ਕਰਾ ਸਕਣ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਗ਼ਰੀਬ ਲੋੜਵੰਦ ਮਰੀਜ਼ ਵੱਡੇ ਹਸਪਤਾਲਾਂ ਦੇ ਮਾਹਿਰ ਡਾਕਟਰਾਂ ਪਾਸੋਂ ਮਹਿੰਗੀਆ ਫੀਸਾਂ ਕਰਕੇ ਨਾ ਤੇ ਆਪਣਾ ਮੈਡੀਕਲ ਚੈੱਕਅਪ ਹੀ ਕਰਾ ਸਕਦੇ ਸਨ ਤੇ ਨਾ ਹੀ ਇਲਾਜ। ਇਸ ਹਸਪਤਾਲ ਵੱਲੋਂ ਓ ਪੀ ਡੀ ਫੀਸ ਦਸ ਰੁਪਏ ਰੱਖਣ ਨਾਲ ਹਰੇਕ ਵਿਅਕਤੀ ਜ਼ਰੂਰਤ ਅਨੁਸਾਰ ਆਪਣਾ ਜਾਂ ਆਪਣੇ ਪਰਵਾਰਕ ਮੈਂਬਰਾਂ ਦਾ ਸਸਤੇ ਵਿੱਚ ਮੈਡੀਕਲ ਚੈੱਕਅਪ ਤੇ ਇਲਾਜ ਕਰਾ ਸਕਣਗੇ।

## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇੰਜੀਨੀਅਰਾਂ ਦੀ ਹੜਤਾਲ



ਧਰਨੇ 'ਤੇ ਬੈਠੇ ਆਗੂ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਡਿਪਲੋਮਾ ਇੰਜਨੀਅਰਿੰਗ ਐਸੋਸੀਏਸ਼ਨ ਦੇ ਸੱਦੇ 'ਤੇ ਪੰਜਾਬ ਭਰ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅੰਦਰ ਕੰਮ ਕਰਕੇ ਜੇ.ਈ/ਏ.ਈ.ਜ ਅਤੇ ਪਦਉਨਤ ਉਪ ਮੰਡਲ ਇੰਜਨੀਅਰ ਦੀ ਹੜਤਾਲ ਦੂਜੇ ਦਿਨ ਵੀ ਜਾਰੀ ਰਹੀ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਡਿਪਲੋਮਾ ਇੰਜਨੀਅਰ ਦੀ ਜਥੇਬੰਦੀ ਜ਼ੋਨ, ਸ੍ਰੀ ਮੁਕਤਸਰ ਸਾਹਿਬ ਦੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਆਗੂ ਰਵੀ ਗੋਇਲ ਨੇ ਦੱਸਿਆ ਕਿ ਅਫ਼ਸਰਸ਼ਾਹੀ ਵੱਲੋਂ ਜੇਈ/ਏ ਈ.ਜ ਅਤੇ ਪਦਉੱਨਤ ਉਪ ਮੰਡਲ ਇੰਜੀਨੀਅਰ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਲੈ ਕੇ ਮੀਟਿੰਗ ਵਿੱਚ ਸਹਿਮਤੀ ਤਾਂ ਦਿੱਤੀ ਜਾਂਦੀ ਹੈ, ਪ੍ਰੰਤੂ ਉਨ੍ਹਾਂ ਦਾ ਹੱਲ ਕਰਨ ਲਈ ਕੋਈ ਯੋਗ ਕਾਰਵਾਈ ਨਹੀਂ ਕੀਤੀ ਜਾਂਦੀ। ਜ਼ੋਨ ਜਨਰਲ ਸਕੱਤਰ ਮੋਹਿਤ ਕੁਮਾਰ ਜੇ.ਈ. ਨੇ ਦੱਸਿਆ ਕਿ ਜੇਕਰ 10 ਫਰਵਰੀ ਤੱਕ ਵੀ ਕੋਈ ਅਫ਼ਸਰਸ਼ਾਹੀ ਵੱਲੋਂ ਜਾਇਜ਼ ਤੇ ਹੱਕੀ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਜੇਕਰ ਪੰਜਾਬ ਭਰ ਦੀਆਂ ਜਲ ਸਪਲਾਈ ਸਕੀਮਾਂ ਤੋਂ ਪਾਣੀ ਸਬੰਧੀ ਜਨਤਾ ਨੂੰ ਦਿੱਕਤ ਆਉਂਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਅਫ਼ਸਰਸ਼ਾਹੀ ਅਤੇ ਸਰਕਾਰ ਦੀ ਹੋਵੇਗੀ। ਧਰਨੇ ਵਿੱਚ ਰਵੀ ਕੁਮਾਰ, ਨਰਿੰਦਰ ਸਿੰਘ, ਪੂਨਮ ਚੰਦ, ਕੁਲਵਿੰਦਰ ਗਾਥਾ, ਹਿਮਾਂਸ਼ੂ ਜੁਨੇਜਾ, ਅਮਨ ਯਾਦਵ, ਮਨੀ ਗੁਪਤਾ, ਰਾਕੇਸ਼ ਕੁਮਾਰ ਜੇ.ਈ. ਬਲਵਿੰਦਰ ਕੁਮਾਰ ਏ.ਈ. ਆਦਿ ਸਾਥੀਆਂ ਨੇ ਸ਼ਮੂਲੀਅਤ ਕੀਤੀ।

## ਸਾਂਝੇ ਮਜ਼ਦੂਰ ਮੋਰਚੇ ਨੇ ਕੀਤੀ ਚੇਤਾਵਨੀ ਰੈਲੀ

**ਮਾਰਚ ਦੇ ਪਹਿਲੇ ਹਫਤੇ ਪੰਜਾਬ ਪੱਧਰੀ ਪੱਕੇ ਮੋਰਚੇ ਦਾ ਐਲਾਨ**

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਵੱਲੋਂ 'ਮੁੱਖ ਮੰਤਰੀ ਹਾਜ਼ਰ ਹੋ' ਦੇ ਐਲਾਨੇ ਪ੍ਰੋਗਰਾਮ ਤਹਿਤ ਡੀਸੀ ਦਫ਼ਤਰ ਅੱਗੇ ਚਿਤਾਵਨੀ ਰੈਲੀ ਕਰਕੇ 15 ਫਰਵਰੀ ਨੂੰ ਮਜ਼ਦੂਰ ਮੋਰਚੇ ਨਾਲ ਮਜ਼ਦੂਰਾਂ ਦੀਆਂ ਮੰਗਾਂ 'ਤੇ ਸਰਕਾਰ ਨਾਲ ਹੋ ਰਹੀ ਮੀਟਿੰਗ ਵਿੱਚ ਮੁੱਖ ਮੰਤਰੀ ਦੇ ਹਾਜ਼ਰ ਹੋਣ ਦੀ ਮੰਗ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦੇ ਹੋਏ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਪ੍ਰਕਾਸ਼ ਸਿੰਘ ਨੰਦਗੜ੍ਹ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕੁਲਵੰਤ ਸਿੰਘ ਸੇਲਵਰਾਹਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਅਮੀ ਲਾਲ, ਖੇਤ ਮਜ਼ਦੂਰ ਸਭਾ ਦੇ ਆਗੂ ਸੁਰਜੀਤ ਸਿੰਘ ਸਰਦਾਰਗੜ੍ਹ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਹਰਵਿੰਦਰ ਸਿੰਘ ਸੇਮਾ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਜ਼ੋਰਾ ਸਿੰਘ ਨਸਰਾਲੀ ਨੇ ਕਿਹਾ ਕਿ ਬੇਸ਼ੱਕ ਮੁੱਖ ਮੰਤਰੀ ਨੇ ਮਜਦੂਰ ਜਥੇਬੰਦੀਆਂ ਨੂੰ ਮੀਟਿੰਗ ਦੇ ਦਿੱਤੀ ਗਈ ਹੈ, ਪਰ ਸਰਕਾਰੀ ਅਧਿਕਾਰੀਆਂ ਤੇ ਸਰਕਾਰ ਦਾ ਮਜ਼ਦੂਰ ਮੰਗਾਂ ਪ੍ਰਤੀ ਰਵੱਈਆ ਤਸੱਲੀਬਖ਼ਸ਼ ਨਾ ਹੋਣ ਕਾਰਨ ਮਜ਼ਦੂਰਾਂ ਨੂੰ ਚੇਤਾਵਨੀ ਰੈਲੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਹੁਣ ਵੀ ਸਰਕਾਰ ਨੇ ਮਜ਼ਦੂਰਾਂ ਨੂੰ ਅਣਗੌਲੇ ਕੀਤਾ ਗਿਆ ਤਾਂ ਮਜ਼ਦੂਰ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੇ। ਰੈਲੀ ਵਿੱਚ ਮਜ਼ਦੂਰ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਮੁੱਖ ਮੰਤਰੀ ਵੱਲੋਂ ਮੀਟਿੰਗ ਦੌਰਾਨ ਮਜ਼ਦੂਰ ਮੰਗਾਂ ਦਾ ਤਸੱਲੀਬਖ਼ਸ਼ ਨਿਬੇੜਾ ਨਾ ਕੀਤਾ ਗਿਆ ਤਾਂ ਮਾਰਚ ਦੇ ਪਹਿਲੇ ਹਫ਼ਤੇ ਮਜ਼ਦੂਰ ਜਥੇਬੰਦੀਆਂ ਪੱਕਾ ਮੋਰਚਾ ਲਾਉਣਗੀਆਂ। ਮੁੱਖ ਮੰਤਰੀ ਦੀ ਹਾਜ਼ਰੀ ਯਕੀਨੀ ਕਰਵਾਉਣ ਲਈ ਡਿਪਟੀ ਕਮਿਸਨਰ ਨੂੰ ਮੰਗ ਪੱਤਰ ਦਿੱਤਾ ਗਿਆ। ਹੋਰਨਾਂ ਤੋਂ ਇਲਾਵਾ ਪ੍ਰਿਤਪਾਲ ਸਿੰਘ ਰਾਮਪੁਰਾ, ਮੱਖਣ ਸਿੰਘ ਤਲਵੰਡੀ, ਜਗਸੀਰ ਸਿੰਘ ਮਹਿਰਾਜ, ਮਾਸਟਰ ਸੇਵਕ ਸਿੰਘ ਮਹਿਮਾ ਸਰਜਾ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਮਿਹਨਤੀ ਅਧਿਆਪਕ ਸਮੁੱਚੇ ਸਮਾਜ ਦਾ ਗਹਿਣਾ : ਪਵਨ ਕੁਮਾਰ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**
'ਮਿਹਨਤੀ ਤੇ ਪ੍ਰਤਿਭਾਸ਼ਾਲੀ ਅਧਿਆਪਕ ਸਮੁੱਚੇ ਸਮਾਜ ਅਤੇ ਮਹਿਕਮੇ ਦਾ ਕੀਮਤੀ ਗਹਿਣਾ ਹੁੰਦੇ ਹਨ। ਇਹ ਬਾਕੀ ਅਧਿਆਪਕਾਂ ਲਈ ਮਾਰਗ ਦਰਸ਼ਕ ਹੁੰਦੇ ਹਨ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐਲੀਮੈਂਟਰੀ ਸਮਾਰਟ ਸਕੂਲ ਜੀਵਨ ਨਗਰ ਬਲਬੀਰ ਬਸਤੀ ਵਿਖੇ ਸਕੂਲ ਦੀ ਹੈੱਡ ਟੀਚਰ ਨਿਰਮਲਜੀਤ ਕੌਰ ਨੂੰ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਵੱਲੋਂ ਸਨਮਾਨਤ ਕੀਤੇ ਜਾਣ ਉਪਰੰਤ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹੇ ਦੇ ਡਿਪਟੀ ਡੀ.ਈ.ਓ. (ਐਲੀ.) ਪਵਨ ਕੁਮਾਰ ਨੇ ਕੀਤਾ।
ਸਮਾਰੋਹ ਦੌਰਾਨ ਬੀ.ਪੀ.ਈ.ਓ. ਨੇ ਆਪਣੇ ਬਲਾਕ ਦੇ ਦੋਹਾਂ ਅਧਿਆਪਕਾਂ ਨੂੰ ਗਣਤੰਤਰਤਾ ਦਿਵਸ ਮੌਕੇ ਪ੍ਰਸੰਸਾ ਪੱਤਰ ਦਿੱਤੇ ਜਾਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਲਈ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਪ੍ਰਧਾਨਗੀ ਭਾਸ਼ਣ ਵਿੱਚ ਪ੍ਰਧਾਨ ਭਾਰਤੀ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਸਮਾਜ ਦੇ ਪ੍ਰਤਿਭਾਸ਼ਾਲੀ ਅਤੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਵਿਅਕਤੀਆਂ ਦੀ ਹੌਸਲਾ ਅਫ਼ਜ਼ਾਈ ਕਰਦੀ ਰਹਿੰਦੀ ਹੈ ਤਾਂ ਜੁ ਹੋਰਨਾਂ ਨੂੰ ਵੀ ਇਸ ਤੋਂ ਪ੍ਰੇਰਨਾ ਮਿਲ ਸਕੇ। ਸਮਾਰੋਹ ਦੇ ਅੰਤ ਵਿੱਚ ਪ੍ਰਿੰ. ਕ੍ਰਿਸ਼ਨ ਲਾਲ ਨੇ ਹੈੱਡ ਟੀਚਰ ਨਿਰਮਲਜੀਤ ਕੌਰ ਨੰਤ ਵਧਾਈ ਦਿੱਤੀ। ਸਮਾਰੋਹ ਦੌਰਾਨ ਨਿਰਮਲਜੀਤ ਕੌਰ ਨੂੰ ਪ੍ਰਸੰਸਾ ਪੱਤਰ ਦਿੱਤੇ ਜਾਣ ਦੀ ਖੁਸ਼ੀ ਵਿੱਚ ਉਨ੍ਹਾਂ ਨੂੰ ਹਾਰ ਪੁਆ ਕੇ ਤੇ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ। ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਵੀ ਨਿਰਮਲਜੀਤ ਕੌਰ ਨੂੰ ਉਨ੍ਹਾਂ ਦੀ ਮਾਣਮੱਤੀ ਪ੍ਰਾਪਤੀ 'ਤੇ ਵਧਾਈ ਦਿੱਤੀ ਹੈ।

## ਅਜੇ ਰਿਸ਼ੀ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਭੀਖੀ (ਧਰਮਵੀਰ ਸ਼ਰਮਾ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਭਾਰੀ ਅਰੁਣ ਨਾਰੰਗ ਸਾਬਕਾ ਵਿਧਾਇਕ, ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਨੇ ਪਾਰਟੀ ਹਾਈ ਕਮਾਂਡ ਦੇ ਹੁਕਮਾਂ ਸਦਕਾ ਅਜੇ ਰਿਸ਼ੀ ਭੀਖੀ ਨੂੰ ਭਾਰਤੀ ਜਨਤਾ ਯੁਵਾ ਮੋਰਚਾ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਭਾਜਪਾ ਆਗੂ ਅਮਰਜੀਤ ਸਿੰਘ ਕਟੋਦੀਆ, ਰਜਿੰਦਰ ਰਾਜੀ, ਰੋਹਿਤ ਬਾਂਸਲ, ਯਸ਼ਪਾਲ ਕਾਕਾ, ਲਾਭ ਸਿੰਘ ਕਲੇਰ, ਵਿਨੋਦ ਕਾਲੀ, ਸੂਬੇਦਾਰ ਭੋਲਾ ਸਿੰਘ ਹਸਨਪੁਰ, ਗੋਮਾ ਰਾਮ, ਸੁਖਚੈਨ ਸਿੰਘ, ਅਮਨਦੀਪ ਸਿੰਘ, ਗੁਰਸੇਵਕ ਸਿੰਘ, ਗਗਨਦੀਪ ਸ਼ਾਰਦਾ ਤੇ ਨਵਦੀਪ ਰਿਸ਼ੀ ਨੇ ਕਿਹਾ ਕਿ ਅਜੇ ਰਿਸ਼ੀ ਦੀ ਇਸ ਨਿਯੁਕਤੀ ਨਾਲ ਨੌਜਵਾਨਾਂ ਅੰਦਰ ਭਾਰੀ ਉਤਸ਼ਾਹ ਤੇ ਜੋਸ਼ ਪੈਦਾ ਹੋਵੇਗਾ। ਇਸ ਮੌਕੇ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਅਜੇ ਰਿਸ਼ੀ ਨੇ ਕਿਹਾ ਕਿ ਉਹ ਪਾਰਟੀ ਨੂੰ ਜ਼ਿਲ੍ਹੇ ਅੰਦਰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕਰਨਗੇ ਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਪਾਰਟੀ ਅੰਦਰ ਨਵੀਂ ਰੂਹ ਫੂਕੀ ਜਾਵੇਗੀ।

## ਕਿਸਾਨੀ ਮਸਲਿਆਂ ਨੂੰ ਲੈ ਕੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਭਲੂਰ 'ਚ ਮੀਟਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**
ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿਛਲੇ ਦਿਨੀਂ ਪਿੰਡ ਭਲੂਰ ਵਿਖੇ ਨਵੀਂ ਚੁਣੀ ਗਈ ਪਿੰਡ ਇਕਾਈ ਦੀ ਮੀਟਿੰਗ ਬਲਾਕ ਪ੍ਰਧਾਨ ਅਜਮੇਰ ਸਿੰਘ ਛੋਟਾਘਰ ਦੀ ਅਗਵਾਈ ਹੇਠ ਤੇ ਪਿੰਡ ਇਕਾਈ ਪ੍ਰਧਾਨ ਵੱਸਣ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਆਗੂ ਬਲਕਰਨ ਸਿੰਘ ਵੈਰੋਕੇ, ਬਲਾਕ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਜਥੇਬੰਦੀ ਕਿਸਾਨੀ ਮਸਲਿਆਂ ਉੱਪਰ ਜ਼ਿਆਦਾ ਕੇਂਦਰਿਤ ਰਹਿੰਦੀ ਹੈ, ਸਾਡੀਆਂ ਮੰਗਾਂ ਜਿਵੇਂ ਪਾਣੀ ਨੂੰ ਲੈ ਕੇ ਸੰਘਰਸ਼ ਲੜਿਆ ਜਾ ਰਿਹਾ ਹੈ, ਹਰੇਕ ਕਿਸਾਨ ਦੇ ਖੇਤ ਤੱਕ ਨਹਿਰੀ ਪਾਣੀ ਪਹੁੰਚਦਾ ਕਰਵਾਉਣਾ, ਸਾਰਾ ਸਾਲ ਨਹਿਰਾਂ 'ਚ ਪਾਣੀ ਚਲਦਾ ਰੱਖਣਾ, ਸਿਰਫ਼ ਸਫਾਈ ਦੌਰਾਨ ਹੀ ਨਹਿਰੀ ਬੰਦੀ ਹੋਵੇ, ਹਰੇਕ ਮੋਘੇ ਉੱਪਰ ਰਿਚਾਰਜ ਪੁਆਇੰਟ ਸਥਾਪਤ ਕਰਨੇ, ਦਰਿਆਵਾਂ ਦੇ ਪ੍ਰਦੂਸ਼ਿਤ ਹੋ ਰਹੇ ਪਾਣੀ ਨੂੰ ਬਚਾਉਣਾ, ਕਿਸਾਨ ਕਰਜ਼ ਮੁਆਫ਼ੀ 'ਤੇ ਪੂਰਨ ਤੌਰ 'ਤੇ ਲਕੀਰ ਮਾਰਨੀ, ਬਰਸਾਤਾਂ, ਗੜੇਮਾਰੀ, ਅੱਗ ਲੱਗਣ ਕਾਰਨ ਨੁਕਸਾਨੀਆਂ ਗਈਆਂ ਫਸਲਾਂ ਲਈ ਮੁਆਵਜ਼ੇ ਦੀ ਮੰਗ, 60 ਸਾਲ ਤੋਂ ਉੱਪਰ ਹੋ ਚੁੱਕੇ ਕਿਸਾਨਾਂ ਨੂੰ ਪੈਨਸ਼ਨ ਲਗਵਾਉਣ ਦੀ ਮੰਗ, ਖੇਤੀ ਮਾਡਲ ਬਦਲਣ ਲਈ ਮੰਗ ਆਦਿ ਮੰਗਾਂ 'ਤੇ ਸੰਘਰਸ਼ ਜਾਰੀ ਹੈ। ਇਸ ਦੌਰਾਨ ਔਰਤ ਵਿੰਗ ਦੇ ਜ਼ਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇ ਖੁਰਦ ਤੇ ਬਲਾਕ ਆਗੂ ਜਸਵੀਰ ਸਿੰਘ ਮਾਹਲਾ ਨੇ ਵੀ ਪਿੰਡ ਭਲੂਰ ਦੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਕਾਰਕੁਨਾਂ ਨੂੰ ਜਥੇਬੰਦੀ ਦੇ ਅਸੂਲਾਂ ਮੁਤਾਬਿਕ ਜਥੇਬੰਦੀ ਵਿੱਚ ਵਿਚਰਨ ਲਈ ਕਿਹਾ ਅਤੇ ਜਥੇਬੰਦੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਵੱਡੇ ਸੰਘਰਸ਼ਾਂ, ਕਾਰਜਾਂ ਬਾਰੇ ਦੱਸਿਆ। ਇਸ ਦੌਰਾਨ ਬਲਾਕ ਆਗੂ ਬਲਵਿੰਦਰ ਸਿੰਘ, ਚਰਨਜੀਤ ਸਿੰਘ ਛੋਟਾਘਰ, ਗੁਰਸੇਵਕ ਸਿੰਘ ਭਲੂਰ, ਰਾਮ ਸਿੰਘ ਮਾਹਲਾ, ਜਸਕਰਨ ਮੀਤ ਪ੍ਰਧਾਨ, ਗੁਰਮੇਲ ਤੇ ਅਕਾਸ਼ਦੀਪ ਸਿੰਘ ਹਾਜ਼ਰ ਸਨ।

## ਅਨਾਜ ਮੰਡੀ 'ਚੋਂ ਮੋਟਰਸਾਈਕਲ ਚੋਰੀ

**ਬਰੇਟਾ (ਰੀਤਵਾਲ)**-ਸਥਾਨਕ ਸ਼ਾਲੀਮਾਰ ਸਵੀਟਸ ਵਾਲੀ ਅਨਾਜ ਮੰਡੀ ਵਿੱਚੋਂ ਮੋਟਰਸਾਈਕਲ ਚੋਰੀ ਹੋਣ ਦਾ ਸਾਹਮਣੇ ਆਇਆ ਹੈ। ਇਸ ਸਬੰਧੀ ਪੀੜਤ ਵਿਅਕਤੀ ਵਨੀਸ਼ ਕੁਮਾਰ ਕਾਲੂ ਨੇ ਦੱਸਿਆ ਕਿ ਹਰ ਰੋਜ਼ ਦੀ ਤਰ੍ਹਾਂ ਜਦ ਮੈਂ ਬੁੱਧਵਾਰ ਦੀ ਸ਼ਾਮ ਨੂੰ ਆਪਣਾ ਮੋਟਰਸਾਈਕਲ ਅਨਾਜ ਮੰਡੀ 'ਚ ਖੜਾ ਕੇ ਆਪਣੀ ਦੁਕਾਨ 'ਤੇ ਗਿਆ ਤਾਂ ਕੁਝ ਸਮੇਂ ਬਾਅਦ ਦੇਖਿਆ ਤਾਂ ਉਸ ਥਾਂ ਤੋਂ ਮੇਰਾ ਮੋਟਰਸਾਈਕਲ ਗਾਇਬ ਸੀ, ਜਿਸ ਦੀ ਮੈਂ ਨਾਲ ਲੱਗਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇਖੀ ਤਾਂ ਇੱਕ ਨੌਜਵਾਨ, ਜਿਸ ਨੇ ਮੂੰਹ ਸਿਰ ਲਪੇਟਿਆ ਹੋਇਆ ਸੀ, ਮੇਰਾ ਮੋਟਰਸਾਈਕਲ ਲੈ ਕੇ ਰਫੂ ਚੱਕਰ ਹੁੰਦਾ ਦਿਖਾਈ ਦੇ ਰਿਹਾ ਹੈ, ਜਿਸ ਦੀ ਮੈਂ ਤੁਰੰਤ ਸੂਚਨਾ ਬਰੇਟਾ ਥਾਣਾ 'ਚ ਦਿੱਤੀ। ਇਸ ਸੰਬੰਧੀ ਪੁਲਸ ਦਾ ਕਹਿਣਾ ਹੈ ਕਿ ਪੁਲਸ ਨਜ਼ਦੀਕ ਲੱਗੇ ਕੈਮਰਿਆਂ ਦੀ ਫੁਟੇਜ ਨੂੰ ਚੈੱਕ ਕਰ ਰਹੀ ਹੈ, ਜਲਦ ਹੀ ਚੋਰ ਸਲਾਖਾਂ ਪਿੱਛੇ ਹੋਣਗੇ।

## ਡਾ. ਹਰਜਿੰਦਰ ਸਿੰਘ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਲੌਂਗੋਵਾਲ ਦਾ 14ਵਾਂ ਚੋਣ ਅਜਲਾਸ ਲੌਂਗੋਵਾਲ ਵਿਖੇ ਹੋਇਆ। ਇਹ ਚੋਣ ਅਜਲਾਸ ਸੂਬਾ ਕਮੇਟੀ ਮੈਂਬਰ ਡਾ. ਧਰਮਪਾਲ, ਜ਼ਿਲ੍ਹਾ ਪ੍ਰਧਾਨ ਡਾ. ਅਨਵਰ ਭਸੌੜ, ਜ਼ਿਲ੍ਹਾ ਸਕੱਤਰ ਡਾ. ਹਰਮੇਸ਼ ਸਿੰਘ ਕਾਲੀਆ, ਖਜ਼ਾਨਚੀ ਡਾ. ਜਸਵੰਤ ਸਿੰਘ ਤੇ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਧਾਨ ਡਾ. ਬਲਜਿੰਦਰ ਸਿੰਘ ਦੀ ਦੇਖ-ਰੇਖ ਹੇਠ ਹੋਇਆ। ਇਸ ਦੌਰਾਨ ਬਲਾਕ ਪ੍ਰਧਾਨ ਡਾ. ਹਰਜਿੰਦਰ ਸਿੰਘ ਤੇ ਖਜ਼ਾਨਚੀ ਰਮੇਸ਼ ਚੰਦ ਸ਼ੇਰੋਂ ਨੇ ਪਿਛਲੇ ਸਾਲ ਦੀ ਕਾਰਗੁਜ਼ਾਰੀ ਤੇ ਲੇਖਾ-ਜੋਖਾ ਪੇਸ਼ ਕੀਤਾ ਤੇ ਸਰਬਸੰਮਤੀ ਨਾਲ ਬਲਾਕ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਡਾ. ਹਰਜਿੰਦਰ ਸਿੰਘ, ਸੀਨੀ. ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਝਾੜੋਂ, ਸਕੱਤਰ ਗੁਰਪ੍ਰੀਤ ਸਿੰਘ ਸ਼ੇਰੋਂ, ਚੇਅਰਮੈਨ ਮੇਜਰ ਸਿੰਘ, ਖਜ਼ਾਨਚੀ ਰਮੇਸ਼ ਚੰਦ ਸ਼ੇਰੋਂ, ਵਾਈਸ ਚੇਅਰਮੈਨ ਰਮੇਸ਼ ਲੌਂਗੋਵਾਲ, ਪ੍ਰੈੱਸ ਸਕੱਤਰ ਅਮਰੀਕ ਸਿੰਘ ਤੇ ਜੁਆਇੰਟ ਕੈਸ਼ੀਅਰ ਚੰਚਲ ਸਿੰਘ ਨੂੰ ਚੁਣਿਆ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਐੱਸ.ਐੱਚ.ਓ. ਲੌਂਗੋਵਾਲ ਸ੍. ਹਰਚੇਤਨ ਸਿੰਘ ਤੇ ਸੀਨੀਅਰ ਪ੍ਰੈੱਸ ਕਲੱਬ ਲੌਂਗੋਵਾਲ ਦੇ ਪ੍ਰਧਾਨ ਦੇਵਿੰਦਰ ਵਸ਼ਿਸ਼ਟ ਤੇ ਜਨਰਲ ਸਕੱਤਰ ਵਿਨੋਦ ਸ਼ਰਮਾ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਕਮੇਟੀ ਮੈਂਬਰ ਡਾ. ਜਰਨੈਲ ਸਿੰਘ, ਹਰਮੇਸ਼ ਸਿੰਘ ਤੋਗਾਵਾਲ, ਡਾ. ਉਸਮਾਨ ਖਾਨ, ਡਾ. ਜਤਿੰਦਰ ਖਨੌਰੀ, ਦਲੇਰ ਸਿੰਘ ਮੰਡਵੀ, ਜਸਵੀਰ ਸਿੰਘ ਦਿੜ੍ਹਬਾ ਤੇ ਰੁਪਿੰਦਰ ਸਿੰਘ ਦਿੜ੍ਹਬਾ ਹਾਜ਼ਰ ਸਨ। ਇਸ ਮੌਕੇ ਜੈਨ ਹਾਰਟ ਸੈਂਟਰ ਸੰਗਰੂਰ ਦੇ ਡਾ. ਜੀਤੇਸ਼ ਜੈਨ ਵੱਲੋਂ ਦਿਲ ਦੀਆਂ ਬਿਮਾਰੀਆਂ ਪ੍ਰਤੀ ਜਾਗਰੂਕਤਾ ਕੈਂਪ ਲਾਇਆ ਗਿਆ।

## ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**
ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਮੇਨ ਵਾਟਰ ਵਰਕਸ ਵਿਖੇ ਸਥਿਤ ਪੈਨਸ਼ਨਰ ਦਫ਼ਤਰ ਵਿਖੇ ਜਥੇਬੰਦੀ ਦੇ ਪ੍ਰਧਾਨ ਗੁਰਬਚਨ ਸਿੰਘ ਤੇ ਜਨਰਲ ਸਕੱਤਰ ਮੁਖਤਿਆਰ ਸਿੰਘ ਬੇਦੀ ਦੀ ਅਗਵਾਈ ਹੇਠ ਹੋਈ। ਇਸ ਸਬੰਧੀ ਆਗੂ ਚਿੰਤ ਰਾਮ ਨਾਹਰ, ਕਿਰਪਾਲ ਸਿੰਘ, ਹਰਭਜਨ ਸਿੰਘ ਸੰਧੂ, ਜਸਵਿੰਦਰ ਸਿੰਘ ਫੱਤਣਵਾਲਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਦਿੱਤੇ ਹਨ ਅਤੇ ਇਸ ਵਿਭਾਗ ਵਿੱਚ ਨੌਕਰੀ ਕਰਕੇ ਰਿਟਾਇਰਡ ਹੋਏ ਹਨ, ਪਰ ਸਮੇਂ ਦੀਆਂ ਸਰਕਾਰਾਂ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ। ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਮਹੀਨਾ 1-1-2016 ਤੋਂ ਬਾਅਦ ਰਿਟਾਇਰ ਹੋਏ ਕ੍ਰਮਚਾਰੀਆਂ ਦੀ ਰਿਵਾਇਜ ਪੈਨਸ਼ਨ ਦੇ ਮੁਤਾਬਕ ਛੁੱਟੀਆਂ ਦੇ ਬਣਦੇ ਪੈਸੇ ਦਿੱਤੇ ਜਾਣ। ਹਾਈਕੋਰਟ ਦੇ ਹੁਕਮਾਂ ਮੁਤਾਬਕ 113% ਤੋਂ 119% ਡੀ ਏ ਜਾਰੀ ਕਰਨ ਦੇ ਫੈਸਲੇ ਨੂੰ ਤੁਰੰਤ ਲਾਗੂ ਕੀਤਾ ਜਾਵੇ। ਰਿਟਾਇਰਡ ਕ੍ਰਮਚਾਰੀਆਂ ਦੇ ਮੈਡੀਕਲ ਦੇ ਬਿੱਲ ਵੀ ਕਲੀਅਰ ਕੀਤੇ ਜਾਣ। ਵਿਭਾਗ ਵਿੱਚ ਕੰਮ ਕਰਦੇ ਵਰਕਰਾਂ ਨੂੰ ਵਿਭਾਗ ਵਿਚ ਲਿਆ ਕੇ ਰੈਗੂਲਰ ਕੀਤਾ ਜਾਵੇ। ਵਿਭਾਗ ਦੇ ਹੋ ਰਹੇ ਪੰਚਾਇਤੀ ਕਰਨ ਤੇ ਨਿੱਜੀਕਰਨ ਨੂੰ ਬੰਦ ਕੀਤਾ ਜਾਵੇ। ਇਸ ਮੌਕੇ ਜੰਗੀਰ ਸਿੰਘ ਬਰਾੜ, ਹਰਭਜਨ ਸਿੰਘ ਮੱਕੜ, ਰੁਕਮਨਦਾਸ, ਹਰਮੰਦਰ ਸਿੰਘ, ਸ਼ਾਮ ਲਾਲ, ਮੇਵਾ ਸਿੰਘ, ਨਰਿੰਦਰ ਕੁਮਾਰ, ਧੰਨਾ ਸਿੰਘ, ਬਲਵੀਰ ਸਿੰਘ, ਰਾਮ ਰਤਨ, ਅੰਗਰੇਜ ਸਿੰਘ ਤੇ ਦਰਸ਼ਨ ਸਿੰਘ ਕਪੂਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਹੋਏ।

## ਹੋਲੀ ਹਾਰਟ ਸਕੂਲ ਵਿਖੇ ਸਾਇੰਸ ਮੇਲਾ ਲਗਾਇਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਚੇਅਰਮੈਨ ਸੁਭਾਸ਼ ਪਲਤਾ ਦੀ ਅਗਵਾਈ ਹੇਠ ਸਾਇੰਸ ਮੇਲਾ ਲਗਾਇਆ ਗਿਆ। ਮੇਲੇ ਵਿੱਚ ਬੱਚਿਆਂ 'ਚ ਗੁਣਾਤਮਕ ਸਿੱਖਿਆ 'ਚ ਵਾਧਾ ਕਰਨ ਲਈ ਸਾਇੰਸ ਵਿਸ਼ੇ ਦੇ ਅਧਿਆਪਕ ਕਵਿਤਾ ਸਿੰਗਲਾ ਤੇ ਰਮਿੰਦਰ ਸਿੰਘ ਦੀ ਅਗਵਾਈ ਵਿੱਚ ਸਕੂਲ ਦੇ ਬੱਚਿਆਂ ਵੱਲੋਂ ਖ਼ੂਬਸੂਰਤ ਵਿਗਿਆਨਕ ਕਿਰਿਆ ਦੇ ਮਾਡਲ ਬਣਾ ਕੇ ਮੇਲੇ ਦੀ ਰੌਣਕ ਵਧਾਈ ਗਈ। ਇਸ ਮੇਲੇ ਵਿੱਚ ਸਕੂਲ ਦੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਬੱਚਿਆਂ ਦੁਆਰਾ ਬਣਾਏ ਗਏ ਵਿਗਿਆਨਕ ਕਿਰਿਆਵਾਂ ਦੇ ਮਾਡਲਾਂ ਦਾ ਜਾਇਜ਼ਾ ਲਿਆ। ਪ੍ਰਿੰਸੀਪਲ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੇ ਤਕਨੀਕੀ ਯੁੱਗ ਦੇ ਅਨੁਸਾਰ ਬੱਚਿਆਂ ਨੂੰ ਸਾਇੰਸ ਵਿਸ਼ੇ ਬਾਰੇ ਬਹੁਤ ਜ਼ਿਆਦਾ ਜਾਣਕਾਰੀ ਹੋਣੀ ਜ਼ਰੂਰੀ ਹੈ ਤਾਂ ਹੀ ਅਸੀਂ ਸਮੇਂ ਦੇ ਹਾਣੀ ਬਣ ਸਕਦੇ ਹਾਂ। ਸਾਡੇ ਦੇਸ਼ ਦੇ ਵਿਗਿਆਨੀਆਂ ਵੱਲੋਂ ਵੱਖ ਵੱਖ ਕਾਢਾਂ ਕੱਢ ਕੇ ਦੇਸ਼ ਨੂੰ ਤਰੱਕੀ ਦੇ ਰਾਹਾਂ 'ਤੇ ਲੈ ਕੇ ਗਏ ਹਾਂ। ਅਸੀਂ ਸਾਡੇ ਦੇਸ਼ ਦੇ ਰਾਸ਼ਟਰਪਤੀ ਏਪੀਜੇ ਅਬਦੁਲ ਕਲਾਮ ਨੂੰ ਭੁੱਲ ਨਹੀਂ ਸਕਦੇ, ਜਿਨ੍ਹਾਂ ਨੂੰ ਮਿਜ਼ਾਈਲ ਮੈਨ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਬੱਚਿਆਂ ਵੱਲੋਂ ਬਣਾਏ ਗਏ ਮਾਡਲਾਂ ਦੀ ਪ੍ਰਸੰਸਾ ਵੀ ਕੀਤੀ। ਸਕੂਲ ਚੇਅਰਮੈਨ ਸੁਭਾਸ਼ ਪਲਤਾ ਨੇ ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸ਼ਾਂ ਤੇ ਵਹਿਮਾਂ-ਭਰਮਾਂ ਦਾ ਤਿਆਗ ਕਰਕੇ ਵਿਗਿਆਨਕ ਸੋਚ ਅਪਣਾਉਣ ਦੀ ਸਿੱਖਿਆ ਵੀ ਦਿੱਤੀ। ਉਨ੍ਹਾ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਕਿਰਿਆਵਾਂ 'ਤੇ ਅਧਾਰਤ ਸਿੱਖਿਆ ਪ੍ਰਦਾਨ ਕਰਨ ਲਈ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਹਨ, ਜਿਨ੍ਹਾਂ ਨਾਲ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਹੋਰ ਵੀ ਉੱਚਾ ਹੋਇਆ ਹੈ।

## ਬੀ ਕੇ ਯੂ ਏਕਤਾ ਡਕੌਂਦਾ ਦੇ ਸੀਨੀਅਰ ਆਗੂਆਂ ਨੂੰ ਬਰਖਾਸਤ ਕਰਨ ਦੀ ਸਖ਼ਤ ਨਿੰਦਾ

- ਵੱਡੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕੀਤਾ



**ਸੰਗਰੂਰ (ਪ੍ਰਵੀਨ ਸਿੰਘ)**
ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਤੇ ਕੁੱਝ ਹੋਰ ਆਗੂਆਂ ਵੱਲੋਂ ਸੀਨੀਅਰ ਸੂਬਾ ਆਗੂਆਂ ਨੂੰ ਜਥੇਬੰਦੀ ਵਿੱਚੋਂ ਬਾਹਰ ਕਰਨ ਦੇ ਅਸਲ ਕਾਰਨਾਂ ਉੱਪਰ ਵਿਚਾਰ ਕਰਨ ਲਈ ਜ਼ਿਲ੍ਹਾ ਪੱਧਰੀ ਮੀਟਿੰਗ ਮਸਤੂਆਣਾ ਸਾਹਿਬ ਵਿਖੇ ਸੁਖਦੇਵ ਸਿੰਘ ਬਾਲਦ ਕਲਾਂ ਦੀ ਪ੍ਰਧਾਨਗੀ ਹੇਠ ਹੋਈ। ਇਹ ਵੱਡੀ ਮੀਟਿੰਗ ਜ਼ਿਲ੍ਹਾ ਪੱਧਰੀ ਰੈਲੀ/ਕਨਵੈਨਸ਼ਨ ਦਾ ਰੂਪ ਧਾਰਨ ਕਰ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਆਗੂਆਂ ਮਨਜੀਤ ਸਿੰਘ ਧਨੇਰ, ਬਲਵੰਤ ਸਿੰਘ ਉੱਪਲੀ, ਸਾਹਿਬ ਸਿੰਘ ਬਡਬਰ, ਸੁਖਦੇਵ ਸਿੰਘ ਬਾਲਦ ਕਲਾਂ, ਕਰਮਜੀਤ ਸਿੰਘ ਛੰਨਾ, ਸੰਤ ਰਾਮ ਸਿੰਘ ਛਾਜਲੀ ਨੇ ਵਿਸਥਾਰ ਸਹਿਤ ਗੱਲ ਰੱਖਦਿਆਂ ਕਿਹਾ ਕਿ ਸੂਬਾ ਲੀਡਰਸ਼ਿਪ ਦੇ ਇੱਕ ਗੁੱਟ ਵੱਲੋਂ ਫੁੱਟ-ਪਾਊ, ਗੈਰ-ਸੰਵਿਧਾਨਕ, ਗੈਰ-ਜਥੇਬੰਦਕ, ਗੁੱਟਬੰਦਕ ਅਮਲ ਰਾਹੀਂ 2 ਫਰਵਰੀ ਦੀ ਸੂਬਾਈ ਮੀਟਿੰਗ ਵਿੱਚ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੂੰ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਸੀ। ਇਸੇ ਹੀ ਤਰ੍ਹਾਂ ਬਠਿੰਡਾ ਜ਼ਿਲ੍ਹੇ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਜੇਠੂਕੇ, ਬਰਨਾਲਾ ਜ਼ਿਲ੍ਹੇ ਦੇ ਜਥੇਬੰਦਕ ਸਕੱਤਰ ਸਾਹਿਬ ਸਿੰਘ ਬਡਬਰ, ਬਲਾਕ ਬਰਨਾਲਾ ਦੇ ਜਨਰਲ ਸਕੱਤਰ ਬਾਬੂ ਸਿੰਘ ਖੁੱਡੀ ਕਲਾਂ ਨੂੰ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਸੀ।
ਬੂਟਾ ਸਿੰਘ ਬੁਰਜਗਿੱਲ ਦੇ ਗੁੱਟ ਵੱਲੋਂ ਅਜਿਹੇ ਹੋਛੇ ਹੱਥਕੰਡਿਆਂ ਬਾਰੇ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਤਿੰਨ ਖੇਤੀ ਬਾੜੀ ਵਿਰੋਧੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਜਥੇਬੰਦੀ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ ਤੇ ਗੁਰਮੀਤ ਸਿੰਘ ਭੱਟੀਵਾਲ ਵੱਲੋਂ ਕੇਂਦਰੀ ਏਜੰਸੀਆਂ ਤੇ ਸਰਕਾਰ ਨਾਲ ਮਿਲ ਕੇ ਘੋਲ ਨੂੰ ਹਰਜਾ ਪਹੁੰਚਾਉਣ ਲਈ ਕੀਤੀਆਂ ਕਾਰਵਾਈਆਂ ਖਿਲਾਫ 6 ਦਸੰਬਰ 2022 ਨੂੰ ਐੱਸ ਕੇ ਐੱਮ ਦੀ ਪੜਤਾਲੀਆ ਕਮੇਟੀ ਵੱਲੋਂ ਜਾਰੀ ਕੀਤੇ ਨੋਟਿਸ ਉੱਪਰ ਵਿਚਾਰ ਕਰਨ ਤੋਂ ਭਗੌੜੀ ਹੋ ਗਈ ਸੀ। ਬੂਟਾ ਸਿੰਘ ਬੁਰਜਗਿੱਲ, ਜਗਮੋਹਨ ਸਿੰਘ ਪਟਿਆਲਾ ਤੇ ਗੁਰਮੀਤ ਸਿੰਘ ਭੱਟੀਵਾਲ ਦੀਆਂ ਫੁੱਟ ਪਾਊ, ਗੈਰਸੰਵਿਧਾਨਕ ਕਾਰਵਾਈਆਂ ਨੂੰ ਵਿਚਾਰਨ ਲਈ ਜਲਦ ਹੀ ਜਥੇਬੰਦੀ ਦੀ ਸੰਵਿਧਾਨਕ ਮਰਿਆਦਾ ਅਨੁਸਾਰ ਉੱਚਤਮ ਅਦਾਰੇ ਜਨਰਲ ਕੌਂਸਲ ਬੁਲਾਈ ਗਈ ਹੈ। ਇਹ ਜਨਰਲ ਕੌਂਸਲ ਮਨਜੀਤ ਧਨੇਰ, ਗੁਰਦੀਪ ਰਾਮਪੁਰਾ, ਬਲਵੰਤ ਉੱਪਲੀ, ਕਿਸਨਗੜ੍ਹ ਅਤੇ ਹੋਰ ਸੂਬਾਈ ਆਗੂਆਂ ਦੀ ਅਗਵਾਈ ਹੇਠ ਹੋਵੇਗੀ। ਆਗੂਆਂ ਨੇ ਬੀਕੇਯੂ ਏਕਤਾ ਡਕੌਂਦਾ ਜ਼ਿਲ੍ਹਾ ਸੰਗਰੂਰ ਦੇ ਜਨਰਲ ਕੌਂਸਲ ਮੈਂਬਰਾਂ ਨੂੰ ਆਪਣੀ ਜਥੇਬੰਦੀ ਨੂੰ ਹੋਰ ਵੱਧ ਮਜ਼ਬੂਤ ਕਰਨ ਲਈ ਸ਼ਾਮਲ ਹੋਣ ਦੀ ਅਪੀਲ ਕੀਤੀ।

## ਕਿਸਾਨਾਂ ਨੂੰ ਮਿੱਟੀ ਪਰਖ ਲਈ ਕੈਂਪ ਲਾ ਕੇ ਕੀਤਾ ਉਤਸ਼ਾਹਤ

- ਕਿਸਾਨ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ : ਡਾ. ਬਲਵਿੰਦਰ ਸਿੰਘ




ਕਿਸਾਨਾਂ ਨੂੰ ਜਾਣਕਾਰੀ ਦਿੰਦੇ ਹੋਏ ਖੇਤੀਬਾੜੀ ਵਿਭਾਗ ਦੇ ਅਧਿਕਾਰੀ।

**ਮੱਖੂ (ਰਛਪਾਲ ਸਿੰਘ ਸੰਧੂ)**
ਮੁੱਖ ਖੇਤੀਬਾੜੀ ਅਫਸਰ ਫਿਰੋਜ਼ਪੁਰ ਡਾ. ਤੇਜਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਤੀਬਾੜੀ ਦਫਤਰ ਬਲਾਕ ਮੱਖੂ ਦੇ ਪਿੰਡ ਤਲਵੰਡੀ ਨਿਪਾਲਾਂ ਵਿਖੇ ਡਾ. ਬਲਵਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਮੱਖੂ ਦੀ ਅਗਵਾਈ ਹੇਠ ਕਿਸਾਨਾਂ ਨੂੰ ਮਿੱਟੀ ਪਰਖ ਦੀ ਮਹੱਤਤਾ ਦਰਸਾਉਣ ਲਈ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿੱਚ ਡਾ. ਵਿਜੇ ਕੁਮਾਰ ਭੌਂ-ਪਰਖ ਅਫਸਰ ਫਿਰੋਜ਼ਪੁਰ ਖੇਤਾਂ ਵਿੱਚੋਂ ਮਿੱਟੀ ਦਾ ਸੈਂਪਲ ਲੈਣ ਦੇ ਢੰਗ ਬਾਰੇ ਡਾ. ਪਵਨਦੀਪ ਕੌਰ ਖੇਤੀਬਾੜੀ ਵਿਕਾਸ ਅਫਸਰ ਜ਼ੀਰਾ ਵੱਲੋਂ ਖੇਤਾਂ ਦੀ ਮਿੱਟੀ ਪਰਖ ਕਰਵਾਉਣ ਦੀ ਮਹੱਤਤਾ ਬਾਰੇ, ਡਾ. ਬਚਿੱਤਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਮੱਖੂ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਬਾਰੇ, ਸਿਮਰਪਾਲ ਸਿੰਘ ਬਲਾਕ ਟੈਕਨਾਲੋਜੀ ਮੈਨੇਜਰ ਮੁੱਖ ਵੱਲੋਂ ਸਹਾਇਕ ਕਿੱਤਿਆਂ ਦੀ ਜਾਣਕਾਰੀ ਤੇ ਮਨੀਸ਼ ਕੁਮਾਰ ਸਹਾਇਕ ਟੈਕਨਾਲੋਜੀ ਮੈਨੇਜਰ ਵੱਲੋਂ ਕਿਸਾਨਾਂ ਨੂੰ ਪੀ ਐੱਮ ਕਿਸਾਨ ਸਨਮਾਨ ਨਿਧੀ ਅਧੀਨ ਈਕੇਵੀਸੀ ਕਰਵਾਉਣ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਡਾ. ਬਲਵਿੰਦਰ ਸਿੰਘ ਵੱਲੋਂ ਵਿਭਾਗ ਵੱਲੋਂ ਕਿਸਾਨਾਂ ਦੀ ਭਲਾਈ ਲਈ ਚੱਲ ਰਹੀਆਂ ਵੱਖ ਵੱਖ ਸਕੀਮਾਂ ਜਿਵੇਂ ਕਿ ਸੀ ਆਰ ਐੱਮ ਤੇ ਸੀਡੀਪੀ ਸਕੀਮ ਅਧੀਨ ਸੰਦਾਂ 'ਤੇ ਸਬਸਿਡੀ ਬਾਰੇ ਅਤੇ ਮਿੱਟੀ ਪਰਖ ਦੀ ਮਹੱਤਤਾ ਪੀ ਐੱਮ ਕਿਸਾਨ ਸਨਮਾਨ ਨਿਧੀ ਬਾਰੇ, ਆਤਮਾ ਸਕੀਮ ਅਧੀਨ ਕੈਂਪ ਲਗਾਉਣ ਬਾਰੇ ਤੇ ਸੁਆਇਲ ਹੈਲਥ ਕਾਰਡ ਸਕੀਮ ਅਧੀਨ ਮਿੱਟੀ ਪਰਖ ਲਈ ਪਿੰਡ ਅਪਣਾਉਣ ਬਾਰੇ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਕਾਬਲ ਸਿੰਘ ਵਾਈਸ ਚੇਅਰਮੈਨ ਬਲਾਕ ਸੰਮਤੀ ਮੱਖੂ ਵੱਲੋਂ ਇਲਾਕੇ ਭਰ ਦੇ ਅਗਾਂਹਵਧੂ ਕਿਸਾਨ ਬਾਬਾ ਦਿਲਬਾਗ ਸਿੰਘ ਵਰਪਾਲ, ਬਾਬਾ ਬਲਕਾਰ ਸਿੰਘ ਇਲਮੇਵਾਲਾ, ਜਥੇ. ਹਰਜੀਤ ਸਿੰਘ ਨਿਜਾਮਦੀਨ ਵਾਲਾ, ਪਰਮਜੀਤ ਸਿੰਘ ਪਿੰਡ ਖੰਨਾ, ਜਗਤਾਰ ਸਿੰਘ ਪਿੰਡ ਨਿਜਾਮਦੀਨ ਵਾਲਾ, ਸਰਬਜੀਤ ਸਿੰਘ ਪਿੰਡ ਤਲਵੰਡੀ ਨਿਪਾਲਾਂ, ਤਰਸੇਮ ਸਿੰਘ ਨੰਬਰਦਾਰ, ਕੁਲਵਿੰਦਰ ਸਿੰਘ ਪ੍ਰਧਾਨ, ਲਖਵਿੰਦਰ ਸਿੰਘ ਵਾਹੀ ਵੱਲੋਂ ਵਡਮੁੱਲੀ ਜਾਣਕਾਰੀ ਲਈ ਖੇਤੀਬਾੜੀ ਵਿਭਾਗ ਦਾ ਧੰਨਵਾਦ ਕੀਤਾ ਗਿਆ।

# ਪੁਲਸ/ਬੀ ਐੱਸ ਐੱਫ ਵੱਲੋਂ 3 ਕਿਲੋ ਹੈਰੋਇਨ ਤੇ ਪਿਸਤੌਲ ਬਰਾਮਦ

## ਪਾਕਿ-ਅਧਾਰਤ ਤਸਕਰਾਂ ਵੱਲੋਂ ਡਰੋਨ ਜ਼ਰੀਏ ਭੇਜੀ ਗਈ ਸੀ ਖੇਪ : ਡੀ ਜੀ ਪੀ ਯਾਦਵ



**ਪੱਟੀ, ਭਿੱਖੀਵਿੰਡ, ਖਾਲੜਾ, ਵਲਟੋਹਾ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ, ਲਖਵਿੰਦਰ ਗੋਲਣ, ਰਣਬੀਰ ਗੋਲਣ, ਰਣਜੀਤ ਵਲਟੋਹਾ)**-ਸਰਹੱਦ ਪਾਰੋਂ ਤਸਕਰੀ ਸਬੰਧੀ ਵੱਡੀ ਸਫ਼ਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਨੇ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਤਰਨਤਾਰਨ ਦੇ ਸਰਹੱਦੀ ਪਿੰਡ ਮੀਆਂਵਾਲ ਤੋਂ ਪਾਰਸਲ ਜਿਸ ਵਿੱਚ 3 ਕਿਲੋਗ੍ਰਾਮ ਹੈਰੋਇਨ, ਪੰਜ ਜ਼ਿੰਦਾ ਕਾਰਤੂਸ ਅਤੇ ਮੈਗਜ਼ੀਨ ਸਮੇਤ 0.30 ਬੋਰ ਦਾ ਪਿਸਤੌਲ ਸੀ, ਬਰਾਮਦ ਕੀਤਾ। ਇਸ ਖੇਪ ਨੂੰ ਪਾਕਿਸਤਾਨ ਅਧਾਰਤ ਤਸਕਰਾਂ ਨੇ ਸਰਹੱਦ ਪਾਰ ਤੋਂ ਡਰੋਨ ਰਾਹੀਂ ਭੇਜਿਆ ਸੀ। ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਵੀਰਵਾਰ ਅਤੇ ਸ਼ੁੱਕਰਵਾਰ ਦੀ ਦਰਮਿਆਨੀ ਰਾਤ ਨੂੰ ਖੇਮਕਰਨ ਖੇਤਰ ਵਿੱਚ ਭਾਰਤ-ਪਾਕਿ ਸਰਹੱਦ ਨੇੜੇ ਡਰੋਨ ਬਾਰੇ ਇੱਕ ਨਾਗਰਿਕ ਵੱਲੋਂ ਸੂਚਨਾ ਦਿੱਤੀ ਗਈ ਸੀ, ਜਿਸ 'ਤੇ ਕਾਰਵਾਈ ਕਰਦਿਆਂ ਤਰਨਤਾਰਨ ਜ਼ਿਲ੍ਹੇ ਦੀਆਂ ਪੁਲਸ ਟੀਮਾਂ ਨੇ ਤੁਰੰਤ ਬੀਐੱਸਐੱਫ. ਨਾਲ ਸੂਚਨਾ ਸਾਂਝੀ ਕੀਤੀ ਅਤੇ ਆਪਸੀ ਸਹਿਯੋਗ ਨਾਲ ਭਾਰਤ-ਪਾਕਿ ਸਰਹੱਦ ਤੋਂ 1 ਕਿਲੋਮੀਟਰ ਦੇ ਘੇਰੇ ਅੰਦਰ ਸਥਿਤ ਖੇਤਰ 'ਚ ਤਲਾਸ਼ੀ ਮੁਹਿੰਮ ਚਲਾਈ।

ਉਨ੍ਹਾਂ ਕਿਹਾ ਕਿ ਆਲੇ-ਦੁਆਲੇ ਦੇ ਖੇਤਾਂ ਦੀ ਡੂੰਘਾਈ ਨਾਲ ਜਾਂਚ ਦੌਰਾਨ ਪੁਲਸ ਅਤੇ ਬੀਐੱਸਐੱਫ ਦੀਆਂ ਟੀਮਾਂ ਨੇ ਮੀਆਂਵਾਲ ਖੇਤਰ ਤੋਂ 3 ਕਿਲੋਗ੍ਰਾਮ ਹੈਰੋਇਨ ਅਤੇ ਇੱਕ ਪਿਸਤੌਲ ਸਮੇਤ ਗੋਲੀ ਸਿੱਕੇ ਦੀ ਖੇਪ ਸਫਲਤਾਪੂਰਵਕ ਬਰਾਮਦ ਕੀਤੀ। ਜ਼ਿਕਰਯੋਗ ਹੈ ਕਿ ਇਹ ਬਰਾਮਦਗੀ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਸਰ ਦੇ ਰਾਮ ਤੀਰਥ ਰੋਡ 'ਤੇ ਵਿਸੇਸ ਨਾਕੇ ਦੌਰਾਨ 15 ਕਿਲੋਗ੍ਰਾਮ ਹੈਰੋਇਨ ਅਤੇ 8.40 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਇੱਕ ਨਾਬਾਲਗ ਨੂੰ ਗ੍ਰਿਫਤਾਰ ਕਰਨ ਤੋਂ ਇੱਕ ਦਿਨ ਬਾਅਦ ਕੀਤੀ ਗਈ। ਇਸ ਖੇਪ ਨੂੰ ਵੀ ਪਾਕਿ ਅਧਾਰਤ ਤਸਕਰਾਂ ਵੱਲੋਂ ਡਰੋਨ ਜ਼ਰੀਏ ਭੇਜਿਆ ਗਿਆ ਸੀ ਅਤੇ ਮੁਲਜ਼ਮ ਅੰਮ੍ਰਿਤਸਰ ਦੇ ਪਿੰਡ ਕੱਕੜ ਦੇ ਸਰਹੱਦੀ ਖੇਤਰ ਤੋਂ ਪਾਰਸਲ ਪ੍ਰਾਪਤ ਕਰਨ ਉਪਰੰਤ ਡਲਿਵਰੀ ਕਰਨ ਜਾ ਰਿਹਾ ਸੀ।

ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਸ ਕਪਤਾਨ (ਐੱਸਐੱਸਪੀ) ਤਰਨਤਾਰਨ ਗੁਰਮੀਤ ਚੌਹਾਨ ਨੇ ਦੱਸਿਆ ਕਿ ਡਰੋਨ ਰਾਹੀਂ ਖੇਪ ਭੇਜਣ ਵਾਲੇ ਪਾਕਿ ਸਮੱਗਲਰਾਂ ਅਤੇ ਉਨ੍ਹਾਂ ਦੇ ਭਾਰਤੀ ਸਾਥੀਆਂ ਜਿਨ੍ਹਾਂ ਨੂੰ ਇਹ ਖੇਪ ਭੇਜੀ ਗਈ ਸੀ, ਦੀ ਪਛਾਣ ਲਈ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਸਬੰਧੀ ਥਾਣਾ ਖੇਮਕਰਨ, ਤਰਨਤਾਰਨ ਵਿਖੇ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 21-ਸੀ, 23, 27-ਏ ਅਤੇ 29 ਅਤੇ ਏਅਰਕ੍ਰਾਫਟ ਐਕਟ ਦੀਆਂ ਧਾਰਾਵਾਂ 10, 11 ਅਤੇ 12 ਤਹਿਤ ਐੱਫ.ਆਈ.ਆਰ ਨੰਬਰ 8 ਮਿਤੀ 10/2/2023 ਨੂੰ ਦਰਜ ਕੀਤੀ ਗਈ।

# ਅਧਿਆਪਕਾਂ ਦੇ ਚਾਰ ਰੋਜ਼ਾ ਸੈਮੀਨਾਰ ਸਫਲਤਾਪੂਰਵਕ ਸਮਾਪਤ



**ਪਠਾਨਕੋਟ (ਦਵਿੰਦਰ ਸਿੰਘ)**-ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸ਼ ਕੁਮਾਰ ਦੀ ਯੋਗ ਅਗਵਾਈ ਵਿੱਚ ਅਤੇ ਡਾਇਟ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਦੇ ਸਹਿਯੋਗ ਨਾਲ ਡਾਇਟ ਪਠਾਨਕੋਟ ਵਿਖੇ ਜ਼ਿਲ੍ਹੇ ਦੇ ਸਮੂਹ ਸਰਕਾਰੀ ਹਾਈ ਤੇ ਸੈਕੰਡਰੀ ਸਕੂਲਾਂ ਦੇ ਮਾਸਟਰ ਕੇਡਰ ਅਧਿਆਪਕਾਂ ਦੇ ਸਾਇੰਸ, ਗਣਿਤ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿਸੇ ਦੇ ਚਾਰ ਰੋਜ਼ਾ ਸੈਮੀਨਾਰ ਅੱਜ ਸਫਲਤਾਪੂਰਵਕ ਸੰਪੰਨ ਹੋ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸ ਕੁਮਾਰ, ਡਾਇਟ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਨੇ ਦੱਸਿਆ ਕਿ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸਦ ਪੰਜਾਬ ਵੱਲੋਂ ਇਹ ਸੈਮੀਨਾਰ ਲਗਾਏ ਗਏ ਹਨ ਜਿਸ ਵਿੱਚ ਐੱਸ. ਡੀ. ਕਾਲਜ ਪਠਾਨਕੋਟ, ਪਠਾਨਕੋਟ ਕਾਲਜ ਆਫ ਐਜੂਕੇਸ਼ਨ ਅਤੇ ਸਾਈਂ ਕਾਲਜ ਆਫ ਐਜੂਕੇਸ਼ਨ ਦੇ ਪ੍ਰੋਫੈਸਰਾਂ ਵੱਲੋਂ ਅਧਿਆਪਕਾਂ ਨਾਲ ਤਨਾਅ ਪ੍ਰਬੰਧਨ, ਰਾਸ਼ਟਰੀ ਸਿੱਖਿਆ ਪਾਲਿਸੀ 2020, ਟਾਇਮ ਮੈਨੇਜਮੈਂਟ, ਬਾਲ ਮਨੋਵਿਗਿਆਨ, ਪ੍ਰਭਾਵਸ਼ਾਲੀ ਸੰਚਾਰ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ 07 ਅਤੇ 08 ਫਰਵਰੀ ਨੂੰ ਗਣਿਤ ਤੇ ਵਿਗਿਆਨ ਅਤੇ 09 ਅਤੇ 10 ਫਰਵਰੀ ਨੂੰ ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਵਿਸੇ ਨਾਲ ਸੰਬੰਧਤ ਹਾਈ ਤੇ ਸੈਕੰਡਰੀ ਅਧਿਆਪਕਾਂ ਦੀ 2 ਰੋਜ਼ਾ ਵਰਕਸ਼ਾਪ ਲਗਾਈ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਅਧਿਆਪਕ ਦੀ ਸਹੂਲਤ ਨੂੰ ਮੁੱਖ ਰੱਖਦੇ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਪਠਾਨਕੋਟ ਲਮੀਨੀ ਵਿੱਚ ਅਧਿਆਪਕਾਂ ਦੀ ਵਰਕਸ਼ਾਪ ਲਗਾਈ ਗਈ ਹੈ ਅਤੇ ਅੰਤਿਮ ਦਿਨ ਅਧਿਆਪਕਾਂ ਨਾਲ ਅੰਗਰੇਜ਼ੀ ਅਤੇ ਸਮਾਜਿਕ ਵਿਸੇ ਨਾਲ ਸੰਬੰਧਤ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਡੀਐੱਮ ਅੰਗਰੇਜ਼ੀ ਸਮੀਰ ਸ਼ਰਮਾ, ਡੀਐੱਮ ਸਾਇੰਸ ਸੰਜੀਵ ਸ਼ਰਮਾ, ਡੀਐੱਮ ਗਣਿਤ ਅਮਿਤ ਵਸ਼ਿਸ਼ਟ, ਰਮੇਸ਼ ਕੁਮਾਰ, ਚੇਤਨ ਅੱਤਰੀ, ਮੁਨੀਸ਼, ਰਿਸੋਰਸਪਰਸਨ ਸੋਹਨ ਲਾਲ ਸਾਈਂ ਕਾਲਜ ਆਫ ਐਜੂਕੇਸ਼ਨ, ਗੀਤਾਂਜਲੀ ਪਠਾਨਕੋਟ ਕਾਲਜ ਆਫ ਐਜੂਕੇਸ਼ਨ, ਨੇਹਾ ਤਿਆਗੀ ਅਤੇ ਸ਼ਵੇਤਾ ਐੱਸਡੀ ਕਾਲਜ ਆਫ ਐਜੂਕੇਸ਼ਨ, ਡਾ. ਵਿਨੋਦ ਮਹਾਜਨ, ਉਮਾ ਸ਼ਰਮਾ, ਦੀਪਿਕਾ, ਅਮਰਜੀਤ ਸਿੰਘ, ਸ਼ਵੇਤਾ, ਵੰਦਨਾ, ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈੱਲ ਬਲਕਾਰ ਅੱਤਰੀ ਆਦਿ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਵਿਖੇ ਡਾ: ਰਿਤੂ ਪ੍ਰਿੰਸੀਪਲ ਨਿਯੁਕਤ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਵਿਖੇ ਪ੍ਰਿੰਸੀਪਲ ਦੀ ਖਾਲੀ ਹੋਈ ਅਸਾਮੀ ਨੂੰ ਸੰਤ ਬਾਬਾ ਸੁਖਾ ਸਿੰਘ ਜੀ ਸਕੂਲ ਦੇ ਸ੍ਰਪਰਸਤ ਅਤੇ ਮੁਖੀ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਨੇ ਚੋਣ ਕਮੇਟੀ ਦੀ ਚੋਣ ਰਾਹੀਂ ਡਾ. ਰਿਤੂ ਦੀ ਬਤੌਰ ਪ੍ਰਿੰਸੀਪਲ ਨਿਯੁਕਤੀ ਕੀਤੀ। ਉਨ੍ਹਾਂ ਐੱਮ. ਏ . (ਇਕਨਾਮਿਕਸ), ਐੱਮਐੱਡ, ਬੀਐੱਡ, ਯੂਜੀਸੀ ਐਜੂਕੇਸ਼ਨ ਅਤੇ ਪੀਐੱਚਡੀ. ਐਜੂਕੇਸ਼ਨ ਅਤੇ ਯੂਜੀਸੀ ਐਜੂਕੇਸ਼ਨ, ਕੀਤੀ ਹੋਈ ਹੈ। ਸੋ ਪ੍ਰਿੰਸੀਪਲ ਡਾ. ਰਿਤੂ ਨੇ ਬਾਬਾ ਸੁਖਾ ਸਿੰਘ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਜੋ ਕਿ ਉਨ੍ਹਾਂ ਨੂੰ ਉਸ ਇਸ ਪਵਿੱਤਰ ਸੰਸਥਾ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਨੇ ਬਾਬਾ ਜੀ ਨੂੰ ਇਸ ਗੱਲ ਦਾ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਆਸ਼ੀਰਵਾਦ ਨਾਲ ਅਤੇ ਰਹਿਨੁਮਾਈ ਹੇਠ ਸੰਸਥਾ ਦੀ ਤੱਰਕੀ ਵਾਸਤੇ ਪੁਰਜ਼ੋਰ ਮਿਹਨਤ ਕਰਨਗੇ। ਇਸ ਮੌਕੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ, ਐਸੋਸੇਟ ਪੋਫੈਸਰ ਪਰਮਵੀਰ ਸਿੰਘ, ਸਾਬਕਾ ਐਸੋਸੇਟ ਪੋਫੈਸਰ ਜਤਿੰਦਰ ਕੁਮਾਰ ਅਰੋੜਾ ਅਤੇ ਸਾਬਕਾ ਸਰਪੰਚ ਮੋਹਨਪੁਰਾ ਅਤੇ ਕਾਲਜ ਮੈਨਜਿੰਗ ਕਮੇਟੀ ਦੇ ਮੈਂਬਰ ਜਸਵਿੰਦਰ ਸਿੰਘ, ਅਵਤਾਰ ਸਿੰਘ ਅਤੇ ਸਕੂਲ ਦੇ ਡਾਇਰੈਕਟਰ ਐੱਸ. ਕੇ. ਦੁੱਗਲ ਹਾਜ਼ਰ ਸਨ।

## ਬੀ ਕੇ ਯੂ ਏਕਤਾ ਡਕੌਂਦਾ ਦਾ ਵਫਦ ਡੀਸੀ ਤਰਨਤਾਰਨ ਨੂੰ ਮਿਲਿਆ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਬੀਤੇ ਕੱਲ੍ਹ ਬੀਕੇਯੂ ਏਕਤਾ ਡਕੌਂਦਾ ਕਿਸਾਨ ਜਥੇਬੰਦੀ ਦਾ ਵਫਦ ਜ਼ਿਲ੍ਹਾ ਪ੍ਰਧਾਨ ਨਿਰਪਾਲ ਸਿੰਘ ਜਾਉਣੇਕੇ ਦੀ ਅਗਵਾਈ ਵਿੱਚ ਡੀਸੀ ਤਰਨਤਾਰਨ ਨੂੰ ਮਿਲਿਆ ਜਿਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਬਲਕਾਰ ਸਿੰਘ ਬਿੱਟਾ ਗੰਡੀਵਿੰਡ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਵਿਭਾਗਾਂ ਦੀਆਂ ਨਾਲਾਇਕੀਆਂ ਦੇ ਵਿਰੁੱਧ ਵਿੱਚ ਲੜੇ ਗਏ ਸੰਘਰਸ਼ ਵਿੱਚ ਜਨਤਕ ਮਸਲਿਆਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਵਾਰ-ਵਾਰ ਮਸਲੇ ਹੱਲ ਕਰਨ ਦਾ ਭਰੋਸਾ ਦੇ ਕੇ ਮਸਲੇ ਹੱਲ ਨਹੀਂ ਕੀਤੇ ਗਏ ਅਤੇ ਹਰ ਵਾਰ ਵਿਸ਼ਵਾਸਘਾਤ ਕੀਤਾ ਗਿਆ ਹੈ ਜਿਸ ਦਾ ਮੁੜ ਤੋਂ ਸੰਘਰਸ਼ ਆਰੰਭ ਕਰਨ ਤੋਂ ਪਹਿਲਾਂ ਡੀਸੀ ਤਰਨਤਾਰਨ ਨੂੰ ਸਾਰੇ ਮਸਲਿਆਂ ਤੋਂ ਜਾਣੂ ਕਰਵਾਇਆ ਗਿਆ ਜਿਸ ਵਿਚ ਡੀਸੀ ਤਰਨਤਾਰਨ ਵੱਲੋਂ ਮੌਕੇ 'ਤੇ ਸਾਰੇ ਵਿਭਾਗਾਂ ਨੂੰ ਜਲਦੀ ਤੋਂ ਜਲਦੀ ਸਾਰੇ ਮਸਲੇ ਹੱਲ ਕਰਨ ਦੇ ਸਖਤ ਉਦੇਸ਼ ਦਿੱਤੇ ਗਏ। ਡੀਸੀ ਵਲੋਂ ਦਿੱਤੇ ਭਰੋਸੇ ਅਨੁਸਾਰ ਬੀਕੇਯੂ ਡਕੌਂਦਾ ਜਥੇਬੰਦੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਦੱਸ ਦਿਨ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਦਸ ਦਿਨ ਦੇ ਅੰਦਰ-ਅੰਦਰ ਮਸਲੇ ਹੱਲ ਨਾ ਕੀਤੇ ਗਏ ਤਾਂ ਤਿੱਖਾ ਸੰਘਰਸ਼ ਵਿੱਢ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਖਤਿਆਰ ਸਿੰਘ ਦੋਦੇ, ਅਮਰਜੀਤ ਸਿੰਘ ਹਰੀਕੇ, ਸਰਵਣ ਸਿੰਘ ਗੰਡੀਵਿੰਡ ਧੱਤਲ, ਬਲਜਿੰਦਰ ਸਿੰਘ ਜੌਹਲ, ਮਲਕੀਤ ਸਿੰਘ ਦਰਗਾਪੁਰ, ਰਣਧੀਰ ਸਿੰਘ ਦਰਗਾਪੁਰ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਾਜ ਸਿੰਘ, ਜ਼ਿਲ੍ਹਾ ਪ੍ਰੈੱਸ ਸਕੱਤਰ ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਅਮਨ ਪਸੰਦ ਸ਼ਹਿਰੀਆਂ ਦੀ ਹੋਈ ਇਕੱਤਰਤਾ

**ਗੁਰਦਾਸਪੁਰ (ਜਨਕ ਮਹਾਜਨ)**-ਜ਼ਿਲਾ ਗੁਰਦਾਸਪੁਰ ਗੁਰੂ ਨਾਨਕ ਪਾਰਕ ਵਿਖੇ ਗੁਰਦਾਸਪੁਰ ਦੇ ਅਮਨ ਪਸੰਦ ਸ਼ਹਿਰੀਆਂ ਦੀ ਇਕੱਤਰਤਾ ਸਾਥੀ ਲਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਜਰਨੈਲ ਸਿੰਘ ਐੱਸਡੀਓ, ਰੂਪ ਸਿੰਘ ਪੱਡਾ, ਗੁਲਜ਼ਾਰ ਸਿੰਘ ਬਸੰਤਕੋਟ, ਮੁਰਾਰੀ ਲਾਲ ਸ਼ਰਮਾ ਅਤੇ ਲਖਵਿੰਦਰ ਸਿੰਘ ਮਰੜ ਆਦਿ ਨੇ ਅਪਣੇ ਵਿਚਾਰ ਰੱਖੇ। ਮੀਟਿੰਗ ਵਿਚ ਕੁਲ ਹਿੰਦ ਅਮਨ ਸ਼ਾਂਤੀ ਅਤੇ ਇਕਮੁੱਠਤਾ ਸੰਗਠਨ ਦੀ ਜ਼ਿਲਾ ਇਕਾਈ ਸਥਾਪਿਤ ਕਰਨ ਲਈ ਵਿਚਾਰ ਵਟਾਂਦਰ ਕੀਤਾ ਗਿਆ। ਇਹ ਵੀ ਫੈਸਲਾ ਲਿਆ ਗਿਆ ਕਿ ਇਸ ਸੰਗਠਨ ਦੀ ਅਗਲੀ ਮੀਟਿੰਗ 19 ਫਰਵਰੀ ਨੂੰ 11 ਵਜੇ ਗੁਰੂ ਨਾਨਕ ਪਾਰਕ ਵਿਚ ਕੀਤੀ ਜਾਵੇਗੀ। ਬੁਲਾਰਿਆਂ ਨੇ ਕਿਹਾ ਕਿ ਇਸ ਸਮੇਂ ਦੇਸ਼ ਅਤੇ ਦੁਨੀਆਂ ਦੇ ਜੋ ਹਾਲਾਤ ਹੋ ਗਏ ਹਨ ਉਸ ਵਿਚ ਇਸ ਸੰਗਠਨ ਦਾ ਮਜ਼ਬੂਤ ਹੋਣਾ ਸਮੇਂ ਦੀ ਲੋੜ ਹੈ। ਬੁਲਾਰਿਆਂ ਵਲੋਂ ਅਪੀਲ ਕੀਤੀ ਗਈ ਕਿ ਸਮੂਹ ਅਮਨ ਪਸੰਦ ਲੋਕ ਇਸ ਮੀਟਿੰਗ ਵਿਚ ਹਾਜ਼ਰ ਹੋਣ। ਇਸ ਸੰਗਠਨ ਦਾ ਕੋਮੀ ਅਜਲਾਜ 4-5 ਮਾਰਚ ਨੂੰ ਚੰਡੀਗੜ ਵਿਖੇ ਹੋ ਰਿਹਾ ਹੈ। ਇਸ ਮੋਕੇ ਹੋਰਨਾਂ ਤੋਂ ਇਲਾਵਾ ਕਪੂਰ ਸਿੰਘ ਘੁੰਮਣ, ਨਵਤੇਜ ਸਿੰਘ, ਸੁਭਾਸ਼ ਕੈਰੇ, ਕੈਲਾਸ਼ ਸ਼ਰਮਾ, ਮਲਕੀਅਤ ਸਿੰਘ ਜਗਜੀਤ ਸਿੰਘ ਅਤੇ ਕਿਸ਼ਨ ਚੰਦ ਆਦਿ ਹਾਜ਼ਰ ਸਨ।

## ਬੈਂਕ ਆਫ ਇੰਡੀਆ ਨੇ ਗਾਹਕ ਜਾਗਰੂਕਤਾ ਕੈਂਪ ਲਗਾਇਆ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਬੈਂਕ ਆਫ ਇੰਡੀਆ ਬਰਾਂਚ ਗੱਗੋਮਾਹਲ ਦੇ ਸਟਾਫ ਵੱਲੋਂ ਬ੍ਰਾਂਚ ਮੈਨੇਜਰ ਸੁਨੀਲ ਕੁਮਾਰ ਦੀ ਹੇਠ 'ਡਿਜੀਟਲ ਅਦਾਇਗੀ ਉਤਸਵ' ਤਹਿਤ ਲੋਕਾਂ ਨੂੰ ਆਧੁਨਿਕ ਯੁੱਗ ਵਿੱਚ ਬੈਂਕ ਦੀਆਂ ਘਰ ਬੈਠੇ ਆਨ-ਲਾਈਨ ਡਿਜੀਟਲ ਸੇਵਾਵਾਂ ਪ੍ਰਾਪਤ ਕਰਨ ਲਈ ਗ੍ਰਾਹਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ-ਮਹਿਮਾਨ ਦੇ ਤੌਰ ਤੇ ਪਹੁੰਚੇ ਜੋਨਲ ਮੈਨੇਜ਼ਰ ਅਜੇ ਕੁਮਾਰ ਤ੍ਰਿਪਾਠੀ ਨੇ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਅੱਜਕੱਲ ਦੇ ਦੌਰ ਵਿੱਚ ਹਰੇਕ ਕਮ ਡਿਜੀਟਲ ਤਰੀਕੇ ਨਾਲ ਹੋ ਰਿਹਾ ਹੈ ਅਤੇ ਬੈਂਕ ਵੱਲੋਂ ਗ੍ਰਾਹਕਾਂ ਦੀਆਂ ਸਹੂਲਤਾਂ ਲਈ ਹਰੇਕ ਕਿਸਮ ਦੀ ਐੱਪ ਬਣਾਈ ਗਈ ਹੈ ਜਿਸ ਦੀ ਵਰਤੋਂ ਕਰਕੇ ਗ੍ਰਾਹਕ ਬੈਂਕ ਵਿੱਚ ਆਉਣ ਤੋਂ ਬਿਨਾਂ ਘਰ ਬੈਠੇ ਹੀ ਸਾਰੀਆਂ ਸਹੂਲਤਾਂ ਲੈ ਸਕਦਾ ਹੈ ਜਿਸ ਨਾਲ ਇੱਕ ਤਾਂ ਸਮੇਂ ਦੀ ਬਚਤ ਹੋਵੇਗੀ ਦੂਜਾ ਲੋਕਾਂ ਤੇ ਆਰਥਿਕ ਬੋਝ ਵੀ ਘਟੇਗਾ। ਇਸ ਮੌਕੇ ਬੈਂਕ ਦੀ ਸੂਚਨਾਂ ਤਕਨਾਲੋਜੀ ਦੇ ਮੁੱਖ ਅਧਿਕਾਰੀ ਤਮੰਨਾ ਗੋਇਲ ਨੇ ਦੱਸਿਆ ਕਿ ਇਸ ਸਬੰਧੀ ਕੋਈ ਵੀ ਗ੍ਰਾਹਕ ਬੈਂਕ ਵਿੱਚ ਸਿੱਧੇ ਤੌਰ ਤੇ ਜਾ ਕੇ ਜਾਣਕਾਰੀ ਹਾਸਲ ਕਰਕੇ ਬੈਂਕ ਦੀਆਂ ਆਨਲਾਈਨ ਸੇਵਾਵਾਂ ਹਾਸਲ ਕਰ ਸਕਦਾ ਹੈ ਜੋ ਕਿ ਬਿਲਕੁਲ ਮੁਫਤ ਸੇਵਾਵਾਂ ਹਨ। ਬ੍ਰਾਂਚ ਮੈਨੇਜਰ ਸੁਨੀਲ ਕੁਮਾਰ ਵੱਲੋਂ ਲੋਕਾਂ ਨੂੰ ਆਧੁਨਿਕ ਯੁੱਗ ਦੇ ਹਾਣੀ ਬਣਨ ਦਾ ਸੱਦਾ ਦਿੰਦਿਆਂ ਆਏ ਹੋਏ ਪਤਵੰਤਿਆਂ ਦਾ ਸਨਮਾਨ ਕੀਤਾ ਗਿਆ। ਇਸ ਕੈਂਪ ਵਿੱਚ ਮੁਕੇਸ਼ ਕੁਮਾਰ ਵਰਮਾ, ਪ੍ਰੇਮ ਕੁਮਾਰ, ਸੁਨੀਲ ਕੁਮਾਰ ਗੁਰਜਰ, ਸ਼ਾਮ ਸਿੰਘ, ਵਿਸ਼ਾਲ ਸਿੰਘ ਆਦਿ ਹਾਜ਼ਰ ਸਨ।

## ਮਾਮੂਲੀ ਤਕਰਾਰ ਤੋਂ ਬਾਅਦ ਚੱਲੀ ਗੋਲੀ, ਦੋਸ਼ੀ ਨਾਮਜ਼ਦ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਆਨੰਦ ਪੈਲੇਸ ਦੀਨਾਨਗਰ ਵਿਖੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਦੋ ਵਿਅਕਤੀਆਂ ਵਿਚਾਲੇ ਮਾਮੂਲੀ ਤਕਰਾਰ ਤੋਂ ਬਾਅਦ ਇਕ ਵਿਅਕਤੀ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮਾਮਲਾ ਦੋ ਦਿਨ ਪਹਿਲਾਂ ਦਾ ਹੈ, ਜਦੋਂਕਿ ਦੀਨਾਨਗਰ ਥਾਣਾ ਪੁਲਸ ਨੇ ਹੁਣ ਗੋਲੀ ਚਲਾਉਣ ਵਾਲੇ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਮੁਲਜ਼ਮ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਗੌਰਵ ਮਹਾਜਨ ਪੁੱਤਰ ਜੋਗਿੰਦਰ ਪਾਲ ਵਾਸੀ ਸ਼ੰਕਰ ਕਲੋਨੀ, ਦੀਨਾਨਗਰ ਨੇ ਦੱਸਿਆ ਕਿ ਉਹ 8 ਫਰਵਰੀ ਨੂੰ ਆਪਣੇ ਦੋਸਤ ਦੇ ਵਿਆਹ ਵਿੱਚ ਆਨੰਦ ਪੈਲੇਸ, ਦੀਨਾਨਗਰ ਗਿਆ ਸੀ। ਜਦੋਂ ਉਹ ਮੇਜ਼ 'ਤੇ ਬੈਠਾ ਖਾ-ਪੀ ਰਿਹਾ ਸੀ ਤਾਂ ਗੌਰਵ ਦੱਤਾ ਵਾਸੀ ਦੀਨਾਨਗਰ ਉਸ ਦੇ ਮੇਜ਼ ਕੋਲ ਬੈਠਾ ਸੀ ਜਿਸ ਨਾਲ ਕਿਸੇ ਗੱਲੋਂ ਤੂੰ-ਤੂੰ, ਮੈਂ-ਮੈਂ ਹੋ ਗਈ। ਉਸ ਸਮੇਂ ਇਕੱਠੇ ਬੈਠੇ ਮੁੰਡਿਆਂ ਨੇ ਸਮਝਾ-ਬੁਝਾ ਕੇ ਗੱਲ ਠੱਪ ਕਰ ਦਿੱਤੀ। ਇਸ ਤੋਂ ਬਾਅਦ ਉਹ ਆਪਣੀ ਕਾਰ ਕੋਲ ਗਿਆ ਅਤੇ ਗੌਰਵ ਦੱਤਾ ਵੀ ਉਸ ਕੋਲ ਆ ਗਿਆ ਜਿਸ ਨੇ ਪਿਸਤੌਲ ਨਾਲ ਹਵਾ 'ਚ ਫਾਇਰਿੰਗ ਕੀਤੀ ਅਤੇ ਗੋਲੀ ਵੀ ਚਲਾਈ। ਸ਼ੁਕਰ ਹੈ ਉਸ ਦੀ ਜਾਨ ਬਚ ਗਈ। ਇਸ ਤੋਂ ਬਾਅਦ ਵੀ ਮੁਲਜ਼ਮਾਂ ਨੇ ਕਈ ਵਾਰ ਫਾਇਰ ਕੀਤੇ। ਉਸ ਨੂੰ ਮੌਕੇ 'ਤੇ ਇੱਕ ਜ਼ਿੰਦਾ ਕਾਰਤੂਸ ਵੀ ਮਿਲਿਆ। ਘਟਨਾ ਤੋਂ ਬਾਅਦ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ।

## 45 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ, ਮਾਮਲਾ ਦਰਜ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਥਾਣਾ ਭਿੱਖੀਵਿੰਡ ਦੀ ਪੁਲਸ ਨੇ 45 ਗ੍ਰਾਮ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਭਿੱਖੀਵਿੰਡ ਮੁਖੀ ਐੱਸਐੱਚਓ ਬਲਜਿੰਦਰ ਸਿੰਘ ਔਲਖ ਨੇ ਦੱਸਿਆ ਕਿ ਐੱਸ. ਆਈ. ਨਰੇਸ਼ ਕੁਮਾਰ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਪੁਲ ਡਰੇਨ ਸੁਰਸਿੰਘ ਨੇੜੇ ਗੁਰਦੁਆਰਾ ਪੁਰਖ ਪਦਾਰਥ ਸੁਰਸਿੰਘ ਹਾਜ਼ਰ ਸੀ ਕਿ ਪਿੰਡ ਧੁੰਨਾ ਦੀ ਤਰਫੋਂ ਇੱਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਕਿ ਪੁਲਸ ਪਾਰਟੀ ਨੂੰ ਬਾ-ਵਰਦੀ ਦੇਖ ਕੇ ਘਬਰਾ ਗਿਆ ਅਤੇ ਉਸਨੇ ਪੈਂਟ ਦੀ ਸੱਜੀ ਜੇਬ ਵਿਚੋਂ ਵਜ਼ਨਦਾਰ ਮੋਮੀ ਲਿਫਾਫਾ ਕੱਢ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਆਪ ਪਿਛਾਂਹ ਨੂੰ ਤੇਜ਼ ਕਦਮੀ ਤੁਰ ਪਿਆ ਜਿਸ 'ਤੇ ਐੱਸਆਈ ਨੇ ਉਸ ਵਿਅਕਤੀ ਦੀ ਘਬਰਾਹਟ ਨੂੰ ਵੇਖਦੇ ਹੋਏ ਤੁਰੰਤ ਉਸ ਨੂੰ ਸਾਥੀ ਪੁਲਸ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣਾ ਨਾਮ ਗੁਰਸਾਹਿਬ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪੱਤੀ ਲਹੀਆ ਦੀ ਸੁਰਸਿੰਘ ਦੱਸਿਆ । ਜਦੋਂ ਪੁਲਸ ਪਾਰਟੀ ਨੇ ਉਕਤ ਵਿਅਕਤੀ ਵੱਲੋਂ ਜ਼ਮੀਨ 'ਤੇ ਸੁੱਟੇ ਲਿਫਾਫੇ ਨੂੰ ਚੁੱਕ ਕੇ ਚੈੱਕ ਕੀਤਾ ਤਾਂ ਉਸ ਵਿਚੋਂ ਹੈਰੋਇਨ ਬਰਾਮਦ ਹੋਈ, ਜਿਸ ਦਾ ਵਜ਼ਨ 45 ਗ੍ਰਾਮ ਹੋਇਆ ਜਿਸ ਤੇ ਥਾਣਾ ਖੇਮਕਰਨ ਦੀ ਪੁਲਸ ਨੇ ਉਕਤ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਕੇ ਮੁਕੱਦਮਾ ਨੰ : 19, ਜੁਰਮ 21 ਬੀ-61/85 ਐੱਨਡੀਪੀਐੱਸ ਐਕਟ ਅਧੀਨ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਅਧਿਕਾਰੀਆਂ ਨਾਜਾਇਜ਼ ਕਬਜ਼ੇ ਛੁਡਵਾਏ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਡਿਪਟੀ ਕਮਿਸਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕਸਬੇ 'ਚੋਂ ਨਜਾਇਜ਼ ਕਬਜ਼ੇ ਛੁਡਵਾਉਣ ਲਈ ਚਲਾਈ ਗਈ ਮੁਹਿੰਮ ਤਹਿਤ ਅੱਜ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਕਾਰਜਸਾਧਕ ਅਫਸਰ ਜਤਿੰਦਰ ਮਹਾਜਨ ਦੇ ਹੁਕਮਾਂ ਤੇ ਮਨਪ੍ਰੀਤ ਸਿੰਘ ਬੰਦੇਸਾ ਦੀ ਅਗਵਾਈ ਹੇਠ ਨਗਰ ਕੌਂਸਲ ਮੁਲਾਜਮਾਂ ਤੇ ਪੁਲਸ ਪ੍ਰਸ਼ਾਸਨ ਵੱਲੋਂ ਕਸਬੇ ਦੇ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਵੱਲੋਂ ਕੀਤੇ ਹੋਏ ਨਾਜਾਇਜ਼ ਕਬਜ਼ੇ ਛੁਡਵਾਏ ਗਏ ਅਤੇ ਦੁਕਾਨਾਂ ਦੇ ਬਾਹਰ ਬਾਜ਼ਾਰ ਵਿੱਚ ਨਾਜਾਇਜ਼ ਤੌਰ 'ਤੇ ਲਗਾਇਆ ਹੋਇਆ ਸਮਾਨ ਸਫਾਈ ਸੇਵਕਾਂ ਵੱਲੋਂ ਚੁੱਕ ਕੇ ਨਗਰ ਕੌਂਸਲ ਦਫਤਰ ਲਿਆਂਦਾ ਗਿਆ।

ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਐੱਸਓ ਮਨਪ੍ਰੀਤ ਸਿੰਘ ਬਦੇਸਾ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮੌਕੇ ਆਉਣ ਵਾਲੀਆਂ ਸੰਗਤਾਂ ਦੀ ਆਮਦ ਨੂੰ ਦੇਖਦਿਆਂ ਹੋਇਆਂ ਸਮੂਹ ਦੁਕਾਨਦਾਰਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਆਪਣਾ ਸਮਾਨ ਦੁਕਾਨਾਂ ਦੇ ਅੰਦਰ ਹੀ ਲਗਾਉਣ ਪਰ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਕੁਝ ਦੁਕਾਨਦਾਰਾਂ ਨੇ ਪ੍ਰਸਾਸਨ ਦੇ ਹੁਕਮਾਂ ਨੂੰ ਟਿੱਚ ਜਾਣਦਿਆਂ ਆਪਣੀਆਂ ਦੁਕਾਨਾਂ ਦਾ ਸਮਾਨ ਬਾਹਰ ਬਾਜ਼ਾਰ ਵਿੱਚ ਲਗਾ ਕੇ ਨਾਜਾਇਜ਼ ਕਬਜ਼ੇ ਕੀਤੇ ਹੋਏ ਸਨ ਜਿਨ੍ਹਾਂ ਨੂੰ ਅੱਜ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਛੁਡਵਾਇਆ ਗਿਆ ਹੈ। ਉਨ੍ਹਾਂ ਕਸਬੇ ਦੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਸੰਗਤਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਹੋਇਆਂ ਆਪਣਾ ਸਮਾਨ ਦੁਕਾਨਾਂ ਦੇ ਅੰਦਰ ਹੀ ਲਗਾਉਣ ਤਾਂ ਜੋ ਬਾਹਰੋਂ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਬਲਜਿੰਦਰ ਸਿੰਘ, ਟਹਿਲ ਸਿੰਘ, ਸਰਬਜੀਤ ਬੇਦੀ, ਪ੍ਰੇਮ ਨਾਥ, ਧਰਮਪਾਲ, ਜਤਿੰਦਰ, ਪੀਟਰ ਤੇ ਕਪਲਦੇਵ ਆਦਿ ਹਾਜ਼ਰ ਸਨ।

## ਕਾਂਗਰਸ ਬਲਾਕ ਪੱਧਰੀ ਮੀਟਿੰਗਾਂ ਕਰਕੇ ਵਰਕਰਾਂ ਨੂੰ ਕਰੇਗੀ ਲਾਮਬੰਦ: ਗਿੱਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਭਾਰਤ ਜੋੜੋ ਯਾਤਰਾ ਦੀ ਸਫਲਤਾ ਤੋਂ ਬਾਅਦ ਕਾਂਗਰਸ ਪਾਰਟੀ ਨੂੰ ਪਿੰਡ ਪੱਧਰ 'ਤੇ ਲਾਮਬੰਦ ਕਰਨ ਲਈ ਜਿਥੇ ਹੁਣ ਪਿੰਡ-ਪਿੰਡ ਯਾਤਰਾ ਕੱਢ ਕੇ ਵਰਕਰਾਂ ਵਿੱਚ ਉਤਸ਼ਾਹ ਭਰਿਆ ਜਾਵੇਗਾ ਤੇ ਘਰ-ਘਰ ਸੰਪਰਕ ਬਣਾਇਆ ਜਾਵੇਗਾ ਉਥੇ ਬਲਾਕ ਪੱਧਰੀ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕਰਨ ਦਾ ਵੀ ਟੀਚਾ ਮਿਥਿਆ ਗਿਆ ਹੈ। ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਦੀ ਪ੍ਰਧਾਨਗੀ ਹੇਠ ਬਲਾਕ ਪੱਧਰ 'ਤੇ ਵੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਵਿਧਾਇਕ ਤੇ ਜ਼ਿਲਾ ਕਾਂਗਰਸ ਦੇ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਕਾਂਗਰਸ ਪਾਰਟੀ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਖਿਲਾਫ ਚਾਰਜਸ਼ੀਟ ਜਾਰੀ ਕਰਕੇ ਇਨ੍ਹਾਂ ਦੀਆਂ ਲੋਕ ਮਾਰੂ ਨੀਤੀਆਂ ਦਾ ਭਾਂਡਾ ਚੁਰਾਹੇ ਵਿਚ ਭੰਨੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗਰੀਬਾਂ ਦੀਆਂ ਸਹੂਲਤਾਂ ਬੰਦ ਕਰ ਰਹੀ ਹੈ। ਇਸ ਸਮੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਪੀਪੀਸੀ ਕਮੇਟੀ ਮੈਂਬਰ ਹਰਸ਼ਰਨ ਸਿੰਘ ਸੋਹਲ, ਯੂਥ ਕਾਂਗਰਸ ਦੇ ਸਕੱਤਰ ਓਂਕਾਰ ਸਿੰਘ ਸੋਹਲ, ਸਰਪੰਚ ਨਰਿੰਦਰ ਕੁਮਾਰ ਪੱਪਾ, ਲੱਖਪਾਲ ਸਿੰਘ ਲਾਲੀ ਕਸੇਲ, ਪ੍ਰਧਾਨ ਅਸ਼ੋਕ ਕੁਮਾਰ ਝਬਾਲ, ਨਿੱਪੀ ਸੂਦ, ਡਾਕਟਰ ਚਰਨਜੀਤ ਸਿੰਘ ਸੋਢੀ, ਰਾਜ ਕੁਮਾਰ ਰਾਜੇ ਸ਼ਾਹ ਫਰੂਟ ਵਾਲੇ ਆਦਿ ਹਾਜ਼ਰ ਸਨ।

## ਪਿੰਡ ਤਲਵੰਡੀ ਗੋਰਾਇਆ 'ਚ ਸਿਹਤ ਸਹੂਲਤਾਂ ਪ੍ਰਤੀ ਲੱਗਾ ਵਿਸ਼ੇਸ਼ ਕੈਂਪ




**ਡੇਰਾ ਬਾਬਾ ਨਾਨਕ (ਰਮੇਸ ਸ਼ਰਮਾ)**-ਸਥਾਨਕ ਕਸਬੇ ਦੇ ਨਜ਼ਦੀਕੀ ਪਿੰਡ ਤਲਵੰਡੀ ਗੋਰਾਇਆ ਵਿਖੇ ਸਮਾਜਿਕ ਸੁਰੱਖਿਆ ਅਤੇ ਸਿੱਖਿਆਂ ਪ੍ਰਜੈਕਟ ਵੱਲੋਂ ਸਿਹਤ ਸਹੂਲਤਾਂ ਪ੍ਰਤੀ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਹਾਜ਼ਰ ਲੋਕਾਂ ਨੂੰ ਸੀਨੀਅਰ ਮੈਡੀਕਲ ਅਫਸਰ ਡਾ: ਜਤਿੰਦਰ ਕੁਮਾਰ ਨੇ ਸਿਹਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਨਸ਼ਿਆਂ ਦੇ ਬੁਰੇ ਪ੍ਰਭਾਵ ਤੋਂ ਜਾਗਰੂਕ ਕੀਤਾ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆ ਸਿੱਖਿਆ ਪ੍ਰਜੈਕਟ ਦਫਤਰ ਦੇ ਸੁਪਰਵਾਈਜ਼ਰ ਸੈਮਸਨ ਰਾਮ, ਸਹਾਇਕ ਕੋਆਰਡੀਨੇਟਰ ਡਿੰਪਲ ਕੁਮਾਰ ਰਮਦਾਸ ਨੇ ਕਿਹਾ ਕਿ ਪ੍ਰੋਜੈਕਟ ਵੱਲੋਂ ਸਰਹੱਦੀ ਖੇਤਰ ਦੇ ਪਿੰਡਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਟੱਡੀ ਸੈਂਟਰ ਚਲਾਏ ਜਾ ਰਹੇ ਹਨ, ਜਿਸ ਵਿੱਚ ਬੱਚਿਆਂ ਨੂੰ ਫ੍ਰੀ ਸਿੱਖਿਆ ਅਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰਿੰਸੀਪਲ ਰੁਪਿੰਦਰਪਾਲ ਸਿੰਘ, ਮਾਸਟਰ ਗੁਰਪ੍ਰੀਤ ਸਿੰਘ, ਆਸ਼ਾ ਵਰਕਰ ਮਨਜੀਤ ਕੌਰ, ਪਾਦਰੀ ਸੂਲੇਮਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਨੀ ਮਸੀਹ, ਸੁਲੱਖਣ ਮਸੀਹ, ਸੋਨੂੰ, ਮੈਡਮ ਆਸ਼ੂ, ਮੈਡਮ ਸੁਨੀਤਾ ਅਤੇ ਅੰਜੂ ਬਾਲਾ ਸਮੇਤ ਪਿੰਡ ਦੇ ਪਤਵੰਤੇ ਸੱਜਣ ਆਦਿ ਹਾਜ਼ਰ ਸਨ।

## ਗੁਰੂ ਅਰਜਨ ਦੇਵ ਸਰਕਾਰੀ ਕਾਲਜ ਵਿਖੇ ਪੋਸਟਰ ਮੇਕਿੰਗ ਮੁਕਾਬਲੇ ਆਯੋਜਿਤ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨਤਾਰਨ ਵਿਖੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਅਤੇ ਵਾਤਾਵਰਣ ਪ੍ਰਦੂਸ਼ਣ ਤੇ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਅਧਿਕਾਰੀ ਅਨਿਲ ਕੁਮਾਰ ਅਤੇ ਡਾ. ਗੁਰਬਖ਼ਸ਼ ਸਿੰਘ ਮੁੱਖੀ ਅਗਰੋਨਮੀ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਕਾਲਜ ਪ੍ਰਿੰਸੀਪਲ ਜੋਤੀ ਬਾਲਾ ਵਲੋਂ ਸ਼ਖਸੀਅਤਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ ਅਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਡਾ. ਗੁਰਬਖਸ ਸਿੰਘ ਨੇ ਵਿਦਿਆਰਥੀਆਂ ਦੇ ਰੁਬਰੂ ਹੁੰਦੇ ਹੋਏ ਕਿਹਾ ਕਿ ਵਾਤਾਵਰਣ ਬਚਾਉਣ ਲਈ ਸਾਨੂੰ ਸਭ ਨੂੰ ਰਲਕੇ ਹੰਭਲਾ ਮਾਰਨ ਦੀ ਲੋੜ ਹੈ। ਸਾਨੂੰ ਆਪਣੀ ਸੋਚ ਨੂੰ ਹਾਂ-ਪੱਖੀ ਰੱਖਣ ਦੀ ਲੋੜ ਹੈ। ਅਨਿਲ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਵਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਕਿਸਾਨਾਂ ਨੂੰ ਨਿਗੂਣੇ ਦਰਾਂ 'ਤੇ ਮਸ਼ੀਨਾਂ ਵੀ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਸਵੈ ਰੋਜ਼ਗਾਰ ਲਈ ਟਰੇਨਿੰਗ ਵੀ ਦਿੱਤੀ ਜਾਂਦੀ ਹੈ। ਸਟੇਜ ਸੰਚਾਲਨ ਪ੍ਰੋ. ਕਰਨਜੀਤ ਕੌਰ ਕਮਿਸਟਰੀ ਵਿਭਾਗ ਵਲੋਂ ਕੀਤਾ ਗਿਆ। ਵੱਖ-ਵੱਖ ਮੁਕਾਬਲਿਆਂ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅੰਤ ਵਿੱਚ ਡਾ. ਗੁਰਿੰਦਰਜੀਤ ਕੌਰ ਇਕਨਾਮਿਕਸ ਵਿਭਾਗ ਵੱਲੋਂ ਪਹੁੰਚੀਆਂ ਸ਼ਖਸੀਅਤਾਂ ਦਾ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਸੰਗੀਤਾ ਅਗਨੀਹੋਤਰੀ, ਪ੍ਰੋ. ਰਮਨਦੀਪ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਗੀਤੂ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਮਾਤਾ ਸਤਵੰਤ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸਰਬ ਭਾਰਤ ਨੌਜਵਾਨ ਸਭਾ ਬਲਾਕ ਖਡੂਰ ਸਾਹਿਬ ਦੇ ਸਕੱਤਰ ਕਾਮਰੇਡ ਗੁਰਚਰਨ ਸਿੰਘ ਕੰਡਾ ਫਤਿਆਬਾਦ ਦੇ ਸਤਿਕਾਰਯੋਗ ਮਾਤਾ ਸਤਵੰਤ ਕੌਰ ਜੋ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਤੀ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਸਬਾ ਫਤਿਹਾਬਾਦ ਦੇ ਅੰਦਰਲੇ ਗੁਰਦੁਆਰਾ ਸਾਹਿਬ ਵਿਖੇ ਹੋਏ। ਇਸ ਮੌਕੇ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਗਾਇਨ ਕੀਤਾ ਗਿਆ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਕੌਂਸਲ ਮੈਂਬਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ, ਪੱਤਰਕਾਰ ਸਰਬਜੋਤ ਸਿੰਘ ਸੰਧਾ, ਕਾਮਰੇਡ ਬਲਜੀਤ ਸਿੰਘ ਫਤਿਆਬਾਦ ਨੇ ਮਾਤਾ ਸਤਵੰਤ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਕੁਲਵੰਤ ਸਿੰਘ ਖਡੂਰ ਸਾਹਿਬ, ਘੁੱਕ ਸਿੰਘ ਵੇਈਂਪੂਈਂ, ਸਿਮਰਨ ਕੌਰ, ਹਰਜੀਤ ਕੌਰ, ਕਾਮਰੇਡ ਜਸਵੰਤ ਸਿੰਘ ਚੰਡੀਗੜ੍ਹ ਮਹੱਲਾ, ਬਿਮਲਾ ਦੇਵੀ ਮੁਹੱਲਾ ਚੰਡੀਗੜ੍ਹ, ਕਾਮਰੇਡ ਦਲਬੀਰ ਸਿੰਘ ਸਾਬਕਾ ਪੰਚਾਇਤ ਸਕੱਤਰ, ਕਾਮਰੇਡ ਪਾਲ ਸਿੰਘ ਫਤਿਆਬਾਦ, ਬੇਅੰਤ ਸਿੰਘ ਪੈਟਰੋਲ ਪੰਪ ਵਾਲੇ, ਦਵਿੰਦਰ ਸਿੰਘ ਮੈਂਬਰ ਪੰਚਾਇਤ ਫਤਿਆਬਾਦ, ਮਨਹੋਰ ਸਿੰਘ ਫਤਿਆਬਾਦ ਆਦਿ ਹਾਜ਼ਰ ਸਨ।

# ਜਰਨੈਲ ਸ਼ਾਮ ਸਿੰਘ ਅਟਾਰੀ ਦੇ ਪਿੰਡ ਨੂੰ ਪੰਜਾਬ ਦਾ ਪਹਿਲਾ 'ਸਮਾਰਟ ਪਿੰਡ' ਬਣਾਇਆ ਜਾਵੇਗਾ: ਧਾਲੀਵਾਲ



**ਅੰਮ੍ਰਿਤਸਰ/ ਅਟਾਰੀ, (ਨਰਿੰਦਰਜੀਤ ਸਿੰਘ)**-ਰਾਜ ਸਰਕਾਰ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦਾ 177ਵਾਂ ਸ਼ਹੀਦੀ ਦਿਹਾੜਾ ਅਟਾਰੀ ਸਮਾਧ 'ਤੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਰਾਜ ਪੱਧਰੀ ਸ਼ਹੀਦੀ ਸਮਾਗਮ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਅਤੇ ਜਸਵਿੰਦਰ ਸਿੰਘ ਰਮਦਾਸ ਹਲਕਾ ਵਿਧਾਇਕ ਅਟਾਰੀ ਸ਼ਾਮਲ ਹੋਏ। ਇਸ ਮੌਕੇ ਅਟਾਰੀ ਵਿਖੇ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ, ਐਸਡੀਐਮ ਹਰਪ੍ਰੀਤ ਸਿੰਘ, ਕਰਨਲ ਕੁਲਦੀਪ ਸਿੰਘ ਸਿੱਧੂ, ਕਰਨਲ ਹਰਿੰਦਰ ਸਿੰਘ ਅਟਾਰੀ ਨੇ ਸ਼ਹੀਦ ਸ਼ਾਮ ਸਿੰਘ ਅਟਾਰੀਵਾਲਾ ਦੇ ਤਸਵੀਰ 'ਤੇ ਸ਼ਰਧਾਂਜਲੀਆਂ ਭੇਟ ਕੀਤੀਆਂ।

ਇਸ ਮੌਕੇ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਧਾਲੀਵਾਲ ਨੇ ਐਲਾਨ ਕੀਤਾ ਕਿ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦੇ ਪਿੰਡ ਅਟਾਰੀ ਨੂੰ ਪੰਜਾਬ ਦਾ ਪਹਿਲਾ ਸਮਾਰਟ ਪਿੰਡ ਬਣਾਇਆ ਜਾਵੇਗਾ। ਉਨ੍ਹਾਂ ਆਪਣੇ ਅਖਤਿਆਰੀ ਫੰਡਜ਼ ਵਿਚੋਂ ਪਿੰਡ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨਾਂ ਕਿਹਾ ਕਿ ਸ. ਸ਼ਾਮ ਸਿੰਘ ਅਟਾਰੀਵਾਲਾ ਸਿੱਖ ਕੌਮ ਦੇ ਮਹਾਨ ਜਰਨੈਲ ਹੋਏ ਹਨ ਜਿਨ੍ਹਾਂ ਦੀ ਸ਼ਹਾਦਤ ਆਉਣ ਨਵੀਂ ਪੀੜ੍ਹੀ ਲਈ ਚਾਨਣ ਮੁਨਾਰਾ ਰਹੇਗੀ। ਉਨ੍ਹਾਂ ਕਿਹਾ ਕਿ ਸ਼ਹੀਦ ਇਕ ਪਰਿਵਾਰ ਨਾਲ ਸਬੰਧਤ ਨਹੀਂ ਹੁੰਦੇ ਉਹ ਕੌਮ ਦਾ ਸਰਮਾਇਆ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸ. ਸ਼ਾਮ ਸਿੰਘ ਅਟਾਰੀਵਾਲਾ ਨੇ 10 ਫਰਵਰੀ 1846 ਨੂੰ ਸਭਰਾਵਾਂ ਦੀ ਜੰਗ ਵਿਚ ਜਿਸ ਬਹਾਦਰੀ ਨਾਲ ਅੰਗਰੇਜ਼ੀ ਫੌਜਾਂ ਦਾ ਮੁਕਾਬਲਾ ਕਰਕੇ ਸ਼ਹਾਦਤ ਦਾ ਜਾਮ ਪੀਤਾ ਉਹ ਆਪਣੇ ਆਪ ਵਿਚ ਮਿਸਾਲ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਇਸ ਮਹਾਨ ਸ਼ਹੀਦ ਦੀ ਸ਼ਹਾਦਤ ਨੂੰ ਸਿਜਦਾ ਕਰਦੀ ਹੈ ਜਿਨ੍ਹਾਂ ਨੇ ਆਪਣੀ ਜਾਨ ਨੂੰ ਦੇਸ਼- ਕੌਮ ਲਈ ਕੁਰਬਾਨ ਕਰ ਦਿੱਤਾ।

ਅਟਾਰੀ ਵਿਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਅਣਖ ਦੀ ਖਾਤਿਰ ਸ਼ਹਾਦਤ ਦਿੱਤੀ, ਜਿਸ ਦੀ ਪ੍ਰਸ਼ੰਸਾ ਅੰਗਰੇਜ਼ਾਂ ਨੇ ਵੀ ਕੀਤੀ। ਉਨ੍ਹਾਂ ਕਿਹਾ ਕਿ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣੀ, ਜਿਨ੍ਹਾਂ ਨੇ ਅੰਗਰੇਜ਼ ਹਕੂਮਤ ਨੂੰ ਦੇਸ਼ ਵਿਚੋਂ ਕੱਢ ਕੇ ਹੀ ਸਾਹ ਲਿਆ। ਉਨਾਂ ਕਿਹਾ ਕਿ ਅਟਾਰੀ ਪਿੰਡ ਨੂੰ ਨਵਾਂ ਰੂਪ ਦਿੱਤਾ ਜਾਵੇਗਾ ਤਾਂ ਜੋ ਰੀਟਰੀਟ ਦੇਖਣ ਆਉਣ ਵਾਲੇ ਯਾਤਰੂ ਅਟਾਰੀਵਾਲਾ ਦੀ ਸਮਾਧ ਤੇ ਆਉਣ ਅਤੇ ਆਪਣੇ ਬੱਚਿਆਂ ਨੂੰ ਉਨਾਂ ਦੀ ਸ਼ਹਾਦਤ ਬਾਰੇ ਦੱਸਣ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਅਤੇ ਆਪਣੇ ਬੱਚਿਆਂ ਨੂੰ ਵੀ ਇਤਿਹਾਸ ਤੋਂ ਜਾਣੂੰ ਕਰਾਉਣ। ਇਸੇ ਦੌਰਾਨ ਢਾਡੀ ਜੱਥਿਆਂ ਵੱਲੋਂ ਸ਼ਹੀਦ ਦੀ ਯਾਦ ਵਿੱਚ ਵਾਰਾਂ ਵੀ ਗਾਈਆਂ ਅਟਾਰੀ ਸਮਾਧ ਵਿਖੇ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਧਾਰਮਿਕ ਦੀਵਾਨ ਸਜਾਏ ਗਏ। ਕੀਰਤਨੀ ਸਿੰਘਾਂ ਨੇ ਗੁਰੂ ਜਸ ਗਾਇਨ ਕੀਤਾ ਅਤੇ ਢਾਡੀ ਜਥਿਆਂ ਨੇ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਦਾ ਬਿਰਤਾਂਤ ਸੰਗਤਾਂ ਨਾਲ ਸਾਂਝਾ ਕੀਤਾ। ਵੱਡੀ ਗਿਣਤੀ 'ਚ ਲੋਕਾਂ ਨੇ ਅਟਾਰੀ ਵਿਖੇ ਪਹੁੰਚ ਕੇ ਮਹਾਨ ਜਰਨੈਲ ਸ਼ਾਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਧਾਲੀਵਾਲ ਵੱਲੋਂ ਉਥੇ ਸਥਿਤ ਅਜਾਇਬ ਘਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਸ਼ਾਮ ਸਿੰਘ ਅਟਾਰੀਵਾਲਾ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਹਰ ਸਾਲ ਇਸ ਦਿਹਾੜੇ ਨੂੰ ਰਾਜ ਪੱਧਰੀ ਤੌਰ ਤੇ ਮਨਾਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਨੇ 18 ਸਾਲ ਦੀ ਉਮਰ ਵਿੱਚ ਯੁੱਧਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਅਤੇ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਵੀ ਸਿੱਟਿਆ ਦੇ ਅੰਜਾਮ ਦੀ ਪਰਵਾਹ ਕੀਤੇ ਬਿਨਾਂ ਖੁਦ ਆਖਰੀ ਹਮਲੇ ਦੀ ਅਗਵਾਈ ਕੀਤੀ ਅਤੇ ਆਖਰੀ ਸਾਹ ਤੱਕ ਲੜਦੇ ਰਹੇ। ਇਸ ਮੌਕੇ ਅਟਾਰੀ ਵਾਲਾ ਪਰਿਵਾਰ ਦੇ ਮੈਂਬਰ ਬਰਿੰਦਰ ਸਿੰਘ, ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੱਧੂ, ਬੀਬਾ ਅਮਿਤੇਸ਼ਵਰ ਕੌਰ, ਬੀਬਾ ਜਸਪ੍ਰੀਤ ਕੌਰ, ਬੀਬਾ ਸੰਦੀਪ ਕੌਰ, ਦਿਨੇਸ਼ ਸਿੰਘ ਸਿੱਧੂ, ਆਪ ਨੇਤਾ ਸਤਪਾਲ ਸੋਖੀ ਅਤੇ ਸਟੇਜ ਸਕੱਤਰ ਇੰਦਰਜੀਤ ਸਿੰਘ ਕਾਹਲੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਜਮਹੂਰੀ ਕਿਸਾਨ ਸਭਾ ਨੇ ਸਬ-ਤਹਿਸੀਲ ਦਫ਼ਤਰ ਮੂਹਰੇ ਦਿੱਤਾ ਧਰਨਾ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਜਮਹੂਰੀ ਕਿਸਾਨ ਸਭਾ ਅਤੇ ਜਮਹੂਰੀ ਕੰਢੀ ਸੰਘਰਸ਼ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਨੂਰਪੁਰਬੇਦੀ ਇਲਾਕੇ ਦੀਆਂ ਖੇਤਰੀ ਮੰਗਾਂ ਨੂੰ ਲੈ ਕੇ ਘੋਸ਼ਿਤ ਕੀਤੇ ਲੜੀਵਾਰ ਧਰਨਿਆਂ ਦੇ ਪ੍ਰੋਗਰਾਮ ਤਹਿਤ ਅੱਜ ਸਥਾਨਕ ਸਬ-ਤਹਿਸੀਲ ਦਫ਼ਤਰ ਮੂਹਰੇ ਰੋਹ ਭਰਪੂਰ ਧਰਨਾ ਦਿੱਤਾ। ਇਸ ਮੌਕੇ ਜਥੇਬੰਦੀ ਦੇ ਸ਼੍ਰੀ ਅਨੰਦਪੁਰ ਸਾਹਿਬ ਤਹਿਸੀਲ ਦੇ ਪ੍ਰਧਾਨ ਮਾ. ਗੁਰਨੈਬ ਸਿੰਘ ਜੇਤੇਵਾਲ ਅਤੇ ਮੋਹਣ ਸਿੰਘ ਧਮਾਣਾ ਨੇ ਆਖਿਆ ਕਿ ਸਾਡੇ ਇਲਾਕੇ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਜਿਸਦਾ ਸੰਤਾਪ ਲੋਕ ਅੱਜ ਵੀ ਭੋਗ ਰਹੇ ਹਨ। ਉਨਾਂ ਆਖਿਆ ਕਿ ਲੋਕਾਂ ਨੂੰ ਹੁਣ ਸਮਝ ਆ ਚੁੱਕੀ ਹੈ ਕਿ ਸੰਘਰਸ਼ ਤੋਂ ਬਿਨਾਂ ਕੁਝ ਵੀ ਹਾਸਿਲ ਹੋਣ ਵਾਲਾ ਨਹੀਂ ਹੈ ਅਤੇ ਸ਼ਾਇਦ ਸਰਕਾਰ ਵੀ ਇਹੋ ਚਾਹੁੰਦੀ ਹੈ। ਕਿਸਾਨ ਆਗੂ ਧਰਮਪਾਲ ਸੈਣੀਮਾਜਰਾ, ਮਾ. ਬਲਵੀਰ ਸਿੰਘ, ਤਰਸੇਮ ਚੰਦ ਬੈਂਸ, ਬਲਵੀਰ ਝਿੰਜੜੀ, ਪਾਲ ਸਿੰਘ ਭੱਟੋਂ ਅਤੇ ਦਰਸ਼ਨ ਸਿੰਘ ਬੜਵਾ ਨੇ ਲੋਕਾਂ ਨੂੰ ਖੇਤਰੀ ਮੰਗਾਂ 'ਚ ਸ਼ਾਮਲ ਸਬ-ਤਹਿਸੀਲ ਨੂਰਪੁਰਬੇਦੀ ਨੂੰ ਤਹਿਸੀਲ ਦਾ ਦਰਜਾ ਦੇਣ, ਨੰਗਲ ਡੈਮ ਤੋਂ ਟਿੱਬਾ ਟੱਪਰੀਆਂ ਤੱਕ ਨਹਿਰ ਦੀ ਉਸਾਰੀ ਕਰਵਾਉਣ, ਬੁੰਗਾ ਸਾਹਿਬ ਤੇ ਕੀਰਤਪੁਰ ਸਾਹਿਬ ਲਈ ਬੱਸ ਰੂਟਾਂ ਦੀ ਬਹਾਲੀ ਕਰਵਾਉਣ, ਨਾਈਟ ਬੱਸ ਸਰਵਿਸ ਚਾਲੂ ਕਰਨ, ਅਨਾਜ, ਲੱਕੜ ਤੇ ਸਬਜ਼ੀ ਮੰਡੀ ਦਾ ਸਥਾਈ ਪ੍ਰਬੰਧ ਕਰਨ, ਪੀਣ ਲਈ ਸਮੁੱਚੇ ਪਿੰਡਾਂ ਨੂੰ ਨਹਿਰੀ ਪਾਣੀ ਦਾ ਪ੍ਰਬੰਧ ਕਰਨ, ਬਰਮਾਂ ਨੂੰ ਦਰੁੱਸਤ ਕਰਨ ਅਤੇ ਕ ਸੜਕਾਂ ਦੀ ਨਿਯਮਿਤ ਮੁਰੰਮਤ ਕਰਵਾਉਣ ਤੋਂ ਇਲਾਵਾ ਕਿਸਾਨਾਂ ਨੂੰ ਖਰਾਬ ਹੋਈ ਫਸਲ ਦਾ ਮੁਆਵਜ਼ਾ ਪ੍ਰਦਾਨ ਕਰਨ ਆਦਿ ਮੰਗਾਂ ਲਈ ਲੋਕਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਹੁਣ ਸਮੁੱਚੇ ਦਸਤਾਵੇਜ਼ ਲੈ ਕੇ ਅਧਿਕਾਰੀਆਂ ਅਤੇ ਸਰਕਾਰ ਦੇ ਨੁਮਾਇੰਦਿਆਂ ਨਾਲ ਸਾਹਮਣੇ ਬੈਠ ਕੇ ਗੱਲ ਕੀਤੀ ਜਾਵੇਗੀ। ਧਰਨੇ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਵੀ ਸੰਦੇਸ਼ ਦਿੱਤਾ ਗਿਆ। ਧਰਨਾਕਾਰੀਆਂ ਨੇ ਐਲਾਨ ਕੀਤਾ ਕਿ ਜਥੇਬੰਦੀ ਵੱਲੋਂ ਅਗਲਾ ਧਰਨਾ 20 ਫਰਵਰੀ ਨੂੰ ਵੀ ਇਸੀ ਸਥਾਨ 'ਤੇ ਲਗਾਇਆ ਜਾਵੇਗਾ। ਧਰਨੇ ਦੌਰਾਨ ਆਗੂਆਂ ਨੇ ਖੇਤਰ 'ਚ ਲਗਾਤਾਰ ਵੱਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਅਤੇ ਦਿਨੋ-ਦਿਨ ਵਿਗੜ ਰਹੀ ਟ੍ਰੈਫਿਕ ਸਮੱਸਿਆ ਨੂੰ ਲੈ ਕੇ ਚਿੰਤਾ ਜ਼ਾਹਿਰ ਕੀਤੀ। ਜਿਸ ਨੂੰ ਲੈ ਕੇ ਜਥੇਬੰਦੀ ਦਾ ਵਫਦ 11 ਫਰਵਰੀ ਨੂੰ ਡੀ.ਐੱਸ.ਪੀ. ਸ਼੍ਰੀ ਅਨੰਦਪੁਰ ਸਾਹਿਬ ਅਤੇ ਹੋਰਨਾਂ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਮੁਲਾਕਾਤ ਕਰੇਗਾ। ਧਰਨੇ ਦੌਰਾਨ ਅਮਰੀਕ ਸਿੰਘ ਸਮੀਰੋਵਾਲ, ਸੁਰਜੀਤ ਸਿੰਘ ਮੂਸਾਪੁਰ, ਮਾ. ਰਾਮ ਪ੍ਰਕਾਸ਼ ਕਾਂਗੜ, ਸਰਵਣ ਸਿੰਘ ਭੱਠਲ, ਦਰਸ਼ਨ ਸਿੰਘ, ਸੁਭਾਸ਼ ਰਾਣਾ, ਕੁਲਦੀਪ ਚੰਦ, ਜਗਤ ਸਿੰਘ, ਜਗਤਾਰ ਸਿੰਘ ਜੇ.ਈ., ਮਾ. ਨੰਦ ਸਿੰਘ, ਚੌ. ਬਖਸ਼ੀਸ਼ ਸਿੰਘ, ਕੁਲਵੰਤ ਸਿੰਘ ਅਤੇ ਛੋਟੂ ਰਾਮ ਜੱਟਪੁਰ ਸਹਿਤ ਭਾਰੀ ਸੰਖਿਆ 'ਚ ਜਥੇਬੰਦੀ ਦੇ ਆਗੂਆਂ ਤੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ।



## ਸੜਕ ਹਾਦਸਿਆਂ 2 ਮੌਤਾਂ

**ਰੋਪੜ (ਬਿੰਦਰਾ)**- ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਦੋ ਵੱਖ ਵੱਖ ਹਾਦਸਿਆਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪਿੰਡ ਖੇੜੀ ਨੇੜੇ ਜਗਤਾਰ ਸਿੰਘ ਪੁੱਤਰ ਬਲਦੇਵ ਸਿੰਘ ਖਿਜਰਾਬਾਦ ਆਪਣੇ ਮੋਟਰਸਾਈਕਲ 'ਤੇ ਪੁਰਖਾਲੀ ਤੋਂ ਹਿਰਦਾਪੁਰ ਵਲ ਜਾ ਰਿਹਾ ਸੀ ਕਿ ਅਣਪਛਾਤੇ ਵਾਹਨ ਨਾਲ ਟੱਕਰ ਹੋਣ ਕਾਰਨ ਜਗਤਾਰ ਸਿੰਘ ਦੀ ਮੌਤ ਹੋ ਗਈ। ਪੁਲਸ ਨੇ ਅਣਪਛਾਤੇ ਵਾਹਨ ਚਾਲਕ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਕ ਹੋਰ ਹਾਦਸਾ ਪਿੰਡ ਹਾਫਜਾਬਾਦ ਥਾਣਾ ਸ੍ਰੀ ਚਮਕੌਰ ਸਾਹਿਬ ਵਿਖੇ ਹੋਇਆ ਜਿਥੇ ਇਕ ਬੱਸ ਤੇ ਬਾਈਕ ਦੀ ਟੱਕਰ ਵਿਚ ਬਾਈਕ ਸਵਾਰ ਬਲਵੰਤ ਸਿੰਘ ਪੁੱਤਰ ਰੱਖਾ ਸਿੰਘ ਵਾਸੀ ਹਾਫਜਾਬਾਦ ਦੀ ਮੌਕੇ 'ਤੇ ਮੌਤ ਹੋ ਗਈ। ਬੱਸ ਚਾਲਕ ਬੱਸ ਛੱਡ ਕੇ ਫਰਾਰ ਹੋ ਗਿਆ। ਪੁਲਸ ਨੇ ਦੋਨੋਂ ਵਾਹਨ ਕਬਜੇ ਵਿੱਚ ਲੈ ਲਏ ਹਨ। ਅਤੇ ਬੱਸ ਚਾਲਕ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਕਾਲਜ ਅਧਿਆਪਕਾਂ ਵੱਲੋਂ ਦੋ ਘੰਟੇ ਰੋਸ ਧਰਨਾ

**ਮਾਹਿਲਪੁਰ, (ਸਫਰੀ)**



ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੀ ਵੱਲੋਂ ਪੰਜਾਬ ਸਰਕਾਰ ਦੀਆਂ ਉੱਚ ਸਿੱਖਿਆ ਪ੍ਰਤੀ ਕਥਿਤ ਗਲਤ ਨੀਤੀਆਂ ਦੇ ਵਿਰੋਧ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਤਿੱਖੇ ਰੋਸ ਦਾ ਪ੍ਰਗਟਾਵਾ ਕਰਦਿਆਂ ਕਾਲਜ ਦੇ ਮੁੱਖ ਗੇਟ 'ਤੇ ਦੋ ਘੰਟੇ ਦਾ ਰੋਸ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਗੱਲ ਕਰਦਿਆਂ ਪੀਸੀਸੀਟੀਯੂ ਯੂਨਿਟ ਦੇ ਪ੍ਰਧਾਨ ਡਾ. ਜੇ ਬੀ ਸੇਖੋਂ, ਸਕੱਤਰ ਡਾ. ਵਰਿੰਦਰ ਕੁਮਾਰ, ਪ੍ਰੋ ਅਰਾਧਨਾ ਦੁੱਗਲ, ਪ੍ਰੋ ਜਸਵਿੰਦਰ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਆਪਣੇ ਪੱਖਪਾਤੀ ਤੇ ਮਨਮਾਨੇ ਫੈਸਲੇ ਤਹਿਤ ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕਾਲਜਾਂ ਨੂੰ ਸਰਕਾਰੀ ਸਹਾਇਤਾ ਰਾਸ਼ੀ 95 ਫੀਸਦੀ ਤੋਂ ਘਟਾ ਕੇ 75 ਫੀਸਦੀ ਕਰ ਦਿੱਤੀ ਗਈ ਹੈ ਜਿਸ ਨਾਲ ਸੂਬੇ ਦੀਆਂ ਵਿੱਦਿਅਕ ਸੰਸਥਾਵਾਂ ਵਿੱਤੀ ਸੰਕਟ ਦੀਆਂ ਸ਼ਿਕਾਰ ਹੋ ਗਈਆਂ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਅਧਿਆਪਕਾਂ ਦੇ ਸੇਵਾ ਨਿਯਮਾਂ ਨਾਲ ਛੇੜਛਾੜ ਕਰਕੇ ਸਰਕਾਰ ਨੇ ਆਪਣਾ ਉਚੇਰੀ ਸਿੱਖਿਆ ਵਿਰੋਧੀ ਚਿਹਰਾ ਦਿਖਾ ਦਿੱਤਾ ਹੈ ਤੇ ਸਰਕਾਰ ਦੀਆਂ ਗਲਤ ਸਿੱਖਿਆ ਨੀਤੀਆਂ ਕਾਰਨ ਜਿੱਥੇ ਸੂਬੇ ਦੇ ਕਾਲਜ ਵਿੱਤੀ ਸੰਕਟ ਨਾਲ ਜੂਝ ਰਹੇ ਹਨ ਉੱਥੇ ਹੀ ਕਾਲਜਾਂ ਦੇ ਟੀਚਿੰਗ ਤੇ ਨਾਨ ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਦੇ ਭਵਿੱਖ ਨਾਲ ਵੀ ਖਿਲਵਾੜ ਹੋ ਰਿਹਾ ਹੈ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਇਸ ਸਬੰਧੀ ਆਉਂਦੇ ਦਿਨ੍ਹਾਂ ਵਿੱਚ ਪੰਜਾਬ ਅਤੇ ਚੰਡੀਗੜ੍ਹ ਦੇ ਕਾਲਜਾਂ ਦੇ ਸਮੂਹ ਸਟਾਫ ਵੱਲੋਂ ਸੜਕਾਂ 'ਤੇ ਉਤਰ ਕੇ ਤਿੱਖਾ ਸੰਘਰਸ਼ ਵਿੱਢਿਆ ਜਾ ਰਿਹਾ ਹੈ। ਇਸ ਮੌਕੇ ਯੂਨਿਟ ਦੇ ਹਾਜ਼ਰ ਅਧਿਆਪਕਾਂ ਵਿੱਚ ਡਾ. ਰਾਕੇਸ਼ ਕੁਮਾਰ, ਦਵਿੰਦਰ ਠਾਕੁਰ, ਡਾ. ਪਰਮਿੰਦਰ ਕੌਰ, ਪ੍ਰੋ. ਵਿਕਰਾਂਤ ਰਾਣਾ, ਪ੍ਰੋ. ਗੁਰਪ੍ਰੀਤ ਕੌਰ, ਡਾ. ਆਰਤੀ ਸ਼ਰਮਾ, ਪ੍ਰੋ. ਤਜਿੰਦਰ ਸਿੰਘ, ਪ੍ਰੋ. ਰੋਹਿਤ ਪੁਰੀ, ਡਾ. ਕੋਮਲ ਬੱਧਣ, ਪ੍ਰੋ. ਕੰਚਨ, ਪ੍ਰੋ. ਅਨਿਲ ਕਲਸੀ, ਪ੍ਰੋ. ਸੁਖਵਿੰਦਰ ਸਿੰਘ ਅਤੇ ਪ੍ਰੋ ਪਰਮਵੀਰ ਸ਼ੇਰਗਿੱਲ ਹਾਜ਼ਰ ਸਨ।

# ਸਾਬਕਾ ਕੈਬਨਿਟ ਮੰਤਰੀ ਅਟਵਾਲ ਨੇ ਕੀਤਾ ਫੁੱਟਬਾਲ ਕੱਪ ਦਾ ਉਦਘਾਟਨ



**ਫਿਲੌਰ (ਨਿਰਮਲ, ਬੀ ਐਸ ਕੈਨੇਡੀ)**

ਫੁੱਟਬਾਲ ਅਕੈਡਮੀ ਫਿਲੌਰ ਵੱਲੋਂ 6ਵਾਂ ਫੁੱਟਬਾਲ ਕੱਪ 12 ਫਰਵਰੀ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਿਲੌਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਫੁੱਟਬਾਲ ਕੱਪ ਦਾ ਉਦਘਾਟਨ ਸਾਬਕਾ ਕੈਬਨਿਟ ਮੰਤਰੀ ਪੰਜਾਬ ਗੁਰਵਿੰਦਰ ਸਿੰਘ ਅਟਵਾਲ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸੰਬੋਧਨ ਕਰਦੇ ਹੋਏ ਕਿਹਾ ਕਿ ਫੁੱਟਬਾਲ ਅਕੈਡਮੀ ਫਿਲੌਰ ਵੱਲੋਂ ਇਹ ਵਧੀਆ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਖੇਡਾਂ 'ਚ ਭਾਗ ਲੈਣ ਕੇ ਨੌਜਵਾਨ ਨਸ਼ਿਆਂ ਤੋਂ ਦੂਰ ਰਹਿੰਦੇ ਹਨ। ਇਸ ਮੌਕੇ ਪ੍ਰਧਾਨ ਮਨੀ ਧਾਲੀਵਾਲ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸੰਧੂ ਨੇ ਦੱਸਿਆ ਕਿ ਫੁੱਟਬਾਲ ਮੁਕਾਬਲਿਆਂ ਦੌਰਾਨ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 31000, ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 21000 ਤੀਸਰੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 15000 ਅਤੇ ਚੌਥੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 11000 ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ 'ਚ ਇਨਾਮਾਂ ਦੀ ਵੰਡ ਖੇਡ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਕਰਨਗੇ। ਉਨ੍ਹਾਂ ਨਾਲ ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈੱਡ, ਪਰਮਿੰਦਰ ਸਿੰਘ ਗੋਲਡੀ ਯੂਥ ਆਗੂ, ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ ਨਕੋਦਰ, ਰਾਜਵਿੰਦਰ ਕੌਰ ਥਿਆੜਾ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਵੇਅਰ ਹਾਊਸ ਕਾਰਪੋਰੇਸ਼ਨ ਲਿਮਟਿਡ ਅਤੇ ਹੋਰ ਆਗੂ ਸ਼ਾਮਲ ਹੋਣਗੇ। ਇਸ ਮੌਕੇ ਪ੍ਰਧਾਨ ਮਨੀ ਧਾਲੀਵਾਲ, ਜਗਦੀਸ਼ ਲਾਲ, ਸਿਵ ਰਾਜ,ਸੰਜੀਵ ਲਾਡੀ, ਐਮ.ਪੀ ਕੋਹਲੀ, ਬਾਬਾ ਸ਼ੰਭੂ , ਮਾਸਟਰ ਚੰਦਰ ਮੋਹਨ ਅਤੇ ਹੋਰ ਹਾਜਰ ਸਨ।

## ਵਿਧਾਇਕ ਦਿਨੇਸ਼ ਚੱਢਾ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ

**ਰੋਪੜ ( ਬਿੰਦਰਾ)** -ਹਲਕਾ ਰੋਪੜ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਦਿਨੇਸ਼ ਚੱਢਾ ਦੇ ਗੈਰ ਜਮਾਨਤੀ



ਵਾਰੰਟ ਜਾਰੀ ਕਰਕੇ ਅਦਾਲਤ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ ਗਿਆ ਹੈ। ਕਰੋਨਾ ਮਹਾਂਮਾਰੀ ਦੌਰਾਨ ਜਦਕਿ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਦੀ ਮਨਾਹੀ ਸੀ ਉਸ ਸਮੇਂ ਆਮ ਆਦਮੀ ਪਾਰਟੀ ਵਲੋਂ ਰੋਪੜ ਨੰਗਲ ਹਾਈਵੇਅ 'ਤੇ 6 ਜੁਲਾਈ 2020 ਨੂੰ ਧਰਨਾ ਦਿੱਤਾ ਗਿਆ ਸੀ, ਜਿਸ 'ਤੇ ਪੁਲਸ ਨੇ ਦਿਨੇਸ਼ ਚੱਢਾ, ਮਾਸਟਰ ਹਰਦਿਆਲ ਸਿੰਘ, ਹਰਮਿੰਦਰ ਸਿੰਘ, ਜਤਿੰਦਰ ਸਿੰਘ, ਸੁਰਿੰਦਰ ਸਿੰਘ ਤੇ 60 ਅਗਿਆਤ ਵਿਅਕਤੀਆਂ ਵਿਰੁੱਧ ਆਈ ਪੀ ਸੀ ਧਾਰਾ 188, 283, 269, 270ਅਤੇ ਡਿਜਾਸਟਰ ਮੈਨੇਜਮੈਂਟ ਤਹਿਤ ਕੇਸ ਦਰਜ ਕੀਤਾ ਸੀ। ਚੱਢਾ ਕਿਸੇ ਵੀ ਪੇਸ਼ੀ 'ਤੇ ਅਦਾਲਤ ਵਿੱਚ ਹਾਜਰ ਨਹੀਂ ਹੋਇਆ ਜਿਸ ਕਾਰਨ ਅਦਾਲਤ ਨੇ ਗੈਰ ਜਮਾਨਤੀ ਵਾਰੰਟ ਜਾਰੀ ਕੀਤੇ ਹਨ। ਦਿਨੇਸ਼ ਚੱਢਾ ਨੇ ਕਿਹਾ ਹੈ ਕਿ ਉਹ ਅਦਾਲਤ ਦਾ ਆਦਰ ਕਰਦੇ ਹਨ ਅਤੇ ਅਦਾਲਤ ਵਿੱਚ ਆਪ ਹਾਜਰ ਹੋਣਗੇ।

# ਸਮਾਜ ਸੇਵਕ ਕੈਪਟਨ ਜੰਜੂਆ ਨੂੰ ਸ਼ਰਧਾ ਦੇ ਫੁੱਲ ਭੇਟ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਦਿਹਾਣਾ ਵਿਖੇ ਗੁਰਦੁਆਰਾ ਪਾਤਸ਼ਾਹੀ ਪੰਜਵੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਸਥਾਨ 'ਤੇ ਪਿੰਡ ਦਿਹਾਣਾ ਦੇ ਉਘੇ ਸਮਾਜ ਸੇਵਕ ਕੈਪਟਨ ਹਰਬੰਸ ਸਿੰਘ ਜੰਜੂਆ ਦਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਪਰਮਜੀਤ ਸਿੰਘ ਮੇਘੋਵਾਲ ਵਾਲਿਆਂ ਵੈਰਾਗਮਈ ਕੀਰਤਨ ਕੀਤਾ। ਸਮਾਗਮ ਦੌਰਾਨ ਇਲਾਕੇ ਭਰ ਤੋਂ ਵੱਖ ਵੱਖ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਜਥੇਦਾਰ ਬਾਬਾ ਅਜੀਤ ਸਿੰਘ ਬਾਸੀ ਮੁੱਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਤਰਨਾ ਹੈੱਡਕੁਆਰਟਰ ਦਿਹਾਣਾ, ਬਾਬਾ ਅਜੀਤ ਸਿੰਘ ਕਲਸੀ ਮੇਘੋਵਾਲ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਮਾਸਟਰ ਗੁਰਦੇਵ ਸਿੰਘ, ਦਰਸ਼ਨਾ ਦੇਵੀ, ਹਰਮਿੰਦਰ ਸਿੰਘ ਜੰਜੂਆ, ਅਜੈ ਜੰਜੂਆ, ਗੁਰਪ੍ਰੀਤ ਸਿੰਘ ਜੰਜੂਆ, ਪਰਮਜੀਤ ਕੌਰ ਜੰਜੂਆ, ਪ੍ਰਧਾਨ ਉਂਕਾਰ ਸਿੰਘ, ਹਰਪਾਲ ਸਿੰਘ, ਹਰਦੀਪ ਕੌਰ, ਮਨੀ ਜੰਜੂਆ, ਬਲਜੀਤ ਜੰਜੂਆ, ਪ੍ਰਭਜੋਤ ਜੰਜੂਆ, ਅੰਮ੍ਰਿਤਪਾਲ ਜੰਜੂਆ, ਮਨਿੰਦਰ ਜੰਜੂਆ, ਯਾਦਵਿੰਦਰ ਜੰਜੂਆ, ਪਰਮਿੰਦਰ ਜੰਜੂਆ, ਸੁਦਰਸ਼ਨ ਕੌਰ, ਫਹਿਤਵੀਰ ਸਿੰਘ, ਜਥੇਦਾਰ ਅਜੀਤ ਸਿੰਘ ਬਾਸੀ, ਕੁਲਵੀਰ ਜੰਜੂਆ, ਮਨਜੀਤ ਰਾਠੋਰ, ਸਰਬਜੀਤ ਸਰੋਆ, ਅੰਸ ਮਿਨਹਾਸ, ਗਗਨ ਜੰਜੂਆ ਆਦਿ ਹਾਜਰ ਸਨ।

# ਕਮਲਾ ਨਹਿਰੂ ਜੂਨੀਅਰ ਕਾਲਜ 'ਚ ਅੰਤਰ-ਸ਼੍ਰੇਣੀ ਖੇਡ ਮੁਕਾਬਲੇ

**ਫਗਵਾੜਾ (ਡਾ. ਰਮਨ)** ਸਥਾਨਕ ਕਮਲਾ ਨਹਿਰੂ ਜੂਨੀਅਰ ਕਾਲਜ ਫਾਰ ਵੂਮੈਨ, ਫਗਵਾੜਾ ਵਿਖੇ ਪ੍ਰਿੰਸੀਪਲ ਡਾ: ਸਵਿੰਦਰ ਪਾਲ ਦੀ ਰਹਿਨੁਮਾਈ ਹੇਠ 11ਵੀਂ ਅਤੇ 12ਵੀਂ ਜਮਾਤ ਦੇ ਅੰਤਰ-ਵਰਗ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿਚ ਬੈਡਮਿੰਟਨ, ਖੋ- ਖੋ, ਬਾਸਕਟਬਾਲ ਅਤੇ ਟੱਗ ਆਫ ਵਾਰ ਦਾ ਆਯੋਜਨ ਕੀਤਾ ਗਿਆ। ਵਿਦਿਆਰਥਣਾਂ ਨੇ ਉਤਸ਼ਾਹ ਨਾਲ ਭਾਗ ਲਿਆ । ਬਾਸਕਟਬਾਲ ਮੁਕਾਬਲਾ ਟੀਮ ਬੀ, ਆਰਟਸ ਦੇ ਵਿਦਿਆਰਥੀਆਂ ਨੇ ਜਿੱਤਿਆ ਜਦੋਂਕਿ ਟੱਗ ਆਫ ਵਾਰ ਦਾ ਮੁਕਾਬਲਾ ਟੀਮ ਬੀ, ਆਰਟਸ ਅਤੇ ਨਾਨ ਮੈਡੀਕਲ ਨੇ ਜਿੱਤਿਆ। ਕਾਮਰਸ ਅਤੇ ਸਾਇੰਸ ਦੇ ਵਿਦਿਆਰਥੀ ਨੇ ਖੋ-ਖੋ ਦੀ ਖੇਡ ਵਿੱਚ ਜਿੱਤ ਪ੍ਰਾਪਤ ਕੀਤੀ । ਕਾਮਰਸ ਅਤੇ ਆਰਟਸ ਦੇ ਵਿਦਿਆਰਥੀਆਂ ਨੇ ਬੈਡਮਿੰਟਨ ਦੀ ਸਿੰਗਲ ਪਲੇਅਰ ਗੇਮ ਜਿੱਤੀ ਜਦਕਿ ਆਰਟਸ ਦੇ ਵਿਦਿਆਰਥੀਆਂ ਨੇ ਡਬਲ ਗੇਮ ਵਿੱਚ ਮੱਲਾਂ ਮਾਰੀਆਂ ।ਪ੍ਰਿੰਸੀਪਲ ਡਾ: ਸਵਿੰਦਰ ਪਾਲ ਨੇ ਜੇਤੂ ਟੀਮ ਦੀਆਂ ਸਾਰੀਆਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਅੱਗੇ ਵੀ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਇਨ੍ਹਾਂ ਮੁਕਾਬਲਿਆਂ ਦੇ ਸਫਲ ਆਯੋਜਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕਰਦੇ ਹੋਏ ਮੁਬਾਰਕਬਾਦ ਦਿੱਤੀ ।



**ਐਨ ਆਰ ਆਈ ਜੋਗਿੰਦਰ ਸਿੰਘ ਪੱਡਾ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਦਿਆਲਪੁਰ (ਜ਼ਿਲ੍ਹਾ ਕਪੂਰਥਲਾ) ਵਿਖੇ ਕੁੜੀਆਂ ਦੇ ਵਿਹੜੇ ਦੇ ਫਰਸ਼ ਨੂੰ ਪੱਕਾ ਕਰਵਾਉਣ ਲਈ ਸੇਵਾ ਕੀਤੀ ਗਈ।**
**(ਫੋਟੋ ਤੇ ਵੇਰਵਾ ਹਰਮੇਸ਼ ਦੱਤ)**

## ਗੈਰ ਕਾਨੂੰਨੀ ਰੇਤਾਂ ਦੀ ਮਾਈਨਿੰਗ ਕਰਨ ਵਾਲਾ ਕਾਬੂ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਦਿਹਾਤੀ ਤੇ ਥਾਣਾ ਲੋਹੀਆ ਅਧੀਨ ਪੈਂਦਾਂ ਪਿੰਡ ਮਾਣਕ ਦੇ ਕੋਲ ਚੈਕਿੰਗ ਕਰਦੀ ਪੁਲਸ ਨੇ ਗੈਰਕਾਨੂੰਨੀ ਤੌਰ 'ਤੇ ਰੇਤਾ ਦੀ ਮਾਈਨਿੰਗ ਕਰਨ ਵਾਲੇ ਲਵਪ੍ਰੀਤ ਸਿੰਘ ਲਵਲੀ ਪੁੱਤਰ ਪ੍ਰਗਟ ਸਿੰਘ ਨੂੰ ਰੇਤਾ ਦੀ ਭਰੀ ਟਰਾਲੀ ਨਾਲ ਕਾਬੂ ਕੀਤਾ। ਇਸ ਸਬੰਧੀ ਸਰਵਜੀਤ ਬਹੀਆ ਡੀ ਐਸ ਪੀ ਸ਼ਾਹਕੋਟ ਤੇ ਐਸ ਐਚ ਓ ਇੰਸਪੈਕਟਰ ਸੁਰਜੀਤ ਸਿੰਘ ਪੱਡਾ ਮੁੱਖ ਅਫਸਰ ਥਾਣਾ ਲੋਹੀਆਂ ਨੇ ਤੁਰੰਤ ਮਾਮਲਾ ਵੀ ਦਰਜ ਕਰ ਲਿਆ ਇਹ ਜਾਣਕਾਰੀ ਗੁਰਪ੍ਰੀਤ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ ਸ਼ਾਹਕੋਟ ਨੇ ਦੇਂਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆ ਹਿਦਾਇਤਾਂ ਤੋਂ ਬਾਆਦ ਗੈਰਕਾਨੂੰਨੀ ਰੇਤਾ ਦੀ ਮਾਈਨਿੰਗ ਕਰਨ ਵਾਲਿਆਂ 'ਤੇ ਤੁਰੰਤ ਅਸਰਦਾਰ ਕਾਰਵਾਈ ਜਾਰੀ ਰਹੇਗੀ।

## ਵਿਧਾਇਕ ਇੰਦਰਜੀਤ ਕੌਰ ਮਾਨ ਦੀ ਅਗਵਾਈ ਹੇਠ ਨਸ਼ਾ ਮੁਕਤ ਬਾਈਕ ਰੈਲੀ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** 11 ਫਰਵਰੀ ਨੂੰ ਹਲਕਾ ਨਕੋਦਰ ਵਿਖੇ ਨਸ਼ਾ ਮੁਕਤ ਬਾਈਕ ਰੈਲੀ ਦਾ ਆਯੋਜਨ ਹਲਕਾ ਵਿਧਾਇਕ ਨਕੋਦਰ ਇੰਦਰਜੀਤ ਕੌਰ ਮਾਨ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਹੈ। ਇਸ ਰੈਲੀ ਰਾਹੀਂ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਇੱਕ ਸੁਨੇਹਾ ਦਿੱਤਾ ਜਾਵੇਗਾ। ਇਹ ਰੈਲੀ ਸਵੇਰੇ 10.30 ਵਜੇ ਦਾਣਾ ਮੰਡੀ ਸਰੀਂਹ ਤੋਂ ਸ਼ੁਰੂ ਹੋ ਕੇ ਵੱਖ ਵੱਖ ਪਿੰਡਾਂ ਵਿਚੋਂ ਨਿਕਲਦੀ ਹੋਈ ਨੂਰਮਹਿਲ, ਬਿਲਗਾ ਅਤੇ ਤਲਵਣ ਹੁੰਦਿਆਂ ਹੋਇਆ ਨਕੋਦਰ ਪਹੁੰਚ ਕੇ ਖਤਮ ਹੋਵੇਗੀ। ਹਲਕਾ ਵਿਧਾਇਕ ਮਾਨ ਵਲੋਂ ਸਮੂਹ ਪਾਰਟੀ ਵਰਕਰ, ਵੋਟਰ ਸਪੋਰਟਰ ਅਤੇ ਹਰ ਵਰਗ ਦੇ ਵੀਰਾਂ ਭੈਣਾਂ ਨੂੰ ਇਸ ਰੈਲੀ ਵਿੱਚ ਆਪਣੀ ਪਸੰਦ ਦੀ ਬਾਈਕ ਨਾਲ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਹੈ ਅਤੇ ਕਿਹਾ ਕਿ ਨਸ਼ਾ ਮੁਕਤ ਸਮਾਜ ਸਿਰਜਣ ਲਈ ਆਪਣਾ ਸਹਿਯੋਗ ਦਿਓ ਅਤੇ ਸਰਕਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਹੈਲਮਟ ਲੈ ਕੇ ਆਉ ਜਾਂ ਪਗੜੀ ਬੰਨ ਕੇ ਆਉਣ ਦੀ ਕ੍ਰਿਪਾਲਤਾ ਕਰਨੀ। ਕੋਈ ਵੀ ਵਿਅਕਤੀ ਨਸ਼ਾ ਕਰਕੇ ਰੈਲੀ ਵਿੱਚ ਸ਼ਾਮਲ ਨਾ ਹੋਵੇ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਪ੍ਰੋ. ਜਸਰੀਨ ਕੌਰ ਨੇ ਕਾਰਜਕਾਰੀ ਪ੍ਰਿੰਸੀਪਲ ਦਾ ਸੰਭਾਲਿਆ ਅਹੁਦਾ

**ਜਲੰਧਰ (ਸ਼ੈਲੀ ਐਲਬਰਟ)**

ਉਤਰੀ ਭਾਰਤ ਦੀ ਉੱਘੀ ਵਿਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਪ੍ਰ. ਜਸਰੀਨ ਕੌਰ, ਡੀਨ ਅਕਾਦਮਿਕ ਮਾਮਲੇ ਤੇ ਮੁੱਖੀ ਅੰਗਰੇਜ਼ੀ ਵਿਭਾਗ ਨੇ ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਦੀ ਸੇਵਾ ਮੁਕਤੀ ਉਪਰੰਤ ਕਾਰਜਕਾਰੀ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ । ਸਿਖਿਆ ਦੇ ਖੇਤਰ ਵਿਚ ਅਤੇ ਖਾਸ ਤੌਰ 'ਤੇ ਉਤਰੀ ਭਾਰਤ ਦੀਆਂ ਵਿਦਿਅਕ ਸੰਸਥਾਵਾਂ ਵਿਚ ਪ੍ਰੋ. ਜਸਰੀਨ ਕੌਰ ਇਕ ਜਾਣਿਆ ਪਹਿਚਾਣਿਆ ਨਾਂਅ ਹੈ। ਡਾ. ਸਮਰਾ ਅਤੇ ਸਮੂਹ ਸਟਾਫ ਨੇ ਉਨ੍ਹਾਂ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਕਾਲਜ ਸਰਵਪੱਖੀ ਵਿਕਾਸ ਦੇ ਵਾਸਤੇ ਨਿਰੰਤਰ ਕਾਰਜ ਕਰਦੇ ਰਹਿਣ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਪ੍ਰੋ. ਜਸਰੀਨ ਕੌਰ ਨੂੰ ਪ੍ਰਿੰਸੀਪਲ ਬਣਨ 'ਤੇ ਵਧਾਈ ਦਿੱਤੀ। ਜਸਰੀਨ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਾਲਜ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਕੰਮ ਕਰਨ ਦੀ ਪ੍ਰਤੀਬਧਤਾ ਪ੍ਰਗਟ ਕਰਦੇ ਹਨ। ਇਸ ਮੌਕੇ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੇ ਪ੍ਰੋ. ਜਸਰੀਨ ਕੌਰ ਨੂੰ ਕਾਰਜਕਾਰੀ ਪ੍ਰਿੰਸੀਪਲ ਬਣਨ 'ਤੇ ਵਧਾਈ ਦਿੱਤੀ।



## ਕੰਨਿਆ ਸਕੂਲ ਵਿਖੇ ਕੈਲੀਗ੍ਰਾਫ਼ੀ, ਸੁੰਦਰ ਲਿਖਤ ਮੁਕਾਬਲੇ ਕਰਵਾਏ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਅਗਵਾਈ ਹੇਠ, ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਕੈਲੀਗ੍ਰਾਫ਼ੀ, ਸੁੰਦਰ ਲਿਖਤ ਮੁਕਾਬਲੇ ਆਯੋਜਿਤ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੀਡੀਆ ਇੰਚਾਰਜ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਸੰਸਥਾ ਦੀਆਂ ਗਿਆਰਵੀਂ, ਬਾਰਵੀਂ ਸਮਾਤ ਦੀਆਂ 179 ਵਿਦਿਆਰਥਣਾਂ ਨੇ ਭਾਗ ਲਿਆ। ਇਸ ਮੌਕੇ ਸਕੂਲ ਮੁੱਖੀ ਵੱਲੋਂ ਵਿਦਿਆਰਥਣਾਂ ਨੂੰ ਸਟਰੈਸ ਮੈਨੇਜਮੈਂਟ (ਮਾਨਸਿਕ ਦਬਾਅ ਸੰਭਾਲ) ਵਿਸ਼ੇ 'ਤੇ ਸੰਬੋਧਿਤ ਹੁੰਦਿਆਂ ਸਮਝਾਇਆ ਗਿਆ ਕਿ ਜਿਵੇਂ ਜਿਵੇਂ ਕੋਈ ਵੀ ਪ੍ਰੀਖਿਆ ਜਾਂ ਮੁਕਾਬਲਾ ਨਜ਼ਦੀਕ ਆਉਂਦਾ ਜਾਦਾ ਹੈ ਤਾਂ ਉਸ ਵਿੱਚ ਮਨੋਵਿਗਿਆਨਕ ਤੌਰ 'ਤੇ ਮਜ਼ਬੂਤ ਰਹਿੰਦੇ ਹੋਏ ਆਪਣੀ ਬਿਹਤਰੀਨ ਭਾਗੀਦਾਰੀ ਕਰਨ ਵਾਲੇ ਵਿਦਿਆਰਥੀ ਹੀ ਅਕਸਰ ਜੇਤੂ ਹੋਕੇ ਨਿਕਲਦੇ ਹਨ, ਉਹਨਾਂ ਹਾਜ਼ਰ ਵਿਦਿਆਰਥਣਾਂ ਨੂੰ ਇਸ ਵਿਸ਼ੇ ਨਾਲ ਸਬੰਧਿਤ ਅਹਿਮ ਨੁਕਤਿਆਂ ਤੋਂ ਰੌਚਿਕ ਢੰਗ ਨਾਲ ਜਾਣੂ ਕਰਵਾਇਆ ਗਿਆ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਸਿੱਖਿਆ ਵਿਭਾਗ ਵੱਲੋਂ ਜਾਰੀ ਪ੍ਰਮਾਣ-ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਹਨਾਂ ਮੁਕਾਬਲਿਆਂ ਵਿੱਚ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਕ੍ਰਮਵਾਰ ਅਮਨਪ੍ਰੀਤ ਕੌਰ ਨੇ ਪਹਿਲਾ, ਰਸ਼ਮੀ ਨੇ ਦੂਸਰਾ, ਸ਼ਰਨਜੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸੰਸਥਾ ਦੇ ਅੰਗ੍ਰੇਜ਼ੀ ਵਿਸ਼ੇ ਦੇ ਲੈਕਚਰਾਰ ਰਾਕੇਸ਼ ਸ਼ਰਮਾ, ਸਮਾਜਿਕ ਸਿੱਖਿਆ ਅਧਿਆਪਕ ਅਮਨਦੀਪ ਸਿੰਘ, ਅੰਗਰੇਜ਼ੀ ਵਿਸ਼ੇ ਦੀ ਅਧਿਆਪਕਾ ਅੰਸ਼ੂ ਗਰਗ, ਸੁਖਵਿੰਦਰਪਾਲ ਸਿੰਘ, ਅਵਤਾਰ ਸਿੰਘ ਆਦਿ ਸਟਾਫ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਰਿਆਤ ਬਾਹਰਾ 'ਵਰਸਿਟੀ ਇਸ ਸਾਲ ਸ਼ੁਰੂ ਕਰੇਗੀ 3 ਨਵੇਂ ਸਿਖਲਾਈ ਕੋਰਸ

**ਕੁਰਾਲੀ(ਮੋਹਨ ਅੱਗਰਵਾਲ ਜੋਗਾ)**

ਰਿਆਤ ਬਾਹਰਾ ਯੂਨੀਵਰਸਿਟੀ ਅਤੇ ਅਜੂਬਾ ਨੇ ਮੁਹਾਲੀ ਵਿਖੇ ਆਪਣੇ ਐਸਐਸਈਡੀਐਸ (ਸੋਲਰ-ਸੈਮੀਕੰਡਕਟਰ-ਆਈ ਅਤੇ ਹੈਲਥਕੇਅਰ-ਇਨਵਾਇਰਮੈਂਟ-ਡਿਵੈਲਪਮੈਂਟ ਵਿੱਦ ਸਾਈਬਰ ਸੁਰੱਖਿਆ) ਸਰਟੀਫਿਕੇਸ਼ਨ ਦੇ ਨਾਲ ਦੇਸ਼ ਦੇ ਪਹਿਲੇ ਨਵੀਨਤਾਕਾਰੀ ਹੁਨਰ (ਅੰਤਰਾਸ਼ਟਰੀ ਸਿਖਲਾਈ ਅਤੇ ਲੀਡਰਸ਼ਿਪ ਲਈ ਵਿਗਿਆਨਕ ਗਿਆਨ) ਵਿਕਾਸ ਕੇਂਦਰ ਬਣਾਉਣ ਲਈ ਹੱਥ ਮਿਲਾਉਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਆਪਣੇ ਸੰਬੋਧਨ ਵਿੱਚ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਦੇ ਉਤਸ਼ਾਹੀ ਸਿੱਖਣ, ਵਿਕਾਸ ਅਤੇ ਪੇਸ਼ੇਵਰ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜੂਬਾ ਨਾਲ ਮਿਲ ਕੇ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਨੂੰ ਨਵੇਂ ਅਤੇ ਨਵੀਨਤਾਕਾਰੀ ਖੇਤਰਾਂ ਵਿੱਚ ਹੁਨਰ ਹਾਸਲ ਕਰਨ ਲਈ ਸਿੱਖਣ ਦੇ ਨਵੀਨਤਾਕਾਰੀ ਫਾਰਮੈਟਾਂ ਲਈ ਸਮਰੱਥਾ ਪ੍ਰਦਾਨ ਕਰੇਗੀ। ਅਜੂਬਾ ਦੇ ਨਾਲ ਮਿਲਕੇ ਯੂਨੀਵਰਸਿਟੀ ਇਸ ਸਾਲ ਸੈਮੀਕੰਡਕਟਰ, ਪ੍ਰੈਕਟੀਕਲ ਨਰਸਿੰਗ ਅਤੇ ਸਾਈਬਰ ਸੁਰੱਖਿਆ ਲਈ ਇੱਕ ਸਾਲ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਕਰੇਗੀ। ਰੌਰ 4 ਚੇਂਜ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਚੇਅਰਮੈਨ ਬਲਜੀਤ



ਸਿੰਘ ਨੇ ਕਿਹਾ ਕਿ ਕੰਪਨੀ ਐਸਐਸਈਡੀਐਸ (ਸੋਲਰ-ਸੈਮੀਕੰਡਕਟਰ-ਆਈ ਅਤੇ ਹੈਲਥਕੇਅਰ-ਇਨਵਾਇਰਮੈਂਟ-ਡਿਵੈਲਪਮੈਂਟ ਵਿੱਦ ਸਾਈਬਰ ਸੁਰੱਖਿਆ) ਦੇ ਪ੍ਰਮਾਣੀਕਰਣ ਦੇ ਨਾਲ ਉੱਚ-ਤਕਨੀਕੀ ਖੇਤਰ ਲਈ ਸਕਿੱਲ ਇੰਡੀਆ ਲਈ ਵਿਲੱਖਣ ਇੱਕ ਸਾਲ ਦੇ ਪ੍ਰੋਗਰਾਮ ਲਿਆ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅੰਤਰਾਸ਼ਟਰੀ ਸਹਿਯੋਗ ਨਾਲ ਉਨ੍ਹਾਂ ਦੀ ਕੰਪਨੀ ਸੈਮੀਕੰਡਕਟਰ, ਪ੍ਰੈਕਟੀਕਲ ਨਰਸਿੰਗ ਅਤੇ ਸਾਈਬਰ ਸੁਰੱਖਿਆ ਵਿੱਚ ਪਹਿਲੇ ਪੜਾਅ ਦੇ ਪ੍ਰੋਗਰਾਮਾਂ ਵਿੱਚ ਮਾਰਕਿਟ ਸੰਬੰਧਿਤ ਸਿਖਲਾਈ ਅਤੇ ਤਜ਼ਰਬੇ ਦੇ ਨਾਲ ਲਾਂਚ ਕਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿਸਟਰਾਰ ਆਰਬੀਯੂ ਡਾ. ਦਿਨੇਸ਼ ਸ਼ਰਮਾ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਹੇੜੀਆ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਪ੍ਰਧਾਨ ਗੁਰਦੀਪ ਸਿੰਘ ਨੇ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਨਾਲ ਨਗਰ ਕੀਰਤਨ ਸਜਾਏ ਗਏ। ਨਗਰ ਕੀਰਤਨ ਦੌਰਾਨ ਪੰਜ ਪਿਆਰੇ, ਪੰਜ ਨਿਸ਼ਾਨਚੀ, ਗੱਤਕਾ ਪਾਰਟੀਆਂ, ਫੌਜੀ ਬੈਂਡ, ਸ਼ਬਦੀ ਜਥੇ ਪਾਲਕੀ ਸਾਹਿਬ ਨਾਲ ਨਾਲ ਚੱਲ ਰਹੇ ਸਨ। ਵੱਖ ਵੱਖ ਪੜਾਵਾਂ 'ਤੇ ਸਵਾਗਤੀ ਗੇਟ ਲਗਾ ਕੇ ਸੰਗਤਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਲੰਗਰ ਲਗਾਏ ਗਏ। ਭਾਈ ਮੁਖਤਿਆਰ ਸਿੰਘ ਇੰਟਰਨੈਸ਼ਨਲ ਢਾਡੀ ਜੱਥਾ, ਪ੍ਰਭਾਤ ਫੇਰੀ ਜੱਥਾ ਆਦਿ ਨੇ ਗੁਰਬਾਣੀ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਰੇਸ਼ਮ ਲਾਲ ਸਕੱਤਰ, ਕੁਲਵਿੰਦਰ ਸਿੰਘ ਖਜਾਨਚੀ, ਭਾਈ ਗੁਰਜੀਤ ਸਿੰਘ ਹੈੱਡ ਗ੍ਰੰਥੀ, ਅਵਤਾਰ ਸਿੰਘ, ਆਤਮਾ ਰਾਮ, ਮਾਸਟਰ ਧਰਮਵੀਰ, ਕੀਮਤੀ ਲਾਲ, ਕਮਲ ਕੁਮਾਰ, ਬਲਜਿੰਦਰ ਸਿੰਘ, ਗਗਨਦੀਪ ਸਿੰਘ, ਸੁਰਿੰਦਰ ਸਿੰਘ, ਹਰਬੰਸ ਲਾਲ, ਹਰਵਿੰਦਰ ਸਿੰਘ, ਸਰਬਜੀਤ ਰਾਮ, ਸਤਨਾਮ ਸਿੰਘ, ਤੀਰਥ ਰਾਮ, ਬਲਕਾਰ ਸਿੰਘ, ਭਾਗ ਮੱਲ, ਜਥੇਦਾਰ ਬਲਵੀਰ ਸਿੰਘ, ਪਰਮਜੀਤ ਸਿੰਘ ਆਦਿ ਹਾਜਰ ਸਨ।

# ਭਾਜਪਾ ਕਰ ਰਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ : ਹਰਿੰਦਰ ਸਿੰਘ

**ਆਦਮਪੁਰ (ਪਰਮਜੀਤ ਸਿੰਘ)**

ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸੇ ਦਿਨ ਤੋਂ ਕੇਂਦਰ ਦੀ ਭਾਜਪਾ ਸਰਕਾਰ ਵੱਖ ਵੱਖ ਹਥਕੰਡੇ ਅਪਣਾਅ ਰਹੀ ਹੈ ਕਿ " ਆਪ " ਸਰਕਾਰ ਦੇ ਕੰਮਾਂ ਵਿੱਚ ਕਿਵੇਂ ਰੋੜੇ ਅਟਕਾਉਂਣੇ ਹਨ । ਭਾਜਪਾ ਦੀ ਗੰਦੀ ਰਾਜਨੀਤੀ ਅਨੇਕਾਂ ਵਾਰ ਸਾਹਮਣੇ ਆਈ । ਦਿੱਲੀ ਵਿੱਚ ਭਾਜਪਾ , ਉਪ ਰਾਜਪਾਲ ਦੇ ਰਾਹੀਂ ਤੁਗਲਕੀ ਫਰਮਾਨ ਜਾਰੀ ਕਰਵਾਉਂਦੀ ਰਹਿਦੀ ਹੈ। ਦਿੱਲੀ ਦੀ ਕੇਜਰੀਵਾਲ ਸਰਕਾਰ ਨਾਲ ਮੁੱਢ ਤੋਂ ਹੀ ਟਕਰਾਅ ਜਾਰੀ ਹੈ । ਇਸੇ ਤਰਜ 'ਤੇ ਪੰਜਾਬ ਵਿੱਚ ਵੀ ਰਾਜਪਾਲ ਰਾਹੀਂ ਪੰਜਾਬ ਸਰਕਾਰ ਨਾਲ ਟਕਰਾਅ ਚਲਦਾ ਆ ਰਿਹਾ ਹੈ । ਸੂਬੇ ਦੇ ਰਾਜਪਾਲ ਅਤੇ ਉਸ ਸੂਬੇ ਦੀ ਸਰਕਾਰ ਦਾ ਤਾਲਮੇਲ ਸਹੀ ਹੋਵੇ ਤਾਂ ਸੂਬੇ ਦੀ ਸਰਕਾਰ ਆਮ ਲੁਕਾਈ ਲਈ ਬੇਹਤਰ ਤਰੀਕੇ ਨਾਲ ਕੰਮ ਕਰ ਸਕਦੀ ਹੈ । ਜਿਥੇ ਵੀ ਗੈਰ ਭਾਜਪਾ ਸਰਕਾਰ ਹੈ , ਮੋਦੀ ਸਰਕਾਰ ਰਾਜਪਾਲ ਰਾਹੀਂ ਉਥੇ ਦੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਦੀ ਤਾਕ ਵਿੱਚ ਰਹਿੰਦੀ ਹੈ , ਕੋਈ ਮੌਕਾ ਨਹੀਂ ਖੁੰਝਦੀ । ਖਾਸ ਤੌਰ ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ । ਪਹਿਲਾਂ ਖੇਤੀ ਦੇ ਕਾਲੇ ਕਾਨੂੰਨਾਂ ਰਾਹੀਂ ਕਿਸਾਨਾਂ ਦੇ ਹਿੱਤਾਂ ਨੂੰ ਦਰਕਿਨਾਰ ਕੀਤਾ ਗਿਆ। ਕਿਸਾਨਾਂ ਅਤੇ ਆਮ ਜਨਤਾ ਦੇ ਭਾਰੀ ਵਿਰੋਧ ਅਤੇ ਅੰਦੋਲਨ ਤੋਂ ਬਾਅਦ ਮੋਦੀ ਸਰਕਾਰ ਨੂੰ ਇਹ ਵਾਪਸ ਲੈਣੇ ਪਏ । ਇਸ ਵਰ੍ਹੇ ਜਦ ਵਿੱਤ ਮੰਤਰੀ ਨੇ ਬਜਟ ਪੇਸ਼ ਕੀਤਾ, ਫਿਰ ਪੰਜਾਬ ਨੂੰ ਅਣਗੌਲਿਆਂ ਕੀਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਨੂੰ ਪਹਿਲਾਂ ਹੀ ਤਾਕੀਦ ਕੀਤੀ ਸੀ ਕਿ ਕਿਸਾਨੀ ਦੇ ਹਿੱਤਾਂ ਲਈ ਪੰਜਾਬ ਨੂੰ 1500 ਕਰੋੜ ਦਿੱਤਾ ਜਾਏ । ਬੀ ਐਸ ਐਫ ਅਤੇ ਪੰਜਾਬ ਪੁਲਸ ਦੇ ਨਵੀਨਿਕਰਣ ਲਈ 1000 ਕਰੋੜ ਦੀ ਮੰਗ ਰੱਖੀ ਗਈ ਸੀ , ਪਰ ਮੋਦੀ ਸਰਕਾਰ ਨੇ ਫਿਰ ਮਤਰੇਈ ਮਾਂ ਵਾਂਗ ਵਤੀਰਾ ਕੀਤਾ । ਜਦ ਪੰਜਾਬ ਇਹ ਮੰਗ ਕਰਦਾ ਹੈ ਕਿ ਪੰਜਾਬ ਦਾ ਅਟਾਰੀ ਬਾਰਡਰ ਵਪਾਰ ਲਈ ਖੋਲਿਆ ਜਾਏ ,ਉਸ ਵੇਲੇ ਸੁਰੱਖਿਆ ਦੇ ਨਾਂਅ 'ਤੇ ਇਹ ਮੰਗ ਠੁਕਰਾ ਦਿੱਤੀ ਜਾਂਦੀ ਹੈ । ਪਰ ਸੁਰੱਖਿਆ ਨੂੰ ਜਦੋਂ ਬੇਹਤਰ ਬਣਾਉਣ ਲਈ ਕੇਂਦਰ ਵੱਲੋਂ ਮਦੱਦ ਮੰਗੀ ਜਾਂਦੀ ਹੈ ਤਾਂ ਪੰਜਾਬ ਦੇ ਪੱਲੇ ਕੁਝ ਨਹੀਂ ਪਾਇਆ ਜਾਂਦਾ । ਹੁਣ ਜਦ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਧੀਆ ਫੈਸਲੇ ਲੈ ਰਹੀ ਹੈ, ਮੋਦੀ ਸਰਕਾਰ ਵੱਲੋਂ ਫੇਰ ਅੜਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਚੋਣ ਪ੍ਰਚਾਰ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ ਦੋ ਮਹੀਨੇ ਦੇ 600 ਯੂਨਿਟ ਬਿਜਲੀ ਦਾ ਕੋਈ ਬਿੱਲ ਨਹੀਂ ਆਏਗਾ। ਸਰਕਾਰ ਬਣਨ ਤੋਂ ਬਾਅਦ ਮਾਨ ਨੇ ਵਾਅਦਾ ਪੂਰਾ ਵੀ ਕੀਤਾ। ਪਿਛਲੇ ਬਿਜਲੀ ਦੇ ਬਿੱਲ ਵਿੱਚ ਤਕਰੀਬਨ 92 ਪ੍ਰਤਿਸਤ ਲੋਕਾਂ ਦੇ ਬਿੱਲ ਸਿਫਰ ਆਏ ਜਾਂ ਬਹੁਤ ਹੀ ਘੱਟ ਆਏ । ਪੰਜਾਬੀਆਂ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਪਰ ਭਾਜਪਾ ਨੂੰ ਇਹ ਅੱਖੀਂ ਰੜਕਣ ਲੱਗ ਪਿਆ । ਮਾਨ ਸਰਕਾਰ ਦੀ ਸਾਫ ਨੀਅਤ ਦੀ ਕੋਸ਼ਿਸ਼ ਸਦਕਾ ਝਾਰਖੰਡ ਦੀ ਪਛਵਾੜਾ ਕੇਂਦਰੀ ਖੱਡ ਤੋਂ ਕੋਲੇ ਦੀ ਆਮਦ ਅੱਠ ਸਾਲ ਬਾਅਦ ਮੁੜ ਬਹਾਲ ਹੋਈ । ਇਸ ਖੱਡ ਦੇ ਖੁੱਲਣ ਨਾਲ ਪੰਜਾਬ ਬਿਜਲੀ ਨਿਗਮ ਨੂੰ ਹਰ ਵਰ੍ਹੇ ਤਕਰੀਬਨ 1000 ਕਰੋੜ ਰੁਪਏ ਦੀ ਬੱਚਤ ਹੋਵੇਗੀ । ਪਰ ਮੋਦੀ ਸਰਕਾਰ ਨੇ ਫੇਰ ਮਤਰੇਈ ਮਾਂ ਵਾਂਗ ਵਤੀਰਾ ਕੀਤਾ। ਝਾਰਖੰਡ ਦੀ ਖੱਡ ਤੋਂ ਪੰਜਾਬ ਨੂੰ ਕੋਲਾ ਰੇਲ ਮਾਰਗ ਰਾਹੀਂ ਭੇਜਿਆ ਜਾਂਦਾ ਹੈ। ਪਰ ਹੁਣ ਕੇਂਦਰੀ ਊਰਜਾ ਮੰਤਰੀ ਨੇ ਹੁਕਮ ਦਿੱਤਾ ਹੈ ਕਿ ਪੰਜਾਬ ਨੂੰ ਕੋਲਾ "ਰੇਲ - ਕਿਸ਼ਤੀ - ਰੇਲ ਮਾਰਗ ਰਾਹੀਂ ਭੇਜਿਆ ਜਾਵੇਗਾ। ਇਸ ਤਰੀਕੇ ਨਾਲ ਪੰਜਾਬ ਨੂੰ ਬਹੁਤ ਵਿੱਤੀ ਨੁਕਸਾਨ ਹੋਵੇਗਾ। ਇਸ ਨਾਲ ਕੋਲੇ ਦੀ ਕੀਮਤ ਵਿੱਚ ਤਕਰੀਬਨ ਤਿੰਨ ਗੁਣਾ ਦਾ ਵਾਧਾ ਹੋਵੇਗਾ ਅਤੇ ਜਿਥੇ ਰੇਲ ਮਾਰਗ ਰਾਹੀਂ ਕੋਲਾ ਪੰਜਾਬ ਵਿੱਚ 5 ਤੋਂ 6 ਦਿਨ ਦੇ ਅੰਦਰ ਪਹੁੰਚ ਜਾਂਦਾ ਸੀ, ਉਥੇ ਹੀ " ਰੇਲ ਕਿਸ਼ਤੀ ਰੇਲ ਮਾਰਗ" ਰਾਹੀਂ ਇਹ 20 ਤੋਂ 25 ਦਿਨਾਂ ਵਿੱਚ ਪੁੱਜੇਗਾ । ਪਹਿਲਾਂ ਇਹ ਸਫਰ ਤਕਰੀਬਨ 1800 ਕਿਲੋਮੀਟਰ ਸੀ , ਫਿਰ ਇਹ 5800 ਕਿਲੋਮੀਟਰ ਹੋ ਜਾਏਗਾ ਅਤੇ ਜਿਸ ਬੰਦਰਗਾਹ ਰਾਹੀਂ ਭੇਜਿਆ ਜਾਵੇਗਾ, ਉਹ ਮੋਦੀ ਦਾ ਚਹੇਤਾ ਅਦਾਨੀ ਦਾ ਬੰਦਰਗਾਹ ਹੈ । ਯਾਨੀ , ਸਾਰੀ ਦੁਨੀਆਂ ਇੱਕ ਪਾਸੇ , ਭਾਜਪਾ ਦੇ ਚਹੇਤੇ ਇਕ ਪਾਸੇ । ਪ੍ਰਧਾਨ ਮੰਤਰੀ ਨੂੰ ਇਹ ਅਪੀਲ ਹੈ ਕਿ ਉਹ ਲੋਕ ਹਿੱਤ ਵਿੱਚ ਫੈਸਲੇ ਲੈਣ ਨਾ ਕਿ ਲੋਕ ਵਿਰੋਧੀ । ਭਾਰਤ ਦੇ ਹਰ ਸੂਬੇ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਫੈਸਲਾ ਲੈਣਾ ਚਾਹੀਦਾ ਹੈ। ਪੰਜਾਬ ਨਾਲ ਮਤਰੇਈ ਮਾਂ ਵਾਲਾ ਵਿਹਾਰ ਬੰਦ ਹੋਣਾ ਚਾਹੀਦਾ ਹੈ ।

# ਡਿਵਾਈਨ ਪਬਲਿਕ ਸਕੂਲ 'ਚ ਬੈਡਮਿੰਟਨ ਤੇ ਲਾਅਨ ਟੈਨਿਸ ਦੇ ਅੰਡਰ-14 ਮੁਕਾਬਲੇ



**ਫਗਵਾੜਾ (ਡਾ. ਰਮਨ)**

ਡਿਵਾਈਨ ਪਬਲਿਕ ਸਕੂਲ ਫਗਵਾੜਾ ਵਿਖੇ ਬੈਡਮਿੰਟਨ ਤੇ ਲਾਅਨ ਟੈਨਿਸ ਦੇ ਅੰਡਰ-14 ਮੁਕਾਬਲੇ ਸਕੂਲ ਪ੍ਰਿੰਸੀਪਲ ਰੇਨੂੰ ਠਾਕੁਰ ਦੀ ਅਗਵਾਈ ਹੇਠ ਕਰਵਾਏ ਗਏ। ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਸਕੂਲ ਚੇਅਰਮੈਨ ਪੰਕਜ ਕਪੂਰ ਮੌਜੂਦ ਰਹੇ। ਜੇਤੂ ਵਿਦਿਆਰਥੀਆਂ ਨੂੰ ਬਤੌਰ ਇਨਾਮ ਬੈਡਮਿੰਟਨ ਅਤੇ ਲਾਅਨ ਟੈਨਿਸ ਰੈਕੇਟ ਭੇਂਟ ਕਰਦਿਆਂ ਚੇਅਰਮੈਨ ਪੰਕਜ ਕਪੂਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੜ੍ਹਾਈ ਦੇ ਨਾਲ ਹੀ ਜੀਵਨ ਵਿੱਚ ਖੇਡਾਂ ਦਾ ਵੀ ਖਾਸ ਮਹੱਤਵ ਹੈ। ਖੇਡਾਂ ਨਾਲ ਜਿੱਥੇ ਸਰੀਰਿਕ ਕਸਰਤ ਹੁੰਦੀ ਹੈ ਉੱਥੇ ਹੀ ਬੌਧਿਕ ਵਿਕਾਸ ਵੀ ਹੁੰਦਾ ਹੈ। ਉਹਨਾਂ ਡੀ.ਪੀ.ਈ. ਅਰਚਨਾ ਸਵਾਤੀ ਅਤੇ ਕੋਚ ਸੁਰਿੰਦਰ ਕੁਮਾਰ ਨੂੰ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਜਿਆਦਾ ਤੋਂ ਜਿਆਦਾ ਪ੍ਰੈਕਟਿਸ ਕਰਵਾਈ ਜਾਵੇ ਤਾਂ ਜੋ ਉਹ ਬਲਾਕ ਤੇ ਜ਼ਿਲ੍ਹਾ ਹੀ ਨਹੀਂ ਬਲਕਿ ਸੂਬਾ ਪੱਧਰ 'ਤੇ ਵੀ ਵਧੀਆ ਪ੍ਰਦਰਸ਼ਨ ਕਰਨ ਦੇ ਯੋਗ ਬਣਨ। ਪ੍ਰਿੰਸੀਪਲ ਰੇਨੂੰ ਠਾਕੁਰ ਨੇ ਕਿਹਾ ਕਿ ਖੇਡ ਮੁਕਾਬਲੇ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿਚ ਰਹਿਣ ਅਤੇ ਜੀਵਨ ਦੇ ਸੰਘਰਸ਼ਾਂ ਦਾ ਸਾਹਮਣਾ ਕਰਨ ਦੀ ਪ੍ਰੇਰਣਾ ਦੇਣਾ ਹੈ। ਇਸ ਮੌਕੇ ਸਮੂਹ ਸਕੂਲ ਸਟਾਫ ਹਾਜਰ ਸੀ।

# ਸਿਆਲਬਾ ਵਿਖੇ ਉਰਸ-ਮੇਲੇ ਮੌਕੇ ਕਬੱਡੀ ਟੂਰਨਾਮੈਂਟ ਤੇ ਸੱਭਿਆਚਰਕ ਪ੍ਰੋਗਰਾਮ

**ਕੁਰਾਲੀ (ਮੋਹਨ ਅੱਗਰਵਾਲ ਜੋਗਾ)**

ਪਿੰਡ ਸਿਆਲਬਾ ਵਿਖੇ ਪੀਰ ਬਾਬਾ ਨੱਥਨ ਸ਼ਾਹ ਦੇ ਦਰਬਾਰ ਵਿੱਚ 50ਵਾਂ ਉਰਸ-ਮੇਲਾ ਨੱਥਨ ਸ਼ਾਹ ਸਭਾ ਸਿਆਲਬਾ ਵੱਲੋਂ ਕਰਵਾਇਆ। ਜਿਸ ਵਿੱਚ ਪਹਿਲੇ ਪੜਾਅ ਦੌਰਾਨ ਇੱਕ ਪਿੰਡ ਉਪਨ ਦਾ ਕਬੱਡੀ ਟੂਰਨਾਮੈਂਟ ਹੋਇਆ,ਜਿਸ ਵਿੱਚ ਧਨਾਸ ਚੰਡੀਗੜ੍ਹ ਦੀ ਟੀਮ ਨੇ ਸੋਹਾਣਾ ਟੀਮ ਨੂੰ ਹਰਾ ਕੇ ਟਰਾਫੀ ਜਿੱਤੀ। ਲੜਕੀਆਂ ਦੇ ਹੋਏ ਸ਼ੋਅ ਮੈਚ ਦੌਰਾਨ ਫਿਲੌਰ ਅਕੈਡਮੀ ਦੀਆਂ ਕੁੜੀਆਂ ਨੇ ਚਮਕੌਰ ਸਾਹਿਬ ਦੀਆਂ ਕੁੜੀਆਂ ਨੂੰ ਹਰਾ ਕੇ ਬਾਜ਼ੀ ਮਾਰੀ। ਨੈਸ਼ਨਲ 60 ਕਿੱਲੋ ਵਜਨ ਵਰਗ ਦਾ ਮੁਕਾਬਲਾ ਸੈਣੀਮਾਜਰਾ ਤੇ ਕੁੱਬਾਹੇੜੀ ਵਿਚਕਾਰ ਸ਼ੋਅ ਮੈਚ ਖੇਡਿਆ ਗਿਆ। ਇੰਟਰਨੈਸ਼ਨਲ ਰੈਫਰੀ ਮਾਸਟਰ ਬਲਜੀਤ ਸਿੰਘ ਰਤਨਗੜ੍ਹ ਦਾ ਵਿਸ਼ੇਸ਼ ਸਨਮਾਨ ਹੋਇਆ। ਦੂਜੇ ਪੜਾਅ ਦੌਰਾਨ ਹੋਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਗਾਇਕ ਜੋੜੀ ਗੁਰਮੀਤ ਮਾਨ ਮਿਸ ਪ੍ਰੀਤ ਪਾਇਲ,ਉਮਿੰਦਰ ਉਮਾ,ਗੁਰਪ੍ਰੀਤ ਕੌਰ ਸੋਨੀ,ਰਤਨਬਾਈ,ਲਖਵੀਰ ਰਿਕੂ,ਹਰਮਨ ਸਹੋਤਾ,ਮੁਲਤਾਨ ਕੁਰੈਸ਼ੀ ਤੇ ਗਾਇਕ ਜੋੜੀ ਲਖਵੀਰ ਲੱਖਾ ਤੇ ਜਸਪਰੀਤ ਕੌਰ ਸੋਨੀ ਰੋਪੜ ਨੇ ਆਪਣੇ ਗੀਤਾਂ ਦੀ ਪੇਸ਼ਕਾਰੀ ਕੀਤੀ। ਸਟੇਜੀ ਕਾਰਵਾਈ ਪਿੰਕਾ ਸਾਬਰੀ ਨੇ ਨਿਭਾਈ। ਕੱਵਾਲ ਸ਼ਮਸ਼ਾਦ ਅਮੀਰ ਅਲੀ ਸਹਾਰਨਪੁਰ ਯੂਪੀ ਨੇ ਕੱਵਾਲੀਆਂ ਪੇਸ਼ ਕਰਦਿਆਂ ਯੂਪੀ ਤੋਂ ਆਏ ਡੇਢ ਦਰਜ਼ਨ ਦਰਵੇਸ਼ਾਂ ਨੂੰ ਝੂਮਣ ਲਗਾ ਦਿੱਤਾ। ਕਮੇਟੀ ਪ੍ਰਧਾਨ ਜਮੀਲ ਖਾਨ ਪੱਪੀ,ਸੈਕਟਰੀ ਖਲੀਫਾ ਫਕੀਰ ਮੁਹੰਮਦ ਸਾਬਰੀ,ਪ੍ਰਧਾਨ ਮੰਗਤ ਖਾਨ, ਬਾਬਾ ਅਬਦੁਲ ਸਤਾਰ ਤੇ ਮੰਗਾ ਖਾਨ ਨੇ ਸਭਨਾਂ ਸਹਿਯੋਗੀਆਂ ਨੂੰ ਸਨਮਾਨਤ ਕੀਤਾ। ਵਿਸ਼ੇਸ਼ ਮਹਿਮਾਨਾਂ ਵਿੱਚ ਸਮਾਜਸੇਵੀ ਹੈਪੀ ਮਲਿਕ,ਕਾਂਗਰਸ ਦੇ ਹਲਕਾ ਖਰੜ ਤੋਂ ਇੰਚਾਰਜ ਵਿਜੇ ਸ਼ਰਮਾ ਟਿੰਕੂ,ਬਾਬਾ ਅਮਰਜੀਤ ਸਿੰਘ ਗੁਰਦੁਆਰਾ ਸ਼ੀਸ਼ ਮਹਿਲ ਸਿੱਸਵਾਂ,ਸਾਬਕਾ ਬਲਾਕ ਸਮਿਤੀ ਮੈਂਬਰ ਕਮਲਜੀਤ ਕੌਰ ਭਗਤ ਮਾਜਰਾ ਤੇ ਸਾਬਕਾ ਵਿਧਾਇਕ ਜਥੇਦਾਰ ਉਜਾਗਰ ਸਿੰਘ ਬਡਾਲੀ, ਰਣਧੀਰ ਸਿੰਘ ਪਲਹੇੜੀ,ਪ੍ਰਧਾਨ ਕੁਸ਼ਲਪਾਲ ਰਾਣਾ ਖਿਜਰਾਬਾਦ ਆਦਿ ਸ਼ਾਮਲ ਹੋਏ। ਇਸ ਮੌਕੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।



# ਜੀ ਡੀ ਗੋਇਨਕਾ ਸਕੂਲ ਵਿਖੇ ਹੋਣਹਾਰ ਵਿਦਿਆਰਥੀ ਸਨਮਾਨਿਤ

**ਕਪੂਰਥਲਾ, (ਹਨੀ )**

ਜੀ.ਡੀ.ਗੋਇਨਕਾ ਇੰਟਰਨੈਸ਼ਨਲ ਸਕੂਲ ਵਿਖੇ ਸਿੱਖਿਆ, ਖੇਡਾਂ ਅਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਸਕੱਤਰ ਪਰਮਿੰਦਰ ਕੌਰ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ । ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਸਨਮਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਭਰਪੂਰ ਪ੍ਰਸੰਸਾ ਕੀਤੀ । ਇਸ ਮੌਕੇ ਸੁਖਦੇਵ ਨਾਨਕਪੁਰ ਨੇ ਕਿਹਾ ਵੱਖ ਵੱਖ ਖੇਤਰਾਂ ਵਿਚ ਸਕੂਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ । ਵਿਦਿਅਕ ਅਦਾਰੇ, ਸਟਾਫ਼ ਮੈਂਬਰਾਂ ਅਤੇ ਬੱਚਿਆਂ ਦੇ ਮਾਪਿਆਂ ਲਈ ਵੱਡੇ ਮਾਣ ਵਾਲੀ ਗੱਲ ਹੈ । ਇਸ ਦੌਰਾਨ ਵਿਦਿਆਰਥੀਆਂ ਨੂੰ 9000 ਦੇ ਕਰੀਬ ਦੀ ਨਗਦ ਰਾਸ਼ੀ ਇਨਾਮ ਵਜੋਂ ਵੰਡੀ ਗਈ।

